2-APRIL-PAGE-1.qxd 4/1/2025 8:46 PM Page 1

ਬੁੱਧਵਾਰ, 2 ਅਪ੍ਰੈਲ, 2025
20 ਚੇਤ {ਨਾਨਕਸ਼ਾਹੀ 557 / ਬਿਕਰਮੀ 2082}
ਜਿਲਦ/VOL. : 73
ਅੰਕ/NO. : 301

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • WEDNESDAY, 2 APRIL, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਪਟਾਕਾ ਫੈਕਟਰੀ 'ਚ ਬਾਇਲਰ ਫਟਣ ਨਾਲ 18 ਵਰਕਰਾਂ ਦੀ ਜਾਨ ਗਈ

**ਪਾਲਨਪੁਰ :** ਗੁਜਰਾਤ ਦੇ ਬਾਨਾਸਕਾਂਠਾ ਜ਼ਿਲ੍ਹੇ ਦੀ ਪਟਾਕਾ ਫੈਕਟਰੀ ਵਿੱਚ ਬਾਇਲਰ ਫਟਣ ਕਾਰਨ ਮੱਧ ਪ੍ਰਦੇਸ਼ ਦੇ 18 ਵਰਕਰਾਂ ਦੀ ਮੌਤ ਹੋ ਗਈ ਤੇ 7 ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ 3 ਦੀ ਹਾਲਤ ਗੰਭੀਰ ਸੀ। ਵਰਕਰ ਦੋ ਦਿਨ ਪਹਿਲਾਂ ਹੀ ਫੈਕਟਰੀ ਵਿੱਚ ਆਏ ਸਨ। ਡੀਸਾ ਸ਼ਹਿਰ ਦੀ ਧੁਨਵਾ ਰੋਡ 'ਤੇ ਫੈਕਟਰੀ ਦੇ ਕੁਝ ਹਿੱਸੇ ਅੱਗ ਲੱਗਣ ਕਾਰਨ ਡਿੱਗ ਗਏ। ਵਰਕਰਾਂ ਨੂੰ ਭੱਜਣ ਦਾ ਮੌਕਾ ਨਹੀਂ ਮਿਲਿਆ। ਧਮਾਕਾ ਏਨਾ ਸ਼ਕਤੀਸ਼ਾਲੀ ਸੀ ਕਿ ਕਈ ਮਜ਼ਦੂਰਾਂ ਦੇ ਅੰਗ ਕਰੀਬ 50 ਮੀਟਰ ਦੂਰ ਤੱਕ ਜਾ ਕੇ ਡਿੱਗੇ। ਮੁਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਖ਼ੂਬ ਚੰਦ ਸਿੰਧੀ ਦੀ ਦੀਪਕ ਟਰੇਡਰਜ਼ ਨਾਂਅ ਦੀ ਫੈਕਟਰੀ ਕੋਲ ਪਟਾਕੇ ਵੇਚਣ ਦਾ ਲਸੰਸ ਸੀ, ਬਣਾਉਣ ਦਾ ਨਹੀਂ, ਪਰ ਉਥੇ ਪਟਾਕੇ ਬਣਾਏ ਜਾ ਰਹੇ ਸਨ।

## ਨਾਈਟਰੋਜਨ ਗੈਸ ਲੀਕ ਹੋਣ ਨਾਲ 3 ਮੌਤਾਂ

**ਜੈਪੁਰ :** ਰਾਜਸਥਾਨ ਦੇ ਬੇਵਰ ਜ਼ਿਲ੍ਹੇ ਵਿੱਚ ਬਾਡੀਆ ਖੇਤਰ ਦੀ ਕੈਮੀਕਲ ਫੈਕਟਰੀ ਵਿੱਚ ਖੜ੍ਹੇ ਟੈਂਕਰ ਤੋਂ ਸੋਮਵਾਰ ਰਾਤ ਨਾਈਟਰੋਜਨ ਗੈਸ ਲੀਕ ਹੋਣ ਕਾਰਨ 3 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਬਿਮਾਰ ਹੋ ਗਏ। ਫੈਕਟਰੀ ਮਾਲਕ ਸੁਨੀਲ ਸਿੰਘਲ (47) ਦੀ ਰਾਤ ਨੂੰ ਹੀ ਮੌਤ ਹੋ ਗਈ, ਜਦੋਂ ਕਿ ਦਯਾਰਾਮ (52) ਅਤੇ ਨਰਿੰਦਰ ਸੋਲੰਕੀ ਦੀ ਮੰਗਲਵਾਰ ਨੂੰ ਮੌਤ ਹੋ ਗਈ। ਇਲਾਕੇ ਦੇ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ, ਛਾਤੀ ਵਿੱਚ ਭਾਰੀਪਨ ਅਤੇ ਉਲਟੀਆਂ ਦੀ ਸ਼ਿਕਾਇਤ ਤੋਂ ਬਾਅਦ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਫੈਕਟਰੀ ਦੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਖਾਲੀ ਕਰਵਾ ਲਿਆ ਗਿਆ ਸੀ।

## ਮਾਲ ਗੱਡੀਆਂ ਦੀ ਸਿੱਧੀ ਟੱਕਰ 'ਚ ਦੋ ਡਰਾਈਵਰਾਂ ਦੀ ਮੌਤ



**ਰਾਂਚੀ :** ਝਾਰਖੰਡ ਦੇ ਸਾਹਿਬਗੰਜ ਜ਼ਿਲ੍ਹੇ ਵਿੱਚ ਬਰਹੈਤ ਥਾਣਾ ਖੇਤਰ ਦੇ ਭੋਗਨਾਡੀਹ ਨੇੜੇ ਮੰਗਲਵਾਰ ਤੜਕੇ 3 ਵਜੇ ਦੇ ਕਰੀਬ ਦੋ ਮਾਲ ਗੱਡੀਆਂ ਦੀ ਸਿੱਧੀ ਟੱਕਰ ਵਿੱਚ ਦੋ ਡਰਾਈਵਰਾਂ ਦੀ ਮੌਤ ਹੋ ਗਈ ਅਤੇ 4 ਹੋਰ ਜ਼ਖ਼ਮੀ ਹੋ ਗਏ। ਪੂਰਬੀ ਰੇਲਵੇ ਦੇ ਬੁਲਾਰੇ ਕੌਸ਼ਿਕ ਮਿੱਤਰਾ ਨੇ ਦੱਸਿਆ ਕਿ ਮਾਲ ਗੱਡੀਆਂ ਅਤੇ ਪਟੜੀਆਂ ਐੱਨ ਟੀ ਪੀ ਸੀ ਦੀਆਂ ਹਨ। ਇਨ੍ਹਾਂ ਰਾਹੀਂ ਇਸ ਦੇ ਪਾਵਰ ਪਲਾਂਟਾਂ ਤੱਕ ਕੋਲੇ ਦੀ ਢੋਆ-ਢੁਆਈ ਕੀਤੀ ਜਾਂਦੀ ਹੈ। ਇਸ ਦਾ ਭਾਰਤੀ ਰੇਲਵੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਂਜ ਰੇਲਵੇ ਵੱਲੋਂ ਹਰ ਲੋੜੀਂਦੀ ਮਦਦ ਕੀਤੀ ਜਾ ਰਹੀ ਹੈ।

## ਪੰਜਾਬੀ ਵਾਧੂ ਵਿਸ਼ੇ ਦੀ ਪ੍ਰੀਖਿਆ 24-25 ਨੂੰ

**ਮੁਹਾਲੀ (ਗੁਰਜੀਤ ਬਿੱਲਾ)**-ਪੰਜਾਬ ਸਕੂਲ ਸਿੱਖਿਆ ਬੋਰਡ ਪੰਜਾਬੀ ਵਾਧੂ ਵਿਸ਼ਾ ਸਾਲ 2025 ਦੀ ਪਹਿਲੀ ਤਿਮਾਹੀ ਦੀ ਪ੍ਰੀਖਿਆ 24-25 ਅਪ੍ਰੈਲ ਨੂੰ ਲਵੇਗਾ। ਪ੍ਰੀਖਿਆ ਫਾਰਮ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਉਪਲੱਬਧ ਹੋਣਗੇ।ਆਨਲਾਈਨ ਪ੍ਰੀਖਿਆ ਫਾਰਮ ਹਰ ਪੱਖੋਂ ਮੁਕੰਮਲ ਕਰਨ ਉਪਰੰਤ 17 ਅਪ੍ਰੈਲ ਤੱਕ ਬੋਰਡ ਦੀ ਪ੍ਰੀਖਿਆ ਸ਼ਾਖਾ ਦਸਵੀਂ ਦੇ ਫਾਰਮ ਸੈਕਸ਼ਨ, ਮੁੱਖ ਦਫ਼ਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਵਿਖੇ ਪ੍ਰਾਪਤ ਕੀਤੇ ਜਾਣਗੇ ਰੋਲ ਨੰਬਰ ਬੋਰਡ ਦੀ ਵੈੱਬਸਾਈਟ 'ਤੇ 22 ਅਪ੍ਰੈਲ ਤੋਂ ਉਪਲੱਬਧ ਹੋਣਗੇ।ਪ੍ਰੀਖਿਆ ਫਾਰਮ ਜਮ੍ਹਾਂ ਕਰਵਾਉਣ ਸਮੇਂ ਸੰਬੰਧਤ ਪ੍ਰੀਖਿਆਰਥੀ ਆਪਣੇ ਦਸਵੀਂ ਪਾਸ ਦਾ ਅਸਲ ਸਰਟੀਫਿਕੇਟ, ਫੋਟੋ ਪਹਿਚਾਣ ਪੱਤਰ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਨਾਲ ਲੈ ਕੇ ਆਉਣ ਨਿਰਧਾਰਤ ਮਿਤੀ ਤੱਕ ਪ੍ਰੀਖਿਆ ਫਾਰਮ ਦੀ ਤਸਦੀਕਸ਼ੁਦਾ ਹਾਰਡ ਕਾਪੀ, ਦਸਵੀਂ ਪਾਸ ਦੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਅਤੇ ਆਧਾਰ ਕਾਰਡ ਦੀ ਫੋਟੋ ਕਾਪੀ ਨੂੰ ਮੁੱਖ ਦਫ਼ਤਰ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।ਅਜਿਹਾ ਨਾ ਕਰਨ 'ਤੇ ਸੰਬੰਧਤ ਪ੍ਰੀਖਿਆਰਥੀ ਦਾ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਸੰਬੰਧਤ ਪ੍ਰੀਖਿਆਰਥੀ ਦੀ ਹੋਵੇਗੀ।

## ਵਟਸਐਪ ਵੱਲੋਂ ਫਰਵਰੀ 'ਚ 97 ਲੱਖ ਖਾਤੇ ਬੰਦ

**ਨਵੀਂ ਦਿੱਲੀ :** ਵਟਸਐਪ ਨੇ ਭਾਰਤ ਵਿਚ ਫਰਵਰੀ ਮਹੀਨੇ ਦੌਰਾਨ 97 ਲੱਖ ਖਾਤੇ ਬੰਦ ਕਰ ਦਿੱਤੇ ਹਨ। ਇਨ੍ਹਾਂ ਖਾਤਾਧਾਰਕਾਂ 'ਤੇ ਇਤਰਾਜ਼ਯੋਗ ਸਮੱਗਰੀ ਅੱਗੇ ਪ੍ਰਸਾਰਤ ਕਰਨ ਦੇ ਦੋਸ਼ ਲੱਗੇ ਹਨ। ਇਨ੍ਹਾਂ ਵਿੱਚੋਂ 14 ਲੱਖ ਖਾਤਿਆਂ 'ਤੇ ਗੈਰਕਾਨੂੰਨੀ ਕਾਰਵਾਈਆਂ ਕਰਨ ਦੇ ਦੋਸ਼ ਹੇਠ ਪਹਿਲਾਂ ਹੀ ਰੋਕ ਲਾ ਦਿੱਤੀ ਗਈ ਸੀ। ਮੈਟਾ ਦੀ ਮਾਲਕੀ ਵਾਲੀ ਕੰਪਨੀ ਨੇ ਆਪਣੀ ਮਹੀਨਾਵਾਰ ਰਿਪੋਰਟ ਜਾਰੀ ਕਰਕੇ ਵਟਸਐਪ ਖਾਤਾਧਾਰਕਾਂ ਨੂੰ ਨੇਮਾਂ ਦਾ ਪਾਲਣ ਕਰਨ ਦੀ ਵੀ ਸਲਾਹ ਦਿੱਤੀ ਹੈ। ਉਸ ਨੇ ਕਿਹਾ ਕਿ ਕਿਸੇ ਵੀ ਭੜਕਾਊ ਸੰਦੇਸ਼ ਨੂੰ ਬਲਕ ਵਿੱਚ ਅੱਗੇ ਨਾ ਭੇਜਿਆ ਜਾਵੇ ਤੇ ਇਸ ਦੀ ਸਚਾਈ ਦੀ ਘੋਖ ਕੀਤੀ ਜਾਵੇ। ਵਟਸਐਪ ਦੇ ਬੁਲਾਰੇ ਨੇ ਕਿਹਾ ਕਿ ਉਹ ਆਰਟੀਫੀਸ਼ੀਅਲ ਇੰਟੈਲੀਜੈਂਸ, ਮਾਹਰਾਂ ਤੇ ਹੋਰ ਨਵੀਨਤਮ ਤਕਨਾਲੋਜੀਆਂ ਦੀ ਮਦਦ ਲੈ ਰਹੇ ਹਨ ਤਾਂ ਕਿ ਇਸ ਪਲੇਟਫਾਰਮ 'ਤੇ ਖਾਤਾਧਾਰਕਾਂ ਦੀ ਨਿੱਜਤਾ ਪ੍ਰਭਾਵਤ ਨਾ ਹੋਵੇ ਤੇ ਉਹ ਸੁਰੱਖਿਅਤ ਰਹਿਣ।

# ਚਮਤਕਾਰੀ ਪਾਦਰੀ ਨਾਲ ਚਮਤਕਾਰ

## ਜਬਰ-ਜ਼ਨਾਹ ਦੇ ਕੇਸ 'ਚ ਉਮਰ ਕੈਦ ਦੀ ਸਜ਼ਾ



**ਮੁਹਾਲੀ (ਗੁਰਜੀਤ ਬਿੱਲਾ)**

ਇੱਥੋਂ ਦੀ ਅਦਾਲਤ ਨੇ 2018 ਦੇ ਜਬਰ-ਜ਼ਨਾਹ ਮਾਮਲੇ ਵਿੱਚ ਪਾਦਰੀ ਬਜਿੰਦਰ ਸਿੰਘ ਨੂੰ ਮੰਗਲਵਾਰ ਉਮਰ ਕੈਦ ਦੀ ਸਜ਼ਾ ਸੁਣਾਈ। ਪਾਦਰੀ ਅਦਾਲਤ 'ਚ ਗਿੜਗਿੜਾਇਆ ਅਤੇ ਕਿਹਾ ਕਿ ਉਸ ਦੇ ਬੱਚੇ ਛੋਟੇ ਹਨ, ਪਤਨੀ ਬਿਮਾਰ ਹੈ, ਉਹ ਸੋਸ਼ਲ ਬੰਦਾ ਹੈ ਤੇ ਉਸ ਦੀ ਲੱਤ 'ਚ ਰਾਡ ਪਈ ਹੋਈ ਹੈ, ਪਰ ਅਦਾਲਤ ਨੇ ਬਖ਼ਸ਼ਿਆ ਨਹੀਂ। ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਨੇ ਬਾਕੀ ਮੁਲਜ਼ਮਾਂ ਅਕਬਰ ਭੱਟੀ, ਰਾਜੇਸ਼ ਚੌਧਰੀ, ਜਤਿੰਦਰ ਕੁਮਾਰ, ਸਿਤਾਰ ਅਲੀ ਅਤੇ ਸੰਦੀਪ ਉਰਫ ਪਹਿਲਵਾਨ ਨੂੰ ਸਬੂਤਾਂ ਦੀ ਘਾਟ ਕਾਰਨ ਪਹਿਲਾਂ ਹੀ ਬਰੀ ਕਰ ਦਿੱਤਾ ਸੀ, ਜਦੋਂ ਕਿ ਇਕ ਮੁਲਜ਼ਮ ਸੁੱਚਾ ਸਿੰਘ ਦੀ ਅਦਾਲਤੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ।

ਫੈਸਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਪੀੜਤਾ ਨੇ ਕਿਹਾ, "ਉਹ (ਬਜਿੰਦਰ) ਮਨੋਰੋਗੀ ਹੈ ਅਤੇ ਜੇਲ੍ਹ ਵਿੱਚੋਂ ਬਾਹਰ ਆ ਕੇ ਫਿਰ ਅਜਿਹੀ ਹਰਕਤ ਕਰੇਗਾ, ਇਸ ਕਰਕੇ ਮੈਂ ਚਾਹੁੰਦੀ ਹਾਂ ਕਿ ਉਸ ਨੂੰ ਜੇਲ੍ਹ ਵਿੱਚ ਹੀ ਰੱਖਿਆ ਜਾਵੇ। ਅੱਜ ਕਈ ਪੀੜਤਾਂ ਦੀ ਜਿੱਤ ਹੋਈ ਹੈ। ਮੈਂ ਡੀ ਜੀ ਪੀ ਨੂੰ ਬੇਨਤੀ ਕਰਦੀ ਹਾਂ ਕਿ ਸਾਡੀ ਸੁਰੱਖਿਆ ਯਕੀਨੀ ਬਣਾਉਣ, ਕਿਉਂਕਿ ਸਾਡੇ 'ਤੇ ਹਮਲਿਆਂ ਦਾ ਅੰਦੇਸ਼ਾ ਹੈ।" ਪੀੜਤਾਂ ਨੇ ਇਸ ਤੋਂ ਪਹਿਲਾਂ ਉਸ ਨੂੰ 20 ਸਾਲ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ। ਪੀੜਤਾ ਦੇ ਵਕੀਲ ਅਨਿਲ ਸਾਗਰ ਨੇ ਫਾਜ਼ਲ ਜੱਜ ਤੋਂ ਪਾਦਰੀ ਨੂੰ ਇਬਰਤਨਾਕ ਸਜ਼ਾ ਦੇਣ ਦੀ ਮੰਗ ਕੀਤੀ ਸੀ। ਉਸ ਨੇ ਕਿਹਾ ਸੀ-ਕੇਸ ਦੇ ਹਾਲਾਤ ਮੁਤਾਬਕ ਬਲਾਤਕਾਰ ਲਈ 10 ਤੋਂ 20 ਸਾਲ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਇਸ ਕੇਸ ਵਿੱਚ ਮੈਂ ਵੱਧ ਤੋਂ ਵੱਧ ਸਜ਼ਾ ਦੇਣ ਦੀ ਮੰਗ ਕਰਦਾ ਹਾਂ ਕਿਉਂਕਿ ਇਹ ਬੰਦਾ ਲੋਕਾਂ ਨੂੰ ਧਰਮ ਦੇ ਨਾਂਅ 'ਤੇ ਭਰਮਾਉਂਦਾ ਸੀ। ਇਸ ਲਈ ਇਬਰਤਨਾਕ ਸਜ਼ਾ ਦਾ ਭਾਗੀ ਹੈ। ਮੈਂ ਆਸ ਕਰਦਾ ਹਾਂ ਕਿ ਇਸ ਤੋਂ ਬਾਅਦ ਅਜਿਹੇ ਜੁਰਮਾਂ ਦਾ ਸਾਹਮਣਾ ਕਰਨ ਵਾਲੀਆਂ ਹੋਰ ਕੁੜੀਆਂ ਸਾਹਮਣੇ ਆਉਣਗੀਆਂ ਤੇ ਆਪਣੇ ਨਾਲ ਹੋਏ ਜ਼ੁਲਮਾਂ ਬਾਰੇ ਦੱਸਣਗੀਆਂ।

ਇਸ ਸੰਬੰਧੀ 20 ਅਪਰੈਲ 2018 ਨੂੰ ਜ਼ੀਰਕਪੁਰ ਪੁਲਸ ਸਟੇਸ਼ਨ ਵਿੱਚ ਆਈ ਪੀ ਸੀ ਅਤੇ ਆਈ ਟੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਸੀ। ਪੀੜਤਾ ਨੇ ਪੁਲਸ ਨੂੰ ਦੱਸਿਆ ਸੀ ਕਿ ਉਹ ਇਕ ਢਾਬੇ 'ਤੇ ਪਾਸਟਰ ਬਜਿੰਦਰ ਦੇ ਸੰਪਰਕ ਵਿਚ ਆਈ ਸੀ। ਇਸ ਤੋਂ ਬਾਅਦ ਪਾਸਟਰ ਬਜਿੰਦਰ ਵੱਲੋਂ ਛੱਤ ਵਿਖੇ ਇਕ ਪੈਲੇਸ ਵਿਚ ਕਰਵਾਈ ਜਾਂਦੀ ਮੀਟਿੰਗ ਵਿਚ ਸ਼ਾਮਲ ਹੋ ਕੇ ਪ੍ਰਾਰਥਨਾ ਕਰਦੀ ਸੀ। ਪਾਸਟਰ ਬਜਿੰਦਰ ਸਿੰਘ ਨੇ ਉਸ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਉਹ ਵੀ ਬਤੌਰ ਪਾਸਟਰ ਇਸ ਦਾ ਕਹਿਣਾ ਮੰਨਣ ਲੱਗ ਪਈ। ਸਤੰਬਰ 2017 ਨੂੰ ਸ਼ਾਮ ਸਮੇਂ ਪਾਸਟਰ ਬਜਿੰਦਰ ਨੇ ਉਸ ਨੂੰ ਫੋਨ ਕਰਕੇ ਜ਼ੀਰਕਪੁਰ ਦੇ ਇਕ ਢਾਬੇ ਕੋਲ ਬੁਲਾਇਆ ਅਤੇ ਕਿਹਾ ਕਿ ਉਹ ਆਪਣਾ ਪਾਸਪੋਰਟ ਵੀ ਨਾਲ ਲੈ ਕੇ ਆਵੇ। ਉਹ ਪਾਸਪੋਰਟ ਲੈ ਕੇ ਢਾਬੇ ਕੋਲ ਪਹੁੰਚੀ ਅਤੇ ਪਾਸਟਰ ਬਜਿੰਦਰ ਉਸ ਨੂੰ ਆਪਣੀ ਗੱਡੀ 'ਚ ਬਿਠਾ ਕੇ ਆਪਣੇ ਫਲੈਟ ਵਿਚ ਲੈ ਗਿਆ, ਜਿਥੇ

• ਬਾਕੀ ਸਫਾ 2 'ਤੇ

# ਅਣਮਨੁੱਖੀ ਤੇ ਗੈਰ-ਕਾਨੂੰਨੀ

## ਬੁਲਡੋਜ਼ਰ ਪੀੜਤਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ



**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮੰਗਲਵਾਰ ਯੂ ਪੀ ਸਰਕਾਰ ਅਤੇ ਪ੍ਰਯਾਗਰਾਜ ਡਿਵੈੱਲਪਮੈਂਟ ਅਥਾਰਟੀ ਦੀ ਖਿਚਾਈ ਕੀਤੀ ਅਤੇ ਸ਼ਹਿਰ ਵਿੱਚ ਘਰਾਂ ਨੂੰ ਢਾਹੁਣ ਨੂੰ ਅਣਮਨੁੱਖੀ ਅਤੇ ਗੈਰ-ਕਾਨੂੰਨੀ ਦੱਸਿਆ। ਘਰ ਢਾਹੁਣ ਦੀ ਕਾਰਵਾਈ ਨੂੰ ਵੱਡੇ ਪੱਧਰ 'ਤੇ ਕੀਤੇ ਜਾਣ ਦਾ ਨੋਟਿਸ ਲੈਂਦੇ ਹੋਏ ਜਸਟਿਸ ਅਭੈ ਐੱਸ ਓਕਾ ਅਤੇ ਉੱਜਲ ਭੁਈਆਂ ਦੀ ਬੈਂਚ ਨੇ ਕਿਹਾ ਕਿ ਦੇਸ਼ ਵਿਚ ਕਾਨੂੰਨ ਦਾ ਰਾਜ ਹੈ ਅਤੇ ਨਾਗਰਿਕਾਂ ਦੇ ਰਿਹਾਇਸ਼ੀ ਢਾਂਚੇ ਨੂੰ ਇਸ ਤਰ੍ਹਾਂ ਨਹੀਂ ਢਾਹਿਆ ਜਾ ਸਕਦਾ। ਬੈਂਚ ਨੇ ਕਿਹਾ, 'ਇਹ ਸਾਡੀ ਜ਼ਮੀਰ ਨੂੰ ਝੰਜੋੜਦਾ ਹੈ, ਕਾਨੂੰਨ ਦੀ ਢੁਕਵੀਂ ਪ੍ਰਕਿਰਿਆ ਨਾਂਅ ਦੀ ਕੋਈ ਚੀਜ਼ ਹੁੰਦੀ ਹੈ।'

ਬੈਂਚ ਨੇ ਅਥਾਰਟੀ ਨੂੰ ਛੇ ਹਫਤਿਆਂ ਦੇ ਅੰਦਰ ਹਰੇਕ ਘਰ ਦੇ ਮਾਲਕਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ। ਬੈਂਚ ਨੇ ਪਹਿਲਾਂ ਯੂ ਪੀ ਸਰਕਾਰ ਨੂੰ ਪ੍ਰਯਾਗਰਾਜ ਵਿੱਚ ਢੁਕਵੀਂ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਘਰ ਢਾਹੁਣ ਦੀ ਕਾਰਵਾਈ 'ਤੇ ਫਟਕਾਰ ਲਗਾਈ ਸੀ ਅਤੇ ਕਿਹਾ ਸੀ ਕਿ ਇਸ ਨੇ 'ਹੈਰਾਨ ਕਰਨ ਵਾਲਾ ਅਤੇ ਗਲਤ ਸੰਕੇਤ' ਭੇਜਿਆ ਹੈ। ਪਟੀਸ਼ਨਕਰਤਾਵਾਂ ਦੇ ਵਕੀਲ ਨੇ ਕਿਹਾ ਸੀ ਕਿ ਰਾਜ ਸਰਕਾਰ ਨੇ ਗਲਤੀ ਨਾਲ, ਇਹ ਸਮਝਦੇ ਹੋਏ ਕਿ ਜ਼ਮੀਨ ਗੈਂਗਸਟਰ-ਰਾਜਨੇਤਾ ਅਤੀਕ ਅਹਿਮਦ ਦੀ ਹੈ, ਘਰਾਂ ਨੂੰ ਢਾਹ ਦਿੱਤਾ ਸੀ। ਪਹਿਲਾਂ ਇਲਾਹਾਬਾਦ ਹਾਈ ਕੋਰਟ ਨੇ ਉਸਾਰੀ ਢਾਹੁਣ ਨੂੰ ਚੁਣੌਤੀ ਦੇਣ ਵਾਲੀ ਉਨ੍ਹਾ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ।

## 700 ਤੋਂ ਵੱਧ ਨਵੇਂ ਅਧਿਆਪਕਾਂ ਨੂੰ ਨਿਯੁਕਤੀ ਪੱਤਰ



**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਇੱਥੇ 700 ਤੋਂ ਵੱਧ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੇ ਯੁੱਗ ਦੀ ਸ਼ੁਰੂਆਤ ਹੋ ਚੁੱਕੀ ਹੈ, ਕਿਉਂਕਿ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਕਾਇਆਕਲਪ ਕੀਤੀ ਜਾ ਰਹੀ ਹੈ।

ਉਨ੍ਹਾ ਦੁਹਰਾਇਆ ਕਿ ਸੂਬਾ ਸਰਕਾਰ ਵਿਭਾਗ ਵਿੱਚ ਖਾਲੀ ਪਈਆਂ ਸਾਰੀਆਂ ਅਸਾਮੀਆਂ ਭਰੇਗੀ। ਮਾਨ ਨੇ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਲਈ ਢੁਕਵੀਂ ਵਿਧੀ ਅਪਣਾਈ ਗਈ ਹੈ, ਜਿਸ ਕਰਕੇ ਹੁਣ ਤੱਕ 55,000 ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ, ਪਰ ਇਕ ਵੀ ਨੌਕਰੀ ਨੂੰ ਅਦਾਲਤੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ।ਮਾਨ ਨੇ ਵਿਅੰਗ ਕੱਸਦਿਆਂ ਕਿਹਾ ਕਿ ਇਹ ਬੜੀ ਇਤਫਾਕ ਦੀ ਗੱਲ ਹੈ ਕਿ ਹੁਣ ਨੌਜਵਾਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ, ਪਰ ਜਿਨ੍ਹਾਂ ਨੇ ਇਨ੍ਹਾਂ ਦਾ ਭਵਿੱਖ ਬਰਬਾਦ ਕਰ ਦਿੱਤਾ ਹੈ, ਉਹ ਹੁਣ ਬੇਰੁਜ਼ਗਾਰ ਹਨ ਅਤੇ ਸੱਤਾ ਤੋਂ ਬਾਹਰ ਬੈਠੇ ਹਨ। ਇਸ ਤੋਂ ਪਹਿਲਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਅਤੇ ਹੋਰ ਸ਼ਖਸੀਅਤਾਂ ਦਾ ਸਵਾਗਤ ਕੀਤਾ।

## ਭਲਕ ਦੀ ਮੁਹਾਲੀ ਰੈਲੀ 'ਚ ਹਜ਼ਾਰਾਂ ਮਜ਼ਦੂਰ ਪੁੱਜਣਗੇ : ਬਰਾੜ, ਧਾਲੀਵਾਲ





**ਪਟਿਆਲਾ :** ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ 3 ਅਪ੍ਰੈਲ ਨੂੰ ਲੇਬਰ ਭਵਨ ਮੁਹਾਲੀ ਦੇ ਸਾਹਮਣੇ ਪੰਜਾਬ ਏਟਕ ਦੇ ਸੱਦੇ 'ਤੇ ਘੱਟੋ-ਘੱਟ ਉਜਰਤਾਂ ਵਿੱਚ ਲੰਮੇ ਸਮੇਂ ਤੋਂ ਵਾਧਾ ਨਾ ਕਰਨ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਵਿਸ਼ਾਲ ਰੋਸ ਰੈਲੀ ਦੀਆਂ ਤਿਆਰੀਆਂ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਾਜ਼ਮਾਂ-ਮਜ਼ਦੂਰਾਂ ਵਿੱਚ ਇਸ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਕਿਰਤ ਵਿਭਾਗ ਦੀ ਬੇਰੁਖੀ ਵਿਰੁੱਧ ਬੇਹੱਦ ਗੁੱਸਾ ਪਾਇਆ ਜਾ ਰਿਹਾ ਹੈ, ਜਿਸ ਦਾ ਪ੍ਰਗਟਾਵਾ ਉਹ ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜ ਕੇ ਕਰਨ ਦੇ ਰੌਂਅ ਵਿੱਚ ਨਜ਼ਰ ਆ ਰਹੇ ਹਨ। ਬਰਾੜ ਤੇ ਧਾਲੀਵਾਲ ਨੇ ਦੱਸਿਆ ਕਿ ਪੂਰੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਮਿਲ ਰਹੀਆਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਅੰਮ੍ਰਿਤਸਰ, ਤਰਨ ਤਾਰਨ, ਮੋਗਾ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ ਵਰਗੇ ਦੂਰ-ਦੁਰਾਡੇ ਜ਼ਿਲ੍ਹਿਆਂ ਤੋਂ ਵੀ ਮਜ਼ਦੂਰ ਵੱਡੀ ਗਿਣਤੀ ਵਿੱਚ ਇਸ ਰੈਲੀ ਵਿੱਚ ਪੁੱਜਣ ਲਈ ਪੂਰੀ ਤਿਆਰੀ ਕਰ ਚੁੱਕੇ ਹਨ। ਪਟਿਆਲਾ, ਮੁਹਾਲੀ, ਚੰਡੀਗੜ੍ਹ, ਸੰਗਰੂਰ, ਬਰਨਾਲਾ, ਲੁਧਿਆਣਾ, ਰੋਪੜ ਆਦਿ ਜ਼ਿਲ੍ਹਿਆਂ ਤੋਂ ਪਹਿਲਾਂ ਹੀ ਕੀਤੀ ਤਿਆਰੀ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਥਾਵਾਂ ਤੋਂ ਕਾਫੀ ਗਿਣਤੀ ਵਿੱਚ ਮਜ਼ਦੂਰ ਇਸ ਰੈਲੀ ਵਿੱਚ ਸ਼ਾਮਲ ਹੋਣ ਦੀ ਤਿਆਰੀ ਮੁਕੰਮਲ ਕਰੀ ਬੈਠੇ ਹਨ।ਬਿਜਲੀ, ਟਰਾਂਸਪੋਰਟ, ਸਕੀਮ ਵਰਕਰ, ਦਰਜਾ ਚਾਰ ਮੁਲਾਜ਼ਮ, ਠੇਕਾ ਪ੍ਰਣਾਲੀ ਅਧੀਨ ਕੰਮ ਕਰਦੇ ਵਰਕਰਾਂ, ਗੈਰ-ਜਥੇਬੰਦ ਮਜ਼ਦੂਰ, ਭੱਠਿਆਂ ਦੇ ਵਰਕਰ, ਨਰੇਗਾ ਵਰਕਰ, ਸਹਿਯੋਗ ਵਜੋਂ ਬਿਜਲੀ ਅਤੇ ਟਰਾਂਸਪੋਰਟ ਦੇ ਸੇਵਾ-ਮੁਕਤ ਕਰਮਚਾਰੀ ਆਦਿ ਸਭ ਹੁੰਮ-ਹੁਮਾ ਕੇ ਰੈਲੀ ਵਿੱਚ ਪਹੁੰਚ ਰਹੇ ਹਨ।

ਪੂਰੇ ਪੰਜਾਬ ਦੀ ਮਜ਼ਦੂਰ ਜਮਾਤ ਵਿੱਚ ਘੱਟੋ-ਘੱਟ ਉਜਰਤਾਂ 35000 ਰੁਪਏ ਪ੍ਰਤੀ ਮਹੀਨਾ ਦੀ ਵਾਜਬ ਮੰਗ ਨੂੰ ਜ਼ਬਰਦਸਤ ਹੁੰਗਾਰਾ ਮਿਲ ਰਿਹਾ ਹੈ। ਰੈਲੀ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜੇਕਰ ਸਰਕਾਰ ਨੇ ਮਜ਼ਦੂਰਾਂ ਵਿੱਚ ਪਾਏ ਜਾ ਰਹੇ ਰੋਸ ਨੂੰ ਸਮਝ ਕੇ ਮਿਨੀਮਮ ਵੇਜ ਵਿੱਚ ਤੁਰੰਤ ਵਾਧਾ ਨਾ ਕੀਤਾ ਤਾਂ ਲਗਾਤਾਰ ਸੰਘਰਸ਼ ਕੀਤਾ ਜਾਵੇਗਾ।

## ਦੰਗਾ ਮਾਮਲੇ 'ਚ ਦਿੱਲੀ ਦੇ ਮੰਤਰੀ ਖਿਲਾਫ ਜਾਂਚ ਦੇ ਹੁਕਮ



**ਨਵੀਂ ਦਿੱਲੀ :** ਦਿੱਲੀ ਸਰਕਾਰ ਦੇ ਕਾਨੂੰਨ ਮੰਤਰੀ ਕਪਿਲ ਮਿਸ਼ਰਾ ਨੂੰ ਉੱਤਰ-ਪੂਰਬੀ ਦਿੱਲੀ ਦੰਗਿਆਂ ਦੇ ਮਾਮਲੇ 'ਚ ਰਾਊਜ਼ ਐਵੇਨਿਊ ਕੋਰਟ ਤੋਂ ਵੱਡਾ ਝਟਕਾ ਲੱਗਾ, ਜਦੋਂ ਉਸ ਨੇ ਉਸ ਦੀ ਕਥਿਤ ਭੂਮਿਕਾ ਦੇ ਸੰਬੰਧ 'ਚ ਜਾਂਚ ਦੇ ਨਿਰਦੇਸ਼ ਦਿੱਤੇ।

ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਵੈਭਵ ਚੌਰਸੀਆ ਨੇ ਕਪਿਲ ਮਿਸ਼ਰਾ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਯਮੁਨਾ ਵਿਹਾਰ ਦੇ ਮੁਹੰਮਦ ਇਲਿਆਸ ਦੀ ਅਰਜ਼ੀ ਸਵੀਕਾਰ ਕਰ ਲਈ। ਪੁਲਸ ਨੇ ਪਹਿਲਾਂ ਐੱਫ ਆਈ ਆਰ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਸੀ ਤੇ ਕਿਹਾ ਸੀ ਕਿ ਮਿਸ਼ਰਾ ਨੂੰ ਫਸਾਇਆ ਜਾ ਰਿਹਾ ਹੈ। ਅਦਾਲਤ ਨੇ ਕਿਹਾ ਕਿ ਦਿੱਲੀ ਪੁਲਸ ਵੱਲੋਂ ਮੁਹੱਈਆ ਕਰਾਈ ਗਈ ਸਮੱਗਰੀ ਤੋਂ ਪਤਾ ਲੱਗਦਾ ਹੈ ਕਿ ਕਰਦਮ ਪੁਰੀ ਇਲਾਕੇ 'ਚ ਮਿਸ਼ਰਾ ਦੀ ਮੌਜੂਦਗੀ ਸੀ, ਜਿਸ ਦੀ ਜਾਂਚ ਦੀ ਲੋੜ ਹੈ। 24 ਫਰਵਰੀ 2020 ਨੂੰ ਹੋਏ ਦੰਗਿਆਂ ਵਿੱਚ 53 ਲੋਕ ਮਾਰੇ ਗਏ ਸਨ ਤੇ ਕਈ ਜ਼ਖਮੀ ਹੋ ਗਏ ਸਨ।

# ਹੈਂਡ ਗ੍ਰਨੇਡ ਸਮੇਤ ਗ੍ਰਿਫਤਾਰ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਕਾਊਂਟਰ ਇੰਟੈਲੀਜੈਂਸ (ਸੀ ਆਈ) ਅੰਮ੍ਰਿਤਸਰ ਨੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ ਐੱਸ ਆਈ) ਏਜੰਸੀ ਨਾਲ ਸੰਬੰਧਤ ਇੱਕ ਕਾਰਕੁਨ ਨੂੰ ਹੈਂਡ ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰਕੇ ਸੂਬੇ ਵਿੱਚ ਸੰਭਾਵੀ ਅੱਤਵਾਦੀ ਹਮਲੇ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਜੈਵੀਰ ਤਿਆਗੀ ਉਰਫ਼ ਜਾਵੇਦ ਵਾਸੀ ਪਿੰਡ ਬਰੋਲੀ, ਸਹਾਰਨਪੁਰ, ਉਤਰ ਪ੍ਰਦੇਸ਼ (ਯੂ ਪੀ) ਵਜੋਂ ਹੋਈ ਹੈ। ਉਹ ਮੌਜੂਦਾ ਸਮੇਂ ਲੁਧਿਆਣਾ ਵਿਖੇ ਰਹਿ ਰਿਹਾ ਸੀ। ਉਹਨਾ ਦੱਸਿਆ ਕਿ ਸੀ ਆਈ ਅੰਮ੍ਰਿਤਸਰ ਦੀਆਂ ਟੀਮਾਂ ਨੂੰ ਵਿਦੇਸ਼ ਆਧਾਰਤ ਵਿਅਕਤੀ ਸਹਿਲਾਮ, ਜੋ ਕਿ ਪਾਕਿ-ਆਈ ਐੱਸ ਆਈ ਏਜੰਸੀ ਲਈ ਕੰਮ ਕਰਦਾ ਹੈ ਅਤੇ ਉਸ ਦੇ ਚਚੇਰੇ ਭਰਾ ਜੈਵੀਰ ਤਿਆਗੀ ਵੱਲੋਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਵੱਖ-ਵੱਖ ਸ਼ਹਿਰਾਂ ਵਿੱਚ ਅੱਤਵਾਦੀ ਹਮਲਿਆਂ ਰਾਹੀਂ ਸਰਕਾਰੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚਣ ਬਾਰੇ ਸੂਹ ਮਿਲੀ ਸੀ।ਸੂਹ ਤੋਂ ਇਹ ਵੀ ਖੁਲਾਸਾ ਹੋਇਆ ਕਿ ਜੈਵੀਰ ਤਿਆਗੀ ਨੇ ਅੰਮ੍ਰਿਤਸਰ ਦੇ ਇਲਾਕੇ ਤੋਂ ਹੈਂਡ ਗ੍ਰਨੇਡ ਦੀ ਖੇਪ ਵੀ ਪ੍ਰਾਪਤ ਕੀਤੀ ਹੈ ਅਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਉਹ ਅੰਮ੍ਰਿਤਸਰ ਦੇ ਤਾਰਾਂ ਵਾਲਾ ਪੁਲ ਨੇੜੇ ਆਪਣੇ ਹੋਰ ਸਾਥੀਆਂ ਦੀ ਉਡੀਕ ਕਰ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਪੁਖ਼ਤਾ ਸੂਹ 'ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਸੀ ਆਈ ਅੰਮ੍ਰਿਤਸਰ ਦੀਆਂ ਪੁਲਸ ਟੀਮਾਂ ਨੇ ਇੱਕ ਖੁਫੀਆ ਕਾਰਵਾਈ ਤਹਿਤ ਜੈਵੀਰ ਤਿਆਗੀ ਨੂੰ ਹੈਂਡ ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰ ਲਿਆ।ਡੀ ਜੀ ਪੀ ਨੇ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਜੈਵੀਰ ਪਿਛਲੇ 14-15 ਸਾਲਾਂ ਤੋਂ ਲੁਧਿਆਣਾ ਵਿੱਚ ਰਹਿ ਰਿਹਾ ਸੀ ਅਤੇ ਏਨਕ੍ਰਿਪਟਡ ਮੈਸੇਜਿੰਗ ਐਪਸ ਰਾਹੀਂ ਸਹਿਲਾਮ ਦੇ ਸੰਪਰਕ ਵਿੱਚ ਸੀ। ਜਾਂਚ ਤੋਂ ਇਹ ਖੁਲਾਸਾ ਵੀ ਹੋਇਆ ਹੈ ਕਿ ਸਹਿਲਾਮ ਦੇ ਨਿਰਦੇਸ਼ਾਂ 'ਤੇ ਹੀ ਜੈਵੀਰ ਨੇ ਗ੍ਰਨੇਡ ਪ੍ਰਾਪਤ ਕੀਤਾ ਸੀ। ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸੰਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।ਇਸ ਸੰਬੰਧੀ ਅਸਲਾ ਐਕਟ ਦੀ ਧਾਰਾ 25, ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਅਤੇ ਬੀ ਐੱਨ ਐੱਸ ਦੀ ਧਾਰਾ 61 (2) ਅਤੇ 111 ਤਹਿਤ ਅੰਮ੍ਰਿਤਸਰ ਦੇ ਪੁਲਸ ਸਟੇਸ਼ਨ ਸਟੇਟ ਸਪੈਸ਼ਲ ਅਪ੍ਰੇਸ਼ਨ ਸੈੱਲ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਸ਼ੇਅਰ ਬਾਜ਼ਾਰ 'ਚ ਜ਼ਬਰਦਸਤ ਗਿਰਾਵਟ



**ਮੁੰਬਈ :** ਆਈ ਟੀ ਅਤੇ ਪ੍ਰਾਈਵੇਟ ਬੈਂਕ ਸ਼ੇਅਰਾਂ ਵਿੱਚ ਵਿਕਰੀ ਕਾਰਨ ਮੰਗਲਵਾਰ ਸ਼ੇਅਰ ਬਾਜ਼ਾਰ ਵਿੱਚ ਵੱਡੀ ਗਿਰਾਵਟ ਸਾਹਮਣੇ ਆਈ। ਨਵੇਂ ਵਿੱਤੀ ਵਰ੍ਹੇ ਦੀ ਸ਼ੁਰੂਆਤ ਘਾਟੇ ਨਾਲ ਕਰਦੇ ਹੋਏ 30-ਸ਼ੇਅਰਾਂ ਵਾਲਾ ਬੀ ਐੱਸ ਈ ਸੈਂਸੇਕਸ 1,390.41 ਅੰਕ ਜਾਂ 1.80 ਪ੍ਰਤੀਸ਼ਤ ਡਿੱਗ ਕੇ 76,024.51 'ਤੇ ਬੰਦ ਹੋਇਆ, ਕਿਉਂਕਿ ਇਸ ਦੇ 28 ਸ਼ੇਅਰ ਹੇਠਾਂ ਬੰਦ ਹੋਏ ਅਤੇ ਸਿਰਫ ਦੋ ਹੀ ਵਧੇ। ਦਿਨ ਦੌਰਾਨ ਸੂਚਕ ਅੰਕ 1,502.74 ਅੰਕ ਜਾਂ 1.94 ਪ੍ਰਤੀਸ਼ਤ ਡਿੱਗ ਕੇ 75,912.18 'ਤੇ ਆ ਗਿਆ ਸੀ।

ਉਧਰ ਐੱਨ ਐੱਸ ਈ ਨਿਫਟੀ 353.65 ਅੰਕ ਜਾਂ 1.50 ਪ੍ਰਤੀਸ਼ਤ ਡਿੱਗ ਕੇ 23,165.70 'ਤੇ ਆ ਗਿਆ। ਸੈਂਸੇਕਸ ਪੈਕ ਤੋਂ ਐੱਚ ਸੀ ਐੱਲ ਟੈੱਕ, ਬਜਾਜ ਫਿਨਸਰਵ, ਐੱਚ ਡੀ ਐੱਫ ਸੀ ਬੈਂਕ, ਬਜਾਜ ਫਾਇਨੈਂਸ, ਇਨਫੋਸਿਸ, ਟਾਈਟਨ, ਆਈ ਸੀ ਆਈ ਸੀ ਆਈ ਬੈਂਕ, ਸਨ ਫਾਰਮਾ, ਰਿਲਾਇੰਸ ਇੰਡਸਟਰੀਜ਼, ਲਾਰਸਨ ਐਂਡ ਟੂਬਰੋ, ਟੈਕ ਮਹਿੰਦਰਾ ਅਤੇ ਐੱਨ ਟੀ ਪੀ ਸੀ ਸਭ ਤੋਂ ਵੱਧ ਪਛੜ ਗਏ। ਲਾਭ ਲੈਣ ਵਾਲਿਆਂ ਵਿੱਚ ਇੰਡਸਇੰਡ ਬੈਂਕ 5 ਪ੍ਰਤੀਸ਼ਤ ਤੋਂ ਵੱਧ ਵਧਿਆ।

# ਸਾਢੇ 3 ਕਿੱਲੋ ਹੈਰੋਇਨ ਸਣੇ ਕਾਬੂ



**ਚੰਡੀਗੜ੍ਹ/ਫਿਰੋਜ਼ਪੁਰ (ਗੁਰਜੀਤ ਬਿੱਲਾ)**

ਕਾਊਂਟਰ ਇੰਟੈਲੀਜੈਂਸ (ਸੀ ਆਈ) ਫਿਰੋਜ਼ਪੁਰ ਨੇ 3.5 ਕਿਲੋ ਹੈਰੋਇਨ ਸਮੇਤ ਇੱਕ ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਰੈਕੇਟ ਦਾ ਪਰਦਾ ਫਾਸ਼ ਕੀਤਾ ਹੈ।

ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸੁਖਦੇਵ ਸਿੰਘ ਉਰਫ ਸੁੱਖੀ ਵਾਸੀ ਮੋਹਨ ਕੇ ਉਤਾੜ, ਫਿਰੋਜ਼ਪੁਰ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਸ ਟੀਮਾਂ ਨੇ ਉਸ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਯਾਦਵ ਨੇ ਦੱਸਿਆ ਕਿ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਪਾਕਿਸਤਾਨ ਅਧਾਰਤ ਤਸਕਰ, ਜੋ ਸਰਹੱਦ ਪਾਰੋਂ ਨਸ਼ਿਆਂ ਦੀ ਖੇਪ ਭੇਜਣ ਲਈ ਡਰੋਨ ਦੀ ਵਰਤੋਂ ਕਰ ਰਿਹਾ ਸੀ, ਦੇ ਸਿੱਧੇ ਸੰਪਰਕ ਵਿੱਚ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸੰਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।ਏ ਆਈ ਜੀ ਕਾਊਂਟਰ ਇੰਟੈਲੀਜੈਂਸ ਫਿਰੋਜ਼ਪੁਰ ਗੁਰਸੇਵਕ ਸਿੰਘ ਬਰਾੜ ਨੇ ਦੱਸਿਆ ਕਿ ਮੁਲਜ਼ਮ ਸੁਖਦੇਵ ਸੁੱਖੀ ਦੇ ਤਸਕਰੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਬਾਰੇ ਮਿਲੀ ਭਰੋਸੇਯੋਗ ਸੂਹ 'ਤੇ ਕਾਰਵਾਈ ਕਰਦਿਆਂ ਸੀ ਆਈ ਫਿਰੋਜ਼ਪੁਰ ਦੀਆਂ ਪੁਲਸ ਟੀਮਾਂ ਨੇ ਫਿਰੋਜ਼ਪੁਰ ਦੇ ਪਿੰਡ ਲੱਖੋ ਕੇ ਬਹਿਰਾਮ ਖੇਤਰ ਵਿੱਚ ਖੁਫੀਆ ਅਪਰੇਸ਼ਨ ਚਲਾਇਆ ਅਤੇ ਮੁਲਜ਼ਮ ਨੂੰ ਕਾਬੂ ਕਰਕੇ ਉਸ ਕੋਲੋਂ ਪਲਾਸਟਿਕ ਬੈਗ ਵਿੱਚ ਰੱਖੇ 500-500 ਗ੍ਰਾਮ ਦੇ ਹੈਰੋਇਨ ਦੇ 7 ਪੈਕਟ ਬਰਾਮਦ ਕੀਤੇ।ਉਨ੍ਹਾ ਦੱਸਿਆ ਕਿ ਜਦੋਂ ਪੁਲਸ ਟੀਮਾਂ ਨੇ ਮੁਲਜ਼ਮ ਨੂੰ ਕਾਬੂ ਕੀਤਾ, ਉਸ ਸਮੇਂ ਉਹ ਕਿਸੇ ਵਿਅਕਤੀ ਨੂੰ ਇਹ ਖੇਪ ਪਹੁੰਚਾਉਣ ਜਾ ਰਿਹਾ ਸੀ। ਸਪਲਾਇਰਾਂ, ਡੀਲਰਾਂ ਅਤੇ ਖਰੀਦਦਾਰਾਂ ਦੇ ਸਮੁੱਚੇ ਨੈੱਟਵਰਕ ਦਾ ਪਰਦਾ ਫਾਸ਼ ਕਰਨ ਦੇ ਨਾਲ-ਨਾਲ ਸੁਖਦੇਵ ਸੁੱਖੀ ਨੇ ਜਿਸ ਵਿਅਕਤੀ ਨੂੰ ਨਸ਼ੇ ਦੀ ਖੇਪ ਪਹੁੰਚਾਉਣੀ ਸੀ, ਦੀ ਪਛਾਣ ਕਰਨ ਲਈ ਕੋਸ਼ਿਸ਼ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਬਰਾਮਦਗੀਆਂ ਅਤੇ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ।

# ਆਬਕਾਰੀ ਮਾਲੀਆ ਉਗਰਾਹੀ ਦਾ ਰਿਕਾਰਡ ਸਥਾਪਤ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਇਥੇ ਐਲਾਨ ਕੀਤਾ ਕਿ ਸੂਬੇ ਦੇ ਆਬਕਾਰੀ ਅਤੇ ਕਰ ਵਿਭਾਗ ਨੇ ਵਿੱਤੀ ਸਾਲ 2024-25 ਲਈ 10,743.72 ਕਰੋੜ ਰੁਪਏ ਦਾ ਰਿਕਾਰਡ ਤੋੜ ਆਬਕਾਰੀ ਮਾਲੀਆ ਪ੍ਰਾਪਤ ਕਰਦਿਆਂ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 16.36 ਫੀਸਦੀ ਦੀ ਪ੍ਰਭਾਵਸ਼ਾਲੀ ਸਾਲਾਨਾ ਵਾਧਾ ਦਰ ਹਾਸਿਲ ਕੀਤੀ ਹੈ। ਉਨ੍ਹਾ ਕਿਹਾ ਕਿ ਵਿੱਤੀ ਸਾਲ 2024-25 ਦੌਰਾਨ ਵੈਟ, ਸੀ ਐੱਸ ਟੀ, ਜੀ ਐੱਸ ਟੀ, ਪੀ ਐੱਸ ਡੀ ਟੀ ਅਤੇ ਆਬਕਾਰੀ ਤੋਂ ਰਾਜ ਦਾ ਕੁੱਲ ਮਾਲੀਆ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ 40,000 ਕਰੋੜ ਰੁਪਏ ਦੀ ਸੀਮਾ ਨੂੰ ਪਾਰ ਕਰਦੇ 12.47 ਫੀਸਦੀ ਵਾਧਾ ਦਰ ਨਾਲ 42289.97 ਕਰੋੜ ਰੁਪਏ ਰਿਹਾ।

ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀਆਂ ਸਫਲ ਆਬਕਾਰੀ ਨੀਤੀਆਂ ਸਿਰ ਆਬਕਾਰੀ ਵਸੂਲੀ ਵਿੱਚ ਹੋਏ ਜ਼ਿਕਰਯੋਗ ਵਾਧੇ ਦਾ ਸਿਹਰਾ ਬੰਨ੍ਹਿਆ। ਉਨ੍ਹਾ ਕਿਹਾ ਕਿ ਸੂਬੇ ਨੇ ਵਿੱਤੀ ਸਾਲ 2024-25 ਦੇ 10145 ਕਰੋੜ ਰੁਪਏ ਦੇ ਟੀਚੇ ਨੂੰ ਪਾਰ ਕਰਦਿਆਂ ਟੀਚੇ ਦੇ ਮੁਕਾਬਲੇ ਆਬਕਾਰੀ ਮਾਲੀਏ ਵਿੱਚ 598.72 ਕਰੋੜ ਰੁਪਏ ਦਾ ਜ਼ਿਕਰਯੋਗ ਵਾਧੇ ਦੀ ਗਵਾਹੀ ਭਰੀ ਹੈ। ਮਾਰਚ 2025 ਵਿੱਚ, ਪੰਜਾਬ ਨੇ ਆਬਕਾਰੀ ਮਾਲੀਏ ਵਿੱਚ 30.67 ਪ੍ਰਤੀਸ਼ਤ ਦੀ ਸ਼ਾਨਦਾਰ ਵਾਧਾ ਦਰ ਹਾਸਲ ਕੀਤੀ, ਜਿਸ ਨਾਲ 1477.04 ਕਰੋੜ ਰੁਪਏ ਪ੍ਰਾਪਤ ਹੋਏ, ਜੋ ਮਾਰਚ 2024 ਵਿੱਚ ਪ੍ਰਾਪਤ ਹੋਏ 1130.37 ਕਰੋੜ ਰੁਪਏ ਤੋਂ ਇੱਕ ਮਹੱਤਵਪੂਰਨ ਵਾਧਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ, ਜਦੋਂ ਸੂਬੇ ਨੇ ਆਬਕਾਰੀ ਮਾਲੀਏ ਵਿੱਚ ਪੰਜ ਅੰਕਾਂ ਦਾ ਅੰਕੜਾ ਪਾਰ ਕੀਤਾ ਹੈ।

ਚੀਮਾ ਨੇ ਖੁਲਾਸਾ ਕੀਤਾ ਕਿ ਸੂਬੇ ਨੇ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਉਗਰਾਹੀ ਵਿੱਚ ਵੀ 12.99 ਪ੍ਰਤੀਸ਼ਤ ਦੀ ਸ਼ੁੱਧ ਸਲਾਨਾ ਵਾਧਾ ਦਰ ਦੇਖੀ ਹੈ, ਜੋ ਪਿਛਲੇ ਵਿੱਤੀ ਸਾਲ ਦੇ 20,923.37 ਕਰੋੜ ਰੁਪਏ ਦੇ ਮੁਕਾਬਲੇ 23,642.15 ਕਰੋੜ ਰੁਪਏ ਦੀ ਸ਼ੁੱਧ ਸਾਲਾਨਾ ਪ੍ਰਾਪਤੀ ਰਹੀ। ਵਿੱਤ ਮੰਤਰੀ ਨੇ ਕਿਹਾ ਕਿ ਮਾਰਚ 2025 ਵਿੱਚ ਸੂਬੇ ਨੇ 1,913.82 ਕਰੋੜ ਰੁਪਏ ਦੀ ਸ਼ੁੱਧ ਜੀਐਸਟੀ ਪ੍ਰਾਪਤੀ ਦਰਜ ਕੀਤਾ, ਜੋ ਮਾਰਚ 2024 ਵਿੱਚ 1,761.70 ਕਰੋੜ ਰੁਪਏ ਦੇ ਮੁਕਾਬਲੇ 8.63 ਪ੍ਰਤੀਸ਼ਤ ਵਾਧੇ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ ਸੂਬੇ ਨੇ ਇਸ ਵਿੱਤੀ ਵਰ੍ਹੇ ਦੌਰਾਨ ਵੈਟ ਵਿੱਚ ਵੀ 5.42 ਫੀਸਦੀ ਦੀ ਵਾਧਾ ਦਰ ਦਰਜ ਕਰਦਿਆਂ 7,353.32 ਕਰੋੜ ਰੁਪਏ ਦੀ ਸਾਲਾਨਾ ਪ੍ਰਾਪਤੀ ਕੀਤੀ ਹੈ, ਜੋ ਇਸ ਤੋਂ ਪਿਛਲੇ ਵਿੱਤੀ ਵਰ੍ਹੇ ਦੌਰਾਨ 6,975.3 ਕਰੋੜ ਰੁਪਏ ਸੀ।

ਉਹਨਾ ਇਨ੍ਹਾਂ ਪ੍ਰਾਪਤੀਆਂ ਦਾ ਸਿਹਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀਆਂ ਪਾਰਦਰਸ਼ੀ ਆਬਕਾਰੀ ਨੀਤੀਆਂ ਅਤੇ ਆਬਕਾਰੀ ਤੇ ਕਰ ਵਿਭਾਗ ਦੀਆਂ ਉਨ੍ਹਾਂ ਇਨਫੋਰਸਮੈਂਟ ਗਤੀਵਿਧੀਆਂ ਨੂੰ ਦਿੱਤਾ, ਜਿਨ੍ਹਾਂ ਸਦਕਾ ਗੁਆਂਢੀ ਰਾਜਾਂ ਤੋਂ ਸ਼ਰਾਬ ਦੀ ਤਸਕਰੀ ਨੂੰ ਸਫਲਤਾਪੂਰਵਕ ਠੱਲ੍ਹ ਪਾਈ ਗਈ। ਉਨ੍ਹਾ ਕਿਹਾ ਕਿ ਵਿਭਾਗ ਨੇ 'ਬਿੱਲ ਲਿਆਓ ਇਨਾਮ ਪਾਓ' ਸਕੀਮ ਵਰਗੀਆਂ ਪਹਿਲਕਦਮੀਆਂ ਰਾਹੀਂ ਅਤੇ ਤਕਨੀਕੀ ਹੱਲਾਂ ਤੇ ਟੈਕਸ ਇੰਟੈਲੀਜੈਂਸ ਯੂਨਿਟ ਦਾ ਲਾਭ ਉਠਾ ਕੇ ਕਰ ਪਾਲਣਾ ਨੂੰ ਉਤਸ਼ਾਹਤ ਕਰਕੇ ਜੀ ਐੱਸ ਟੀ ਮਾਲੀਏ ਨੂੰ ਵਧਾਇਆ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਦੋ-ਪੱਖੀ ਰਣਨੀਤੀ ਅਪਣਾਈ ਹੈ, ਜਿਸ ਵਿੱਚ ਇਮਾਨਦਾਰ ਕਰਦਾਤਾਵਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਕਰ ਚੋਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਣਾ ਸ਼ਾਮਲ ਹੈ, ਜਿਸ ਸਦਕਾ ਇੱਕ ਨਿਰਪੱਖ ਅਤੇ ਪਾਰਦਰਸ਼ੀ ਕਰ ਪ੍ਰਣਾਲੀ ਨੂੰ ਯਕੀਨੀ ਬਣਾਇਆ ਗਿਆ ਹੈ।

## ਅੱਜ-ਨਾਮਾ

ਬਦਲਦੇ ਸ਼ਹਿਰਾਂ ਦੇ ਨਿੱਤ ਨੇ ਨਾਂਅ ਜਾਂਦੇ,
ਇਹ ਤਾਂ ਖੇਡ ਜਿਹੀ ਪਈ ਬਣਾਈ ਭਾਈ।
ਜੇ ਇੱਕ ਧਰਮ ਦੇ ਨਾਂਅ ਦਾ ਸ਼ਹਿਰ ਹੋਵੇ,
ਉਸ ਦੀ ਜਾਂਦੀ ਆ ਜੂਨ ਪਲਟਾਈ ਭਾਈ।
ਚੱਲਦੀ ਗੱਲ ਨਾ ਕਦੇ ਇਹ ਰੁਕਣ ਵਾਲੀ,
ਨਿੱਤ ਦਿਨ ਜਾਂਦੀ ਹੈ ਗੱਲ ਵਧਾਈ ਭਾਈ।
ਉੱਠਦੇ ਸਾਰ ਕਈ ਲੋਕ ਅਖਬਾਰ ਵਿੰਹਦੇ,
ਕਿਹੜੇ ਸ਼ਹਿਰ ਦੀ ਵਾਰੀ ਹੈ ਆਈ ਭਾਈ।
ਨਾਂਅ ਸ਼ਹਿਰਾਂ ਦਾ ਬਦਲਿਆਂ ਅਸਰ ਪੈਂਦਾ,
ਅੱਗੇ ਤਾਂ ਬਾਕੀਆਂ ਤੋਂ ਭਾਰਤ ਹੋਵਣਾ ਸੀ।
ਵਿਕਸਤ ਦੇਸ਼ ਸਟੱਡੀ ਸੀ ਕਰਨ ਆਉਣੇ,
ਕਦੀ ਨਹੀਂ ਰੋਣਾ ਗਰੀਬੀ ਦਾ ਰੋਵਣਾ ਸੀ।

-ਤੀਸ ਮਾਰ ਖਾਂ

## ਮਜੀਠੀਆ ਦੀ ਸੁਰੱਖਿਆ ਵਾਪਸ ਲੈਣ ਪਿੱਛੇ ਘਾਤਕ ਮਨਸੂਬੇ : ਸੁਖਬੀਰ ਬਾਦਲ

**ਲੰਬੀ :** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਬਿਕਰਮ ਸਿੰਘ ਮਜੀਠੀਆ ਦੀ ਜ਼ੈੱਡ ਪਲੱਸ ਸਮੇਤ ਸਮੁੱਚੀ ਸੁਰੱਖਿਆ ਵਾਪਸ ਲੈਣ ਪਿੱਛੇ 'ਆਪ' ਦੇ ਘਾਤਕ ਮਨਸੂਬੇ ਹਨ। ਉਨ੍ਹਾ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਦੋਸ਼ ਲਗਾਇਆ ਕਿ ਇਹ ਇਹ ਫੈਸਲਾ 'ਆਪ' ਸਰਕਾਰ ਵੱਲੋਂ ਜਾਣ-ਬੁੱਝ ਕੇ ਮਜੀਠੀਆ ਦਾ ਅਕਸ ਖਰਾਬ ਕਰਨ ਲਈ ਚੁੱਕਿਆ ਕਦਮ ਹੈ। ਮਜੀਠੀਆ ਨੂੰ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਝੂਠਾ ਫਸਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਨਸ਼ਿਆਂ ਦੇ ਮੁੱਦੇ 'ਤੇ ਮਜੀਠੀਆ ਤੋਂ ਲਿਖਤੀ ਮੁਆਫੀ ਵੀ ਮੰਗ ਚੁੱਕੇ ਹਨ। ਉਨ੍ਹਾ ਕਿਹਾ ਕਿ ਸਰਕਾਰ ਦਾ ਇਹ ਕਦਮ ਕੁਝ ਸਮਾਂ ਪਹਿਲਾਂ ਉਨ੍ਹਾ (ਸੁਖਬੀਰ) 'ਤੇ ਹੋਏ ਜਾਨਲੇਵਾ ਹਮਲੇ ਦੀ ਲਗਾਤਾਰਤਾ ਵਿੱਚ ਹੈ। ਸਾਬਕਾ ਉੱਪ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਨ੍ਹਾ 'ਤੇ ਹੋਏ ਹਮਲੇ ਸੰਬੰਧੀ ਕੋਰਟ ਵਿੱਚ ਸਰਕਾਰ ਵੱਲੋਂ ਕਮਜ਼ੋਰ ਢੰਗ ਨਾਲ ਪੇਸ਼ ਹੋਣ ਦੇ ਨਤੀਜੇ ਵਜੋਂ ਮੁਲਜ਼ਮ ਨੂੰ ਆਸਾਨੀ ਨਾਲ ਜ਼ਮਾਨਤ ਮਿਲਣਾ ਸਰਕਾਰ ਦੇ ਭਿਆਨਕ ਮਨਸੂਬਿਆਂ ਨੂੰ ਹੋਰ ਵੀ ਉਜਾਗਰ ਕਰਦਾ ਹੈ। ਉਨ੍ਹਾ ਕਿਹਾ ਕਿ ਸਮੁੱਚੇ ਘਟਨਾਕ੍ਰਮਾਂ ਨੂੰ ਦੇਖਦਿਆਂ ਕੋਈ ਸ਼ੱਕ ਨਹੀਂ ਰਿਹਾ ਕਿ ਵਿਰੋਧੀ ਸੂਬੇ ਨੂੰ ਕਿਸ ਜਗ੍ਹਾ ਧੱਕਣ ਦੀ ਕੋਸ਼ਿਸ਼ ਕਰ ਰਹੇ ਹਨ। ਸੁਖਬੀਰ ਬਾਦਲ ਨੇ ਦੋਸ਼ ਲਗਾਇਆ ਕਿ 'ਆਪ' ਸਰਕਾਰ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਬੁਲਾਰਿਆਂ ਨੂੰ ਕਤਲ ਦੀਆਂ ਸ਼ਰੇਆਮ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ, ਪਰ ਮੁੱਖ ਮੰਤਰੀ ਨੇ ਚੁੱਪ ਧਾਰੀ ਹੋਈ ਹੈ। ਸੁਖਬੀਰ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਬਿਕਰਮ ਜਾਂ ਕਿਸੇ ਵੀ ਪਾਰਟੀ ਆਗੂ ਜਾਂ ਵਰਕਰ ਨੂੰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਅਤੇ ਸੂਬੇ ਦੇ ਪੁਲਸ ਮੁਖੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ।

## ਨਰਸਰੀ ਤੋਂ ਹੀ ਪੰਜਾਬੀ ਲਾਜ਼ਮੀ ਕੀਤੀ ਜਾਵੇ : ਗੜਗੱਜ

**ਅੰਮ੍ਰਿਤਸਰ :** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਜ਼ਰੂਰੀ ਹੈ ਕਿ ਸੂਬਾ ਸਰਕਾਰ ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿੱਚ ਨਰਸਰੀ ਜਮਾਤ ਤੋਂ ਲਾਗੂ ਕਰੇ। ਉਨ੍ਹਾ ਕਿਹਾ ਪੰਜਾਬ ਵਿੱਚ ਸਕੂਲਾਂ ਦੇ ਨਵੇਂ ਦਾਖਲੇ ਸ਼ੁਰੂ ਹੋ ਗਏ ਹਨ ਅਤੇ ਸੀ ਬੀ ਐੱਸ ਈ ਨਾਲ ਸੰਬੰਧਤ ਕਈ ਸਕੂਲਾਂ ਵਿੱਚੋਂ ਰਿਪੋਰਟਾਂ ਮਿਲ ਰਹੀਆਂ ਹਨ ਕਿ ਸਕੂਲ ਪ੍ਰਬੰਧਕਾਂ ਵੱਲੋਂ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਨੂੰ ਲਾਜ਼ਮੀ ਤੇ ਪੰਜਾਬੀ ਨੂੰ ਵਿਕਲਪ ਦੇ ਰੂਪ ਵਿੱਚ ਰੱਖਿਆ ਗਿਆ ਹੈ, ਜੋ ਕਿ ਬਰਦਾਸ਼ਤਯੋਗ ਨਹੀਂ। ਇਹ ਸਥਿਤੀ ਪੰਜਾਬੀ ਭਾਸ਼ਾ ਪ੍ਰਤੀ ਵਧ ਰਹੇ ਅਣਗਹਿਲੀ ਵਾਲੇ ਰਵੱਈਏ ਨੂੰ ਦਰਸਾਉਂਦੀ ਹੈ। ਅਜਿਹੀ ਸਥਿਤੀ ਵਿੱਚ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਪੰਜਾਬ ਦੇ ਹਰ ਸਕੂਲ 'ਚ ਨਰਸਰੀ ਜਮਾਤ ਤੋਂ ਹੀ ਪੰਜਾਬੀ ਭਾਸ਼ਾ ਪੜ੍ਹਾਈ ਜਾਵੇ। ਬਹੁਤੇ ਸਕੂਲ ਪਹਿਲੀ ਜਮਾਤ ਤੋਂ ਪੰਜਾਬੀ ਪੜ੍ਹਾਉਂਦੇ ਹਨ, ਜੋ ਕਿ ਬੱਚਿਆਂ ਨੂੰ ਮਾਂ ਬੋਲੀ ਤੋਂ ਦੂਰ ਰੱਖਣ ਦੇ ਬਰਾਬਰ ਹੈ। ਸਿਰਫ਼ ਸਰਕਾਰ ਹੀ ਨਹੀਂ, ਮਾਪਿਆਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੁੱਢ ਤੋਂ ਹੀ ਪੰਜਾਬੀ ਪੜ੍ਹਨ ਲਈ ਉਤਸ਼ਾਹਤ ਕਰਨ। ਉਨ੍ਹਾ ਕਿਹਾ ਕਿ ਬਾਕੀ ਭਾਸ਼ਾਵਾਂ ਦਾ ਗਿਆਨ ਹੋਣਾ ਚੰਗੀ ਗੱਲ ਹੈ, ਪਰ ਮਾਂ ਬੋਲੀ ਨੂੰ ਪਹਿਲ ਹੋਣੀ ਚਾਹੀਦੀ ਹੈ।

## ਗੁਰੂ ਨਾਨਕ ਮਿਸ਼ਨ ਸਕੂਲ ਦੀ ਮੰਨਤ ਫਸਟ 'ਚੋਂ ਫਸਟ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਦੇ ਅੰਦਰ ਆਉਂਦੇ ਪਿੰਡ ਮੱਲ ਕੇ ਸਕੂਲ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ।ਨਤੀਜਿਆਂ ਦਾ ਐਲਾਨ ਕਰਦਿਆਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਅੰਕੁਸ਼ ਕੁਮਾਰ ਤੇ ਪ੍ਰਿੰਸੀਪਲ ਵੰਦਨਾ ਨੇ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਮਿਸ਼ਨ ਸਕੂਲ ਦਾ 100 ਫੀਸਦੀ ਨਤੀਜਾ ਆਉਣਾ ਦਾ ਸਿਹਰਾ ਸਕੂਲ ਦੇ ਸਮੂਹ ਅਧਿਆਪਕਾਂ ਦੀ ਕੜਰੀ ਮਿਹਨਤ ਨੂੰ ਜਾਂਦਾ ਹੈ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਅੰਕੁਸ਼ ਕੁਮਾਰ ਤੇ ਪ੍ਰਿੰਸੀਪਲ ਵੰਦਨਾ ਨੇ ਫਸਟ ਕਲਾਸ ਵਿੱਚੋਂ ਫਸਟ ਡਵੀਜ਼ਨ ਆਉਣ 'ਤੇ ਮੰਨਤ ਸਪੁੱਤਰੀ ਸਾਜਨ ਮੱਲ ਕੇ ਨੂੰ ਸ਼ੀਲਡ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਵਧੀਆ ਪੁਜ਼ੀਸ਼ਨ ਲਿਆਉਣ ਵਾਲੇ ਛੋਟੇ ਬੱਚਿਆਂ ਤੇ ਮਾਪਿਆਂ ਨੂੰ ਵੀ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਚੇਅਰਮੈਨ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਸਕੂਲ ਸਟਾਫ ਵੱਲੋਂ ਬੱਚਿਆਂ ਦਾ ਖਾਸ ਧਿਆਨ ਰੱਖ ਕੇ ਵਧੀਆ ਪੜ੍ਹਾਈ ਕਰਵਾਈ ਜਾਂਦੀ ਹੈ, ਜਿਸ ਕਾਰਨ ਬੱਚਿਆਂ ਦੇ ਰਿਜ਼ਲਟ ਵਧੀਆ ਆਉਂਦੇ ਹਨ।ਸਕੂਲ ਖੁੱਲ੍ਹਾ ਤੇ ਹਵਾਦਾਰ ਵੀ ਰੱਖਿਆ ਗਿਆ ਹੈ। ਪ੍ਰਿੰਸੀਪਲ ਵੰਦਨਾ ਨੇ ਕਿਹਾ ਕਿ ਸਕੂਲ 'ਚ ਬੱਚਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ।ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ




**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ ਤੇ 1 ਗਰੇਡ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਸਕੂਲ ਦੇ ਅਧਿਆਪਕਾਂ ਦੀ ਮਿਹਨਤ ਤੇ ਬੱਚਿਆਂ ਦੇ ਰਿਜ਼ਲਟ ਨੂੰ ਦੇਖ ਕੇ ਮਾਪਿਆਂ ਵੱਲੋਂ ਸਮੂਹ ਸਕੂਲ ਸਟਾਫ਼ ਤੇ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵਿਗਿਆਨ, ਸਮਾਜਿਕ ਸਿੱਖਿਆ, ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਮਾਡਲ ਤਿਆਰ ਕਰਕੇ ਉਨ੍ਹਾਂ ਦੀ ਪ੍ਰਦਰਸ਼ਨੀ ਲਗਾਈ ਗਈ। ਪ੍ਰਦਰਸ਼ਨੀ ਦੀ ਮਾਪਿਆਂ ਵੱਲੋਂ ਬਹੁਤ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਸਕੂਲ ਪ੍ਰਧਾਨ ਸ੍ਰ. ਪਰਦਮਨ ਸਿੰਘ ਵਿਰਕ, ਜਨਰਲ ਸਕਤਰ ਡਾ. ਹਰਭਜਨ ਸਿੰਘ, ਸੀਨੀਅਰ ਵਾਈਸ ਪ੍ਰਧਾਨ ਗੁਲਜਾਰ ਸਿੰਘ, ਵਾਈਸ ਪ੍ਰਧਾਨ ਜਸਵੰਤ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਦੇਵ ਸਿੰਘ, ਬਲਵਿੰਦਰ ਸਿੰਘ, ਬਾਬਾ ਸਾਹਿਬ ਸਿੰਘ, ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਨੀਤਾ ਰਾਣੀ, ਬਲਬੀਰ ਸਿੰਘ ਧਾਰੀਵਾਲ ਤੇ ਸਮੂਹ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਚਮਕਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਪਬਲਿਕ ਸਕੂਲ ਹਾਮਝੇੜੀ ਵੱਲੋਂ ਸਲਾਨਾ ਇਨਾਮ ਵੰਡ ਸਮਾਰੋਹ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਹਾਮਝੇੜੀ ਵੱਲੋਂ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਇਸ ਦੌਰਾਨ ਸਕੂਲ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਸਾਬਕਾ ਸਰਪੰਚ ਮੋਹਨ ਸਿੰਘ ਸਿੱਧੂ ਦੀ ਦੇਖ-ਰੇਖ ਹੇਠ ਕਰਵਾਏ ਗਏ ਸਾਲਾਨਾ ਇਨਾਮ ਵੰਡ ਤੇ ਸੱਭਿਆਚਾਰਕ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਕੂਲ ਟਰੱਸਟ ਦੇ ਲੰਬਾ ਸਮਾਂ ਪ੍ਰਧਾਨ ਰਹੇ ਸਵਰਗੀ ਸਤਪਾਲ ਸਿੰਗਲਾ ਦੀ ਬੇਟੀ ਰਾਜ ਰਾਣੀ ਤੇ ਸਮਾਜ ਸੇਵੀ ਆਗੂ ਕੇਵਲ ਸਿੰਗਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਪਿਛਲੇ ਵਿੱਦਿਅਕ ਸੈਸ਼ਨ ਦੌਰਾਨ ਪੜ੍ਹਾਈ, ਖੇਡਾਂ ਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਸੱਭਿਆਚਾਰਕ ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਧਾਰਮਿਕ ਸ਼ਬਦ ਨਾਲ ਕੀਤੇ ਜਾਣ ਉਪਰੰਤ ਵਿਦਿਆਰਥੀਆਂ ਨੇ ਨਾਟਕ, ਗੀਤ, ਕਵਿਤਾਵਾਂ, ਸੋਲੋ ਗੀਤ, ਗਰੁੱਪ ਡਾਂਸ ਤੇ ਕੋਰਿਓਗ੍ਰਾਫੀਆਂ ਦੀ ਸਫਲ ਪੇਸ਼ਕਾਰੀ ਕੀਤੀ। ਸਮਾਗਮ ਦੇ ਅਖੀਰ ਵਿੱਚ ਲੜਕੀਆਂ ਵੱਲੋਂ ਪਾਇਆ ਗਿਆ ਗਿੱਧਾ ਪ੍ਰੋਗਰਾਮ ਦੀ ਸਿਖਰ ਹੋ ਨਿੱਬੜਿਆ। ਮੁੱਖ ਮਹਿਮਾਨਾਂ ਵੱਲੋਂ ਸਕੂਲ ਨੂੰ ਗਿਆਰਾਂ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਦਿਆਂ ਸਮਾਜ ਸੇਵਾ ਦੇ ਖੇਤਰ ਵਿੱਚ ਸਕੂਲ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਗੁਰਤੇਜ ਸਿੰਘ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਆਉਣ ਵਾਲੇ ਸਮੇਂ ਲਈ ਮਿੱਥੇ ਟੀਚਿਆਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰਸਟ ਦੇ ਖਜ਼ਾਨਚੀ ਬਲਰਾਮ ਸਿੰਘ, ਜਨਰਲ ਸਕੱਤਰ ਭੁਪਿੰਦਰਜੀਤ ਮੌਲਵੀਵਾਲਾ, ਪਿਆਰਾ ਸਿੰਘ, ਕ੍ਰਿਸ਼ਨ ਸਿੰਘ, ਸਾਬਕਾ ਸਰਪੰਚ ਹਰਚਰਨ ਸਿੰਘ, ਰਾਜੇਸ਼ ਕੁਮਾਰ, ਮੈਡਮ ਬਲਵੀਰ ਕੌਰ ਤੇ ਮੱਖਣ ਸਿੰਘ ਆਦਿ ਹਾਜ਼ਰ ਸਨ।

## ਅਨੂਪ ਗੋਇਲ ਲਾਈਨ ਕਲੱਬ ਗੋਲਡ ਦੇ ਸਰਬਸੰਮਤੀ ਪ੍ਰਧਾਨ ਚੁਣੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਲਾਈਨਜ਼ ਕਲੱਬ ਸਮਾਣਾ ਗੋਲਡ ਦੀ ਇੱਕ ਵਿਸ਼ੇਸ਼ ਮੀਟਿੰਗ ਕਲੱਬ ਦੇ ਪ੍ਰਧਾਨ ਮੋਹਿਤ ਗਰਗ ਤਨੂੰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਲੱਬ ਦੇ ਨਵੇਂ ਅਹੁਦੇਦਾਰ ਤੇ ਪ੍ਰਧਾਨ ਦੀ ਚੋਣ ਸਬੰਧੀ ਸੰਬੰਧੀ ਵਿਚਾਰ ਵਟਾਂਦਰਾ ਹੋਇਆ। ਕਲੱਬ ਦੇ ਸਾਰੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਅਗਲੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕਰਾਉਣ ਲਈ ਸਹਿਮਤੀ ਪ੍ਰਗਟ ਕੀਤੀ, ਜਿਸ ਵਿੱਚ ਅਨੂਪ ਗੋਇਲ ਨੂੰ ਸਰਬਸੰਮਤੀ ਨਾਲ ਲਾਈਨਜ਼ ਕਲੱਬ ਸਮਾਣਾ ਗੋਲਡ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ। ਇਸੇ ਤਰ੍ਹਾਂ ਸੈਕਟਰੀ ਮਨੀਸ਼ ਸਿੰਗਲਾ ਰੌਕੀ, ਕੈਸ਼ੀਅਰ ਲਵ ਮਿੱਤਲ, ਪੀ ਆਰ ਓ ਵਿਨੀਤ ਗਰਗ ਨੂੰ ਚੁਣਿਆ ਗਿਆ। ਪ੍ਰਧਾਨ ਬਣਨ ਉਪਰੰਤ ਅਨੂਪ ਗੋਇਲ ਨੇ ਕਿਹਾ ਕਿ ਉਹ ਕਲੱਬ ਦੀ ਬਿਹਤਰੀ ਲਈ ਦਿਨ-ਰਾਤ ਇੱਕ ਕਰ ਕੇ ਨਿਰਸਵਾਰਥ ਕੰਮ ਕਰਨਗੇ। ਇਸ ਮੌਕੇ ਜੇ ਪੀ ਗਰਗ, ਐਡਵੋਕੇਟ ਵਿਕਾਸ ਸ਼ਰਮਾ, ਰਜੇਸ਼ ਬਾਂਸਲ, ਪ੍ਰੀਕਸ਼ਤ, ਮਾਨਵ ਬਾਂਸਲ, ਅਜੇ ਗਰਗ, ਗੌਰਵ ਗਰਗ, ਹੁਸਨਦੀਪ ਬਾਂਸਲ ਤੋਂ ਇਲਾਵਾ ਕਲੱਬ ਦੇ ਸਾਰੇ ਮੈਂਬਰ ਹਾਜ਼ਰ ਸਨ।

## ਕੈਬਨਿਟ ਮੰਤਰੀ ਨੇ ਈਦ ਮੌਕੇ ਕਾਦਰੀ ਜਾਮਾ ਮਸਜਿਦ 'ਚ ਲਵਾਈ ਹਾਜ਼ਰੀ



**ਮਲੋਟ (ਗੁਰਮੀਤ ਸਿੰਘ ਮੱਕੜ)**-ਆਪਸੀ ਭਾਈਚਾਰਕ ਸਾਂਝ ਇਸੇ ਤਰ੍ਹਾਂ ਬਣੀ ਰਹੇ, ਅਸੀਂ ਇੱਕ ਦੂਜੇ ਦੇ ਦੁੱਖਾਂ-ਸੁੱਖਾਂ ਵਿੱਚ ਸਹਾਈ ਰਹੀਏ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਆਪਸੀ ਭਾਈਚਾਰੇ ਦੇ ਪ੍ਰਤੀਕ ਤਿਉਹਾਰ ਈਦ-ਉੱਲ-ਫ਼ਿਤਰ ਦੇ ਪਵਿੱਤਰ ਮੌਕੇ ਕਾਦਰੀ ਜਾਮਾ ਮਸਜਿਦ ਮਲੋਟ ਵਿਖੇ ਹਾਜ਼ਰੀ ਲਗਵਾਉਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਪੂਰੇ ਦੇਸ਼ ਵਾਸੀਆਂ ਨੂੰ ਈਦ-ਉੱਲ-ਫ਼ਿਤਰ ਦੇ ਤਿਉਹਾਰ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਪਾਕ ਖੁਦਾ ਨੇ ਸਾਨੂੰ ਆਪਸੀ ਮੁਹੱਬਤ ਬਰਕਰਾਰ ਰੱਖਣ, ਆਪਸੀ ਭਾਈਚਾਰਕ ਬਣਾਉਣ ਦਾ ਸੰਦੇਸ਼ ਦਿੱਤਾ, ਇਸੇ ਤਰ੍ਹਾਂ ਹੀ ਆਪਾਂ ਸਾਰੇ ਇਸ ਦੇਸ਼ ਵਿੱਚ ਰਲ-ਮਿਲ ਕੇ ਰਹੀਏ, ਇੱਕ ਦੂਜੇ ਦੇ ਦੁੱਖਾਂ-ਸੁੱਖਾਂ ਵਿੱਚ ਸ਼ਰੀਕ ਹੁੰਦੇ ਰਹੀਏ ਅਤੇ ਪ੍ਰਮਾਤਮਾ ਸਭ 'ਤੇ ਰਹਿਮਤ ਕਰੇ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁਸਲਿਮ ਭਾਈਚਾਰੇ ਦੀਆਂ ਜੋ ਵੀ ਜ਼ਰੂਰਤਾਂ ਹਨ, ਉਨ੍ਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਵੀ ਸੰਭਵ ਹੋਇਆ, ਉਨ੍ਹਾਂ ਨੂੰ ਜ਼ਰੂਰ ਪੂਰਾ ਕੀਤਾ ਜਾਵੇਗਾ। ਇਸ ਮੌਕੇ ਹਾਫਿਜ਼ ਗੁਲਾਮ ਮੁਸਤਫ਼ਾ, ਚੇਅਰਮੈਨ ਨੂਰ ਹਸਨ ਖ਼ਾਨ, ਪ੍ਰਧਾਨ ਨੂਰ ਸਬੰਧ, ਕੈਸ਼ੀਆਰ ਗੁੱਡੂ ਖ਼ਾਨ, ਉੱਪ ਪ੍ਰਧਾਨ ਵਿਨੋਦ ਖ਼ਾਨ, ਸੈਕਟਰੀ ਮਹਿਬੂਬ ਖ਼ਾਨ, ਮੁੰਨਾ, ਇਸਲਾਮ, ਅਰਸ਼ ਸਿੱਧੂ ਪੀ.ਏ., ਛਿੰਦਰਪਾਲ ਪੀ ਏ, ਦਫ਼ਤਰ ਇੰਚਾਰਜ ਪਰਮਜੀਤ ਗਿੱਲ, ਗਗਨ ਔਲਖ, ਹਰਮੇਲ ਸੰਧੂ ਐੱਮ ਸੀ, ਰਮੇਸ਼ ਅਰਨੀਵਾਲਾ, ਜੋਨੀ ਗਰਗ, ਲਵ ਬੱਤਰਾ, ਰੋਹਤਾਸ ਡਾਕਟਰ, ਸੋਨੂੰ ਕੰਡਾਰੀਆ ਹਾਜ਼ਰ ਸਨ।

## ਗੁਰੂ ਨਾਨਕ ਕਾਲਜ 'ਚ ਉੱਦਮ ਮੇਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਹੋਮ ਸਾਇੰਸ, ਬਿਜਨਸ ਐਡਮਿਨਿਸਟਰੇਸ਼ਨ ਤੇ ਗਣਿਤ ਵਿਭਾਗ ਵੱਲੋਂ ਆਪਸੀ ਸਹਿਯੋਗ ਨਾਲ ਇੱਕ ਸ਼ਾਨਦਾਰ ਉੱਦਮ ਮੇਲਾ 2025 ਦਾ ਆਯੋਜਨ ਕੀਤਾ ਗਿਆ। ਮੇਲੇ ਦੀ ਖਿੱਚ ਦਾ ਕੇਂਦਰ ਪਰਫਿਊਮ, ਹੈਂਡਲੂਮ, ਹੈਂਡਬੈਗ, ਖਾਣ-ਪੀਣ ਦੀਆਂ ਵਸਤਾਂ ਫਲਾਂ ਦੀ ਚਾਟ, ਕਿਤਾਬਾਂ, ਗਹਿਣੇ, ਬੇਕ ਕੀਤੀਆਂ ਚੀਜ਼ਾਂ, ਸ਼ਿੰਗਾਰ ਸਮੱਗਰੀ, ਜੈਵਿਕ ਉਤਪਾਦ, ਸ਼ੈਂਪੂ, ਖੇਡਾਂ, ਵਰਮੀਕੰਪੋਸਟ, ਧਾਰਮਿਕ ਕਿਤਾਬਾਂ, ਹੋਰ ਉਪਕਰਣ ਆਦਿ ਦੀਆਂ ਸਟਾਲਾਂ ਸਨ।ਕਾਲਜ ਦੇ ਵਿਦਿਆਰਥੀਆਂ, ਅਧਿਆਪਨ ਤੇ ਗੈਰ-ਅਧਿਆਪਨ ਫੈਕਲਟੀ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਸੁਹਿਰਦਤਾ ਨਾਲ ਕੰਮ ਕੀਤਾ।ਮੇਲੇ ਦਾ ਮੰਤਵ ਹਸਤ ਕਲਾ ਦੇ ਉਤਪਾਦਾਂ ਤੇ ਵਿਦਿਆਰਥੀਆਂ ਦੇ ਵਪਾਰਕ ਉੱਦਮਾਂ ਨੂੰ ਵਿਸ਼ੇਸ਼ ਤੌਰ 'ਤੇ ਉਤਸ਼ਾਹਤ ਕਰਨਾ ਹੈ।ਇਸ ਮੇਲੇ ਵਿੱਚ ਵੱਖ-ਵੱਖ ਵਿਭਾਗਾਂ ਦੇ ਕੁੱਲ 225 ਵਿਦਿਆਰਥੀ, 50 ਐਲੂਮੀਨੀਅਮ ਅਤੇ 12 ਸਪਾਂਸਰ ਵੱਲੋਂ ਬਹੁਤ ਉਤਸ਼ਾਹ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ।ਕਾਲਜ ਪ੍ਰਿੰਸੀਪਲ ਡਾ. ਸਰਬਜੀਤ ਕੌਰ ਨੇ ਗਣਿਤ ਵਿਭਾਗ ਦੇ ਮੁਖੀ ਡਾ. ਸਤਿੰਦਰ ਪਾਲ ਕੌਰ, ਹੋਮ ਸਾਇੰਸ ਵਿਭਾਗ ਦੇ ਮੁਖੀ ਡਾ. ਰੁਚੀ ਕਾਲੜਾ ਤੇ ਬਿਜ਼ਨੈਸ ਐਡਮਨਿਸਟ੍ਰੇਸ਼ਨ ਵਿਭਾਗ ਦੇ ਮੁਖੀ ਮੈਡਮ ਮੋਨਿਕਾ ਗਰਗ ਵੱਲੋਂ ਕੀਤੇ ਗਏ ਇਸ ਸਾਂਝੇ ਯਤਨ ਦੀ ਸ਼ਲਾਘਾ ਕੀਤੀ।

## ਲੰਡਨ 'ਚ ਬੋਧੀਆਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ, ਪ੍ਰਧਾਨ ਮੰਤਰੀ ਦੇ ਸਕੱਤਰ ਨੂੰ ਦਿੱਤਾ ਮੈਮੋਰੰਡਮ



**ਜਲੰਧਰ (ਨ ਜ਼ ਸ)**-ਲੰਡਨ ਵਿਖੇ ਬੋਧੀਆ, ਅੰਬੇਡਕਰੀ ਸੰਸਥਾਵਾਂ ਤੇ ਅਗਾਂਹਵਧੂ ਸ਼ਖ਼ਸ਼ੀਅਤਾਂ, ਡਾਕਟਰ ਅੰਬੇਡਕਰ ਮੈਮੋਰੀਅਲ ਕਮੇਟੀ ਗਰੇਟ ਬ੍ਰਿਟੇਨ ਇੰਗਲੈਂਡ, ਪੰਜਾਬ ਬੁੱਧਿਸਟ ਸੋਸਾਇਟੀ ਯੂਕੇ, ਫੈਬੋ ਵੱਲੋਂ ਸੰਗਠਿਤ ਹੋ ਕੇ ਬੁੱਧ ਗਯਾ ਮਹਾਂ ਵਿਹਾਰ ਨੂੰ ਗੈਰ-ਬੋਧੀਆਂ ਤੋਂ ਆਜ਼ਾਦ ਕਰਾਉਣ ਲਈ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਉਹ ਮੰਗ ਕਰ ਰਹੇ ਸਨ ਕਿ ਬੁੱਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੁੱਧ ਗਯਾ ਮਹਾਂ ਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪਿਆ ਜਾਵੇ।ਉਨ੍ਹਾਂ ਇੱਕ ਮੈਮੋਰੰਡਮ ਪ੍ਰਧਾਨ ਮੰਤਰੀ ਦੇ ਸਕੱਤਰ ਤੇ ਭਾਰਤੀ ਹਾਈ ਕਮਿਸ਼ਨ ਨੂੰ ਵੀ ਦਿੱਤਾ।ਇਨ੍ਹਾਂ ਅੰਦੋਲਨਕਾਰੀਆਂ ਵਿੱਚ ਸ੍ਰੀ ਹਰਬੰਸ ਬਿਰਦੀ, ਰਾਮਪਾਲ ਰਾਹੀ, ਅਰੁਣ ਕੁਮਾਰ, ਧੰਨਪਤ ਰੱਤੂ, ਚੱਕਰਵਤੀ ਜੀ, ਖੁਸ਼ਵਿੰਦਰ ਬਿੱਲਾ, ਤਰਸੇਮ ਲਾਲ ਕੌਲ, ਸ਼੍ਰੀਮਤੀ ਕਸ਼ਮੀਰ ਸਾਂਪਲਾ, ਸ਼੍ਰੀਮਤੀ ਦੇਵੀ ਰਾਣੀ ਚੰਦੜ, ਸ਼੍ਰੀਮਤੀ ਨਿਰਮਲਾ ਭਾਟੀਆ, ਸ਼੍ਰੀਮਤੀ ਬਲਬੀਰ ਕੌਰ ਬਾਲੀ (ਖੁਸ਼ਵਿੰਦਰ ਬਿੱਲਾ ਦੀ ਮਾਤਾ), ਸ਼੍ਰੀਮਤੀ ਸਤਿਆ (ਹਰੀਪਾਲ ਭਾਟੀਆ ਦੀ ਭੈਣ), ਮਨੋਹਰ ਬਿਰਦੀ ਤੇ ਹੋਰ ਬਹੁਤ ਸਾਰੇ ਬੁੱਧਿਸਟ ਉਪਾਸਕ ਭਿਖਸ਼ੂ ਸੰਘ ਦੀ ਰਹਿਨੁਮਾਈ ਹੇਠ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਸਨ।

## ਬਾਗੀ ਧੜੇ ਦੀ ਭਾਰਤੀ ਮੁਹਿੰਮ ਸ਼੍ਰੋਮਣੀ ਅਕਾਲੀ ਦਲ ਨੂੰ ਢਾਅ ਲਾਉਣ ਦੀ ਕੋਸ਼ਿਸ਼ : ਬੌਂਦਲੀ



**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼੍ਰੋਮਣੀ ਅਕਾਲੀ ਦਲ ਦੀ ਮੁੱਖ ਧਾਰਾ ਤੋਂ ਬਾਗੀ ਹੋਇਆ ਇੱਕ ਧੜਾ, ਜਿਸ ਦਾ ਲੋਕਾਂ ਵਿੱਚ ਕੋਈ ਅਧਾਰ ਨਹੀਂ ਹੈ, ਉਹ ਜਾਲ੍ਹੀ ਭਾਰਤੀ ਮੁਹਿੰਮ ਚਲਾ ਕੇ ਸ਼੍ਰੋਮਣੀ ਅਕਾਲੀ ਦਲ ਦੇ ਅਕਸ ਨੂੰ ਢਾਅ ਲਾਉਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਹੈ।ਇਹ ਵਿਚਾਰ ਇਥੇ ਲੁਧਿਆਣਾ ਦਿਹਾਤੀ ਦੇ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਸ਼੍ਰੋਮਣੀ ਅਕਾਲੀ ਦਲ ਮੈਂਬਰਸ਼ਿਪ ਭਰਤੀ ਦੇ ਹੁਕਮਾਂ ਤੋਂ ਬਾਅਦ ਇਸ ਮੁਹਿਮ ਨੂੰ ਸਫਲ ਬਣਾਉਣ ਲਈ ਲੁਧਿਆਣਾ ਦਿਹਾਤੀ ਦੇ ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਸ਼ਰਨਜੀਤ ਸਿੰਘ ਢਿੱਲੋਂ, ਹਲਕਾ ਸਮਰਾਲਾ ਤੋਂ ਪਰਮਜੀਤ ਸਿੰਘ ਢਿੱਲੋਂ, ਹਲਕਾ ਪਾਇਲ ਤੋਂ ਮਨਜੀਤ ਸਿੰਘ ਮਦਨੀਪੁਰ ਤੇ ਹਲਕਾ ਖੰਨਾ ਤੋਂ ਯਾਦਵਿੰਦਰ ਸਿੰਘ ਯਾਦੂ ਦੀ ਅਗਵਾਈ ਵਿੱਚ ਆਮ ਲੋਕਾਂ ਵੱਲੋਂ ਦਿਖਾਏ ਉਤਸ਼ਾਹ ਨਾਲ ਬਹੁਤ ਵੱਡੀ ਗਿਣਤੀ ਵਿੱਚ ਮੈਂਬਰਾਂ ਦੀ ਸਫ਼ਲਤਾਪੂਰਵਕ ਭਰਤੀ ਹੋਈ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਦਿਹਾਤੀ ਵਿੱਚ ਕਰੀਬ ਇੱਕ ਲੱਖ ਤੋਂ ਵੱਧ ਲੋਕਾਂ ਨੇ ਬੜੇ ਉਤਸ਼ਾਹ ਨਾਲ ਮੈਂਬਰਸ਼ਿਪ ਭਰ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਅਪਣਾ ਵਿਸ਼ਵਾਸ ਦ੍ਰਿੜ੍ਹ ਕੀਤਾ ਹੈ।ਉਨ੍ਹਾਂ ਕਿਹਾ ਕਿ ਬਾਗੀ ਧੜੇ ਵੱਲੋਂ ਕੀਤੀ ਜਾ ਰਹੀ ਮੈਂਬਰਸ਼ਿਪ ਗੈਰ-ਸੰਵਿਧਾਨਕ ਹੈ।ਉਹ ਨਾ ਤਾਂ ਰਜਿਸਟਰਡ ਹਨ ਤੇ ਨਾ ਹੀ ਉਨ੍ਹਾਂ ਨੂੰ ਕੋਈ ਮਾਨਤਾ ਹੀ ਪ੍ਰਾਪਤ ਹੈ।ਉਨ੍ਹਾਂ ਕਿਹਾ ਕਿ ਬਾਗੀ ਧੜਾ ਆਪਣੇ ਨਿੱਜੀ ਮੁਫਾਦਾਂ ਨੂੰ ਮੂਹਰੇ ਰੱਖ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।ਲੋਕਾਂ ਨੂੰ ਅਪੀਲ ਹੈ ਕਿ ਉਹ ਬਾਗੀਆਂ ਦੇ ਗੁੰਮਰਾਹਕੁਨ ਪ੍ਰਚਾਰ ਵਿੱਚ ਨਾ ਆਉਣ।ਜਥੇਦਾਰ ਬੌਂਦਲੀ ਨੇ ਕਿਹਾ ਕਿ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਵਾਲਿਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ।ਬਹੁਤ ਜਲਦ ਸਰਕਲ ਡੈਲੀਗੇਟ, ਜ਼ਿਲ੍ਹਾ ਡੈਲੀਗੇਟ, ਸਟੇਟ ਡੈਲੀਗੇਟ ਚੁਣਨ ਉਪਰੰਤ ਪਾਰਟੀ ਦੇ ਨਵੇਂ ਪ੍ਰਧਾਨ ਦੀ ਚੋਣ ਕੀਤੀ ਜਾ ਰਹੀ ਹੈ।

## ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਦੇ ਮੈਂਬਰ ਮੁਹਾਲੀ ਰੈਲੀ 'ਚ ਕਰਨਗੇ ਵੱਡੀ ਸ਼ਮੂਲੀਅਤ : ਭਮੱਦੀ



**ਮੁੱਲਾਂਪੁਰ ਦਾਖਾਂ (ਗੁਰਮੇਲ ਮੈਲਡੇ)**-3 ਅਪ੍ਰੈਲ ਨੂੰ ਮੁਹਾਲੀ ਦੇ ਲੇਬਰ ਭਵਨ ਸਾਹਮਣੇ ਮਜ਼ਦੂਰਾਂ ਦੀ ਘੱਟੋ ਘੱਟ ਉਜ਼ਰਤ 35000/- ਕਰਨ ਲਈ ਪੰਜਾਬ ਏਟਕ ਵੱਲੋਂ ਕੀਤੀ ਜਾ ਰਹੀ ਰੈਲੀ 'ਚ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਦੇ ਵੱਧ ਤੋਂ ਵੱਧ ਸਾਥੀ ਸ਼ਾਮਲ ਹੋਣਗੇ। ਸਾਥੀ ਐੱਸ ਪੀ ਸਿੰਘ ਭਮੱਦੀ ਸਕੱਤਰ ਪੰਜਾਬ ਨੇ ਕਿਹਾ ਕਿ ਪਿਛਲੇ 12 ਸਾਲਾਂ ਤੋਂ ਮਜ਼ਦੂਰਾਂ ਦੀ ਘਟੋ ਘੱਟ ਉਜ਼ਰਤ 'ਚ ਇੱਕ ਪੈਸੇ ਦਾ ਵਾਧਾ ਨਹੀਂ ਕੀਤਾ ਗਿਆ। ਮੰਤਰੀਆਂ/ਐੱਮ ਐੱਲ ਏ ਨੇ ਆਪਣੀ ਤਨਖਾਹ/ਭੱਤੇ ਵਧਾਉਣੇ ਹੋਣ ਤਾਂ ਸਰਕਾਰ ਤੇ ਵਿਰੋਧੀ ਧਿਰ ਦੇ ਸਮੁੱਚੇ ਐੱਮ ਐੱਲ ਏ ਮਿੰਟਾਂ 'ਚ ਬਿਲ ਪਾਸ ਕਰ ਲੈਂਦੇ ਹਨ, ਪਰ ਜੋ ਲੋਕ ਹੱਡ ਭੰਨਵੀਂ ਮਿਹਨਤ ਕਰਦੇ ਹਨ, ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਦੇ ਓਹੜ ਪੋਹੜ ਜੋਗੀ ਵੀ ਉਜ਼ਰਤ ਦੇਣ ਲਈ ਤਿਆਰ ਨਹੀਂ। ਇਨ੍ਹਾਂ ਹਾਲਤਾਂ 'ਚ ਮਜ਼ਦੂਰਾਂ ਕੋਲ ਸੰਘਰਸ਼ ਤੋਂ ਸਿਵਾਏ ਹੋਰ ਕੋਈ ਰਾਹ ਬਚਦਾ ਹੀ ਨਹੀਂ। ਉਨ੍ਹਾ ਕਿਹਾ ਕਿ ਪੰਜਾਬ ਜਿਹੜਾ ਕਿਸੇ ਸਮੇਂ ਦੇਸ਼ ਦਾ ਹਰ ਪੱਖੋਂ ਮੋਹਰੀ ਸੂਬਾ ਰਿਹਾ ਹੈ, ਅੱਜ 29 'ਚੋਂ 28ਵੇਂ ਨੰਬਰ 'ਤੇ ਆ ਗਿਆ ਹੈ। ਉਨ੍ਹਾ ਕਿਹਾ ਕਿ ਇਸ ਰੋਸ ਪ੍ਰਦਰਸ਼ਨ ਨੂੰ ਕਾਮਯਾਬ ਕਰਨ ਲਈ ਹਰ ਵਰਗ ਨੂੰ ਅੱਡੀ-ਚੋਟੀ ਦਾ ਜ਼ੋਰ ਲਗਾਉਣਾ ਚਾਹੀਦਾ ਹੈ ਤਾਂ ਜੋ ਕੁੰਭਕਰਨੀ ਨੀਂਦ 'ਚੋਂ ਸਰਕਾਰ ਨੂੰ ਜਗਾ ਕੇ ਆਪਣੇ ਬਣਦੇ ਹੱਕਾਂ ਦੀ ਪ੍ਰਾਪਤੀ ਕੀਤੀ ਜਾ ਸਕੇ। ਇਸ ਰੈਲੀ 'ਚ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਦੇ ਸਬ ਅਰਬਨ ਸਰਕਲ 'ਚੋਂ ਸਾਥੀ ਮਿੱਥੇ ਕੋਟੇ ਤੋਂ ਵੀ ਵੱਧ ਸ਼ਾਮਲ ਹੋਣਗੇ। ਉਨ੍ਹਾ ਸ਼ਰਾਰਤੀ ਅਨਸਰਾਂ ਵੱਲੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਬੇਅਦਬੀ ਕਰਨ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਫੌਰਨ ਗ੍ਰਿਫਤਾਰ ਕਰਕੇ ਸਖ਼ਤ ਤੋਂ ਸਖ਼ਤ ਕਨੂੰਨੀ ਕਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਵਾਸਤੇ ਕੋਈ ਵੀ ਅਜਿਹੀ ਹਰਕਤ ਕਰਨ ਦੀ ਜੁਰਅਤ ਨਾ ਕਰ ਸਕੇ।

## ਸਰਕਾਰੀ ਸਕੂਲ ਮੁਬਾਰਕਪਰ ਦਾ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਬੀਤੇ ਦਿਨ ਸਰਕਾਰੀ ਹਾਈ ਸਕੂਲ ਮੁਬਾਰਕਪਰ ਦੇ ਸਾਲਾਨਾ ਨਤੀਜਾ, ਇਨਾਮ ਵੰਡ ਸਮਾਰੋਹ ਤੇ ਮੈਗਾ ਪੀ ਟੀ ਐੱਮ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ੍ਰੀਮਤੀ ਕੁਲਦੀਪ ਕੌਰ ਪਤਨੀ ਹਰਭਜਨ ਸਿੰਘ ਸਰਪੰਚ ਨੇ ਸ਼ਿਰਕਤ ਕੀਤੀ, ਜਦੋਂ ਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਬਾਰੂ ਸਿੰਘ ਚੇਅਰਮੈਨ (ਐੱਸ ਐੱਮ ਸੀ ਕਮੇਟੀ) ਤੇ ਹੈੱਡ ਮਿਸਟਰੈੱਸ ਸ਼੍ਰੀਮਤੀ ਸ਼ਮਸ਼ਾਦ ਨੇ ਬਤੌਰ ਪ੍ਰਧਾਨਗੀ ਸ਼ਿਰਕਤ ਕੀਤੀ।

ਇਸ ਮੌਕੇ ਸਭ ਤੋਂ ਪਹਿਲਾਂ ਮੈਡਮ ਸ਼ਮਸ਼ਾਦ ਵੱਲੋਂ ਸਕੂਲ ਦੀ ਸਾਲਾਨਾ ਪ੍ਰਗਤੀ ਰਿਪੋਰਟ ਪੇਸ਼ ਕਰਦਿਆਂ ਪਿੰਡ ਦੇ ਲੋਕਾਂ ਤੇ ਮਾਪਿਆਂ ਨਾਲ ਭਰਪੂਰ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਸਕੂਲ ਦੀਆਂ ਨਾਨ-ਬੋਰਡ ਕਲਾਸਾਂ ਜਿਵੇਂ ਕਿ ਛੇਵੀਂ, ਸੱਤਵੀ ਤੇ ਨੌਵੀਂ ਦੀਆਂ ਜਮਾਤਾਂ ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਇਸ ਤੋਂ ਪਹਿਲਾਂ ਹੈੱਡ ਮਿਸਟਰੈੱਸ ਸ਼੍ਰੀਮਤੀ ਸ਼ਮਸ਼ਾਦ ਤੇ ਮੁੱਖ ਮਹਿਮਾਨਾਂ ਨੇ ਸਕੂਲ ਮੈਗਜ਼ੀਨ ਕਰੂੰਬਲਾਂ ਦੀ ਘੁੰਡ ਚੁਕਾਈ ਵੀ ਕੀਤੀ ਗਈ। ਇਸ ਮੌਕੇ ਸਕੂਲ ਦੇ ਸਟਾਫ ਤੇ ਐੱਸ ਐੱਮ ਸੀ ਕਮੇਟੀ ਦੁਆਰਾ ਉਕਤ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਐੱਨ ਐੱਮ ਐੱਮ ਐੱਸ ਤੇ ਪੀ ਐੱਸ ਟੀ ਐੱਸ ਈ ਤੇ ਸਟੇਟ ਪੱਧਰ ਖੇਡਣ ਵਾਲੇ ਖਿਡਾਰੀਆਂ ਨੂੰ ਵੀ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਨਾਲ ਹੈੱਡ ਮਿਸਟਰੈੱਸ ਸ਼੍ਰੀਮਤੀ ਸ਼ਮਸ਼ਾਦ ਤੇ ਉਨ੍ਹਾਂ ਦੇ ਸਟਾਫ ਦੁਆਰਾ ਆਏ ਮਹਿਮਾਨਾਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹਾਂ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਐੱਸ ਐੱਮ ਸੀ ਮੈਂਬਰਾਂ 'ਚ ਦਲਜੀਤ ਕੌਰ, ਮਨਦੀਪ ਕੌਰ, ਨਜਮਾ ਰਵਿੰਦਰ ਕੌਰ, ਜੀਆ, ਬਸ਼ੀਰ ਮੁਹੰਮਦ, ਅਨਵਰੀ, ਮਨਪ੍ਰੀਤ ਕੌਰ ਤੇ ਮੁਮਤਾਜ ਆਦਿ ਹਾਜ਼ਰ ਸਨ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮੁਹੰਮਦ ਅੱਬਾਸ ਧਾਲੀਵਾਲ ਨੇ ਨਿਭਾਈ।

## ਸਰਕਾਰ ਨੇ ਹਲਕੇ 'ਚ ਤਿੰਨ ਸਾਲਾਂ ਦੌਰਾਨ 47.89 ਕਰੋੜ ਰੁਪਏ ਖਰਚੇ : ਵਿਧਾਇਕ ਗੋਲਡੀ

### ਪ੍ਰੈੱਸ ਕਾਨਫਰੰਸ ਕਰਕੇ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਦਾ ਦਿੱਤਾ ਵੇਰਵਾ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਸੁਧਾਰਾਂ ਲਈ ਵਿੱਢੇ ਵੱਡੇ ਉਪਰਾਲਿਆਂ ਦੀ ਲੜੀ ਤਹਿਤ ਜਲਾਲਾਬਾਦ ਵਿਧਾਨ ਸਭਾ ਹਲਕੇ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ 47 ਕਰੋੜ 89 ਲੱਖ 7 ਹਜ਼ਾਰ 923 ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ। ਇਹ ਜਾਣਕਾਰੀ ਹਲਕੇ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦਿੱਤੀ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਖੇਤਰ ਨੂੰ ਤਰਜੀਹੀ ਖੇਤਰ ਮੰਨਦਿਆਂ ਇਨ੍ਹਾਂ ਵਿੱਚ ਸੁਧਾਰ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਸਿੱਖਿਆ ਸਹੂਲਤਾਂ ਨੂੰ ਹੋਰ ਉੱਚਾ ਚੁੱਕਣ ਤੇ ਲੋਕਾਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਜਿੱਥੇ ਹਲਕੇ ਵਿੱਚ ਦੋ ਸਕੂਲ ਆਫ ਐਮੀਨੈਂਸ ਕ੍ਰਮਵਾਰ ਜਲਾਲਾਬਾਦ ਤੇ ਅਰਨੀਵਾਲਾ ਵਿਖੇ ਬਣਾਏ ਗਏ ਹਨ, ਉੱਥੇ ਹੀ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਤੇ ਵੱਡੀਆਂ ਰਕਮਾਂ ਖਰਚ ਕੀਤੀਆਂ ਗਈਆਂ ਹਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਪੰਜਾਬ ਸਰਕਾਰ ਦਾ ਉਦੇਸ਼ ਹੈ ਕਿ ਸਾਡੇ ਸਰਕਾਰੀ ਸਕੂਲ ਸਭ ਤੋਂ ਬਿਹਤਰ ਹੋਣ ਤੇ ਇੱਥੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਸਹੂਲਤ ਮਿਲੇ ਇਸ ਲਈ ਸਰਕਾਰ ਵੱਲੋਂ ਅਧਿਆਪਕਾਂ ਨੂੰ ਵੀ ਦੇਸ਼ ਵਿਦੇਸ਼ ਤੋਂ ਟ੍ਰੇਨਿੰਗ ਦਵਾਈ ਜਾ ਰਹੀ ਹੈ। ਉਨ੍ਹਾਂ ਨੇ ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਵੀ ਹਲਕੇ ਦੇ ਲੋਕਾਂ ਵੱਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਹਲਕੇ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਗਰਾਂਟਾਂ ਜਾਰੀ ਕੀਤੀਆਂ ਹਨ।

## ਸ੍ਰੀ ਚੈਤੰਨਯ ਟੈਕਨੋ ਸਕੂਲ ਦਾ ਉਦਘਾਟਨ 6 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਤੇ ਇਲਾਕੇ ਲਈ ਮਾਣ ਵਾਲੀ ਗੱਲ ਕਿ ਭਾਰਤ ਵਿੱਚ 950 ਦੇ ਕਰੀਬ ਸਕੂਲ ਚਲਾ ਰਹੀ ਸ੍ਰੀ ਚੈਤੰਨਯ ਕੰਪਨੀ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿੱਚ ਸ੍ਰੀ ਚੈਤੰਨਯ ਟੈਕਨੋ ਸਕੂਲ ਮਲੋਟ ਰੋਡ ਨਜ਼ਦੀਕ ਡੇਰਾ ਬਿਆਸ 'ਤੇ ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ 6 ਅਪ੍ਰੈਲ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪ੍ਰਿੰਸੀਪਲ ਭਾਵਨਾ ਤੇ ਸੁਰੇਸ਼ ਰੈਡੀ ਨੇ ਦੱਸਿਆ ਕਿ ਜਿੱਥੇ ਕੰਪਨੀ ਵੱਲੋਂ ਭਾਰਤ ਵਿੱਚ 950 ਦੇ ਕਰੀਬ ਸਕੂਲ ਚੱਲ ਰਹੇ ਹਨ, ਉੱਥੇ ਪੰਜਾਬ ਵਿੱਚ ਵੀ 19 ਦੇ ਕਰੀਬ ਸਕੂਲ ਵੱਡੇ ਸ਼ਹਿਰਾਂ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਉਨ੍ਹਾ ਦੱਸਿਆ ਕਿ ਜ਼ਿਲ੍ਹੇ 'ਚ ਸਾਊਥ ਦਾ ਪਹਿਲਾ ਸਕੂਲ ਆ ਗਿਆ ਹੈ।ਸਕੂਲ ਨੂੰ ਲੈ ਕੇ ਸ਼ਹਿਰ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਸੁਰੇਸ਼ ਰੈਡੀ ਆਰ. ਆਈ., ਰਾਜਵੀਰ ਕੌਰ, ਸਿਮਰਨਜੀਤ ਕੌਰ, ਮੈਡਮ ਪੂਜਾ, ਮੈਡਮ ਸੁਨੇਹਾ, ਮਨਿੰਦਰ ਸਿੰਘ, ਜਸ਼ਨਦੀਪ ਸਿੰਘ, ਸਿਮਰਪ੍ਰੀਤ ਕੌਰ, ਗੁਰਦੇਸ਼ ਸਿੰਘ ਸਿੱਧੂ, ਗਗਨਦੀਪ ਕੌਰ, ਮੁਸਕਾਨ ਹਾਜ਼ਰ ਸੀ।

## ਸਪਾ ਸੈਂਟਰ ਦੀ ਆੜ 'ਚ ਸ਼ਰੇਆਮ ਚੱਲ ਰਿਹਾ ਦੇਹ ਵਪਾਰ ਦਾ ਧੰਦਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਸਬੇ ਅੰਦਰ ਲੁਧਿਆਣਾ-ਬਠਿੰਡਾ ਮੁੱਖ ਮਾਰਗ 'ਤੇ ਚੱਲ ਰਹੇ ਇਕ ਸਪਾ ਸੈਂਟਰ 'ਚ ਦੇਹ ਵਪਾਰ ਦਾ ਧੰਦਾ ਸ਼ਰੇਆਮ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਕੰਮ ਕਰਦੀ ਇੱਕ ਲੜਕੀ ਨੇ ਮੀਡੀਆ ਅੱਗੇ ਆ ਕੇ ਇਸ ਧੰਦੇ ਦਾ ਪਰਦਾਫ਼ਾਸ਼ ਕੀਤਾ ਹੈ।ਉਸ ਨੇ ਦੱਸਿਆ ਕਿ ਇੱਥੇ ਉਸ ਨੂੰ 40 ਹਜ਼ਾਰ ਰੁਪਏ ਮਹੀਨਾ ਤਨਖ਼ਾਹ 'ਤੇ ਬੁਲਾਇਆ ਗਿਆ ਸੀ, ਉਸ ਨਾਲ ਹਰਿਆਣਾ, ਪੰਜਾਬ ਸਮੇਂ ਦੇਸ਼ ਦੇ ਕਈ ਸੂਬਿਆਂ ਤੋਂ 4 ਕੁੜੀਆਂ ਹੋਰ ਵੀ ਕੰਮ ਕਰਦੀਆਂ ਹਨ। ਇਸ ਸਪਾ ਸੈਂਟਰ ਚ ਮਾਲਸ਼ ਦੀ ਆੜ 'ਚ ਕੁੜੀਆਂ ਨੂੰ ਗ੍ਰਾਹਕਾਂ ਅੱਗੇ ਪਰੋਸਿਆ ਜਾਂਦਾ ਹੈ। ਮੈਨੇਜਰ ਕੁੜੀ ਦੀ ਉਮਰ ਅਨੁਸਾਰ ਪੈਸੇ ਵਸੂਲ ਕਰਦਾ ਹੈ।ਉਨ੍ਹਾਂ ਦੱਸਿਆ ਕਿ ਇੱਥੇ ਆਉਣ ਵਾਲੀਆਂ ਕੁੜੀਆਂ ਦੀ ਕਿਸੇ ਕਿਸਮ ਦੀ ਕੋਈ ਮੈਡੀਕਲ ਜਾਂਚ ਨਹੀਂ ਕਰਾਈ ਜਾਂਦੀ।ਇਸ ਸਪਾ ਸੈਂਟਰ 'ਚ ਹਰੇਕ ਕੁੜੀ ਵਲੋਂ ਪ੍ਰਤੀ ਦਿਨ 10 ਤੋਂ 15 ਗ੍ਰਾਹਕ ਭੁਗਤਾਏ ਜਾਂਦੇ ਹਨ।ਇਨ੍ਹਾਂ ਗਾਹਕਾਂ 'ਚ ਨਾਬਾਲਗ ਲੜਕਿਆਂ ਤੋਂ ਲੈ ਕੇ ਬਜ਼ੁਰਗ ਸ਼ਾਮਲ ਹੁੰਦੇ ਹਨ। ਜੇਕਰ ਪੁਲਸ ਵੱਲੋਂ ਸਪਾ ਸੈਂਟਰ 'ਚ ਲੱਗੇ ਕੈਮਰਿਆਂ ਫੁਟੇਜ ਦੀ ਜਾਂਚ ਕੀਤੀ ਜਾਵੇ ਇਸ ਧੰਦੇ ਨਾਲ ਸਬੰਧਤ ਸਾਰੇ ਸਬੂਤ ਮਿਲਣਗੇ।ਲੜਕੀ ਨੇ ਦੱਸਿਆ ਕਿ 28 ਮਾਰਚ ਦੀ ਰਾਤ ਨੂੰ ਇਸ ਸੈਂਟਰ ਦੇ ਮਾਲਕ ਵੱਲੋਂ ਉਸ ਨਾਲ ਦੁਰਵਿਹਾਰ ਕੀਤਾ ਗਿਆ, ਜਿਸ ਸਬੰਧੀ ਉਨ੍ਹਾਂ ਆਪਣੀ ਸ਼ਿਕਾਇਤ ਮਹਿਲ ਕਲਾਂ ਪੁਲਸ ਕੋਲ ਦਰਜ ਕਰਾਈ ਹੈ, ਪਰ ਅੱਜ ਤੱਕ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ, ਸਗੋਂ ਸਪਾ ਦੇ ਮਾਲਕ ਉਸ ਨੂੰ ਧਮਕੀਆਂ ਦੇ ਰਹੇ ਹਨ, ਉਨ੍ਹਾਂ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ।ਲੜਕੀ ਨੇ ਪੰਜਾਬ ਸਰਕਾਰ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਸਪਾ ਸੈਂਟਰ ਨੂੰ ਬੰਦ ਕਰਵਾਉਣ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਡੀ.ਐੱਸ.ਪੀ. ਸੁਬੇਗ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਇਲਾਕੇ 'ਚ ਸਪਾ ਸੈਂਟਰ ਖੋਲ੍ਹਣ ਦੀ ਮਨਾਹੀ ਹੈ।ਜੇਕਰ ਕੋਈ ਗ਼ਲਤ ਕੰਮ ਕਰਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਰਵਾਈ ਕੀਤੀ ਜਾਵੇਗੀ।ਮਾਮਲਾ ਧਿਆਨ 'ਚ ਆਉਣ ਤੋਂ ਬਾਅਦ ਪੁਲਿਸ ਪਾਰਟੀ ਵੱਲੋਂ ਤੁਰੰਤ ਛਾਪਾ ਮਾਰ ਕੇ ਇਸ ਸਪਾ ਸੈਂਟਰ ਨੂੰ ਬੰਦ ਕਰਾਇਆ ਗਿਆ। ਜਦੋਂ ਸਪਾ ਦੇ ਮਾਲਕ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਕਤ ਲੜਕੀ ਨੂੰ ਉਨ੍ਹਾਂ ਨੇ ਇੱਥੇ ਕੰਮ ਕਰਨ ਲਈ ਨਹੀਂ ਬੁਲਾਇਆ।ਇੱਥੇ ਕੰਮ ਕਰਨ ਵਾਲੀਆਂ ਲੜਕੀਆਂ ਜੋ ਵੀ ਕਰਦੀਆਂ ਹਨ, ਆਪਣੀ ਮਰਜ਼ੀ ਨਾਲ ਕਰਦੀਆਂ ਹਨ।ਉਹ ਸਿਰਫ਼ ਮਾਲਸ਼ ਦਾ ਕੰਮ ਕਰਦੇ ਹਨ, ਅੰਦਰ ਕੀ ਹੁੰਦਾ ਹੈ, ਇਸ ਬਾਰੇ ਉਨ੍ਹਾਂ ਨੂੰ ਕੁਝ ਪਤਾ ਨਹੀਂ ਹੈ।ਉਹ ਸਿਰਫ਼ ਗ੍ਰਾਹਕ ਦਾ ਨਾਂਅ ਤੇ ਨੰਬਰ ਦਰਜ ਕਰਦੇ ਹਨ, ਕਿਸੇ ਦਾ ਕੋਈ ਆਈ.ਡੀ.ਪਰੂਫ਼ ਨਹੀਂ ਲਿਆ ਜਾਂਦਾ।

## ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ 'ਚ ਕਰਾਈ ਅਧਿਆਪਕਾਂ ਦੀ ਵਰਕਸ਼ਾਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਿਜ਼ਡਮ ਵਰਲਡ ਸਕੂਲ ਵਿੱਚ ਇੱਕ ਵਿਸ਼ੇਸ਼ ਅਧਿਆਪਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸਦੀ ਅਗਵਾਈ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਜੀ ਨੇ ਕੀਤੀ। ਇਸ ਵਰਕਸ਼ਾਪ ਦਾ ਮੁੱਖ ਏਜੰਡਾ ਅਫੈਕਟਿਵ ਟੀਚਿੰਗ ਸੀ, ਜਿਸਦੇ ਬਾਰੇ ਵਿਖਿਆਤ ਸਿੱਖਿਆ ਵਿਪਨ ਸ਼ਰਮਾ ਤੇ ਆਸ਼ੀਸ਼ ਬਾਂਸਲ ਨੇ ਪ੍ਰਸਤੁਤ ਕੀਤਾ।ਵਿਪਨ ਸ਼ਰਮਾ ਨੂੰ ਨੈਸ਼ਨਲ ਐਜੂਕੇਸ਼ਨ ਐਕਸੀਲੈਂਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੇ ਅਧਿਆਪਕਾਂ ਨੂੰ ਪ੍ਰਭਾਵਸ਼ਾਲੀ ਅਤੇ ਰੁਚਿਕਰ ਅਧਿਆਪਨ ਦੇ ਤਰੀਕਿਆਂ ਦੀ ਜਾਣਕਾਰੀ ਦਿੱਤੀ।ਵਰਕਸ਼ਾਪ ਦੌਰਾਨ ਅਧਿਆਪਕਾਂ ਨੂੰ ਕਲਾਸਰੂਮ ਵਿੱਚ ਅਫੈਕਟਿਵ ਟੀਚਿੰਗ ਦੇ ਉਪਕਰਨਾਂ ਤੇ ਤਕਨੀਕਾਂ ਦੇ ਬਾਰੇ ਜਾਣੂ ਕੀਤਾ ਗਿਆ, ਜਿਸ ਨਾਲ ਉਹ ਆਪਣੇ ਵਿਦਿਆਰਥੀਆਂ ਨਾਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਣ ਅਤੇ ਸਿੱਖਾਉਣ ਵਿਚ ਰੁਚੀ ਲੈ ਸਕਣਗੇ।ਇਹ ਸੈਸ਼ਨ ਵਿਸ਼ੇਸ਼ ਤੌਰ 'ਤੇ ਸਿੱਖਿਆ ਵਿੱਚ ਰਚਨਾਤਮਕਤਾ ਅਤੇ ਆਲੋਚਨਾਤਮਕ ਸੋਚ ਦੀ ਮਹੱਤਤਾ ਨੂੰ ਉਜਾਗਰ ਕਰਨ ਵਿੱਚ ਸਫਲ ਰਿਹਾ।ਇਹ ਵਰਕਸ਼ਾਪ ਸਕੂਲ ਦੇ ਅਧਿਆਪਕਾਂ ਲਈ ਇੱਕ ਮਹੱਤਵਪੂਰਨ ਮੌਕਾ ਸੀ, ਜਿਸ ਵਿੱਚ ਉਨ੍ਹਾਂ ਨੇ ਨਵੀਆਂ ਸ਼ੈਲੀਆਂ ਤੇ ਤਰੀਕਿਆਂ ਨੂੰ ਸਮਝਿਆ ਅਤੇ ਆਪਣੇ ਅਧਿਆਪਨ ਵਿੱਚ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਉਤਸ਼ਾਹਿਤ ਮਹਿਸੂਸ ਕੀਤਾ।

## ਸੰਗਤ ਨੇ ਸੇਵਾ ਬਖਸ਼ੀ ਤਾਂ ਸ਼੍ਰੋਮਣੀ ਕਮੇਟੀ ਪ੍ਰਬੰਧ 'ਚ ਕਰਾਂਗੇ ਪੰਚ ਪ੍ਰਧਾਨੀ ਪ੍ਰਬੰਧ ਲਾਗੂ : ਭਾਈ ਰਣਜੀਤ ਸਿੰਘ

### ਭਾਈ ਪਰਗਟ ਸਿੰਘ ਭੋਡੀਪੁਰਾ ਨੂੰ ਹਲਕਾ ਭਗਤਾ ਭਾਈ ਤੋ ਬਣਾਇਆ ਉਮੀਦਵਾਰ, ਸਾਥ ਦੇਣ ਦੀ ਕੀਤੀ ਅਪੀਲ



**ਬਠਿੰਡਾ (ਰਾਜੀਵ ਗੋਇਲ)**-ਪਿਛਲੇ ਲੰਮੇ ਸਮੇਂ ਤੋਂ ਗੁਰਦੁਆਰਾ ਪ੍ਰਬੰਧ ਸੰਭਾਲਣ ਤੇ ਮੌਜੂਦਾ ਐਸਜੀਪੀਸੀ ਢਾਂਚੇ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਤਤਪਰ ਪੰਥਕ ਅਕਾਲੀ ਲਹਿਰ ਵੱਲੋਂ ਮਾਲਵੇ ਵਿੱਚ ਵੀ ਆਪਣੀ ਮੁਹਿੰਮ ਨੂੰ ਪੂਰੀ ਤਰ੍ਹਾਂ ਭਖਾ ਰੱਖਿਆ ਹੈ।ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਹਲਕਾ ਭਗਤਾ ਭਾਈ ਵਿੱਚ ਪੰਥਕ ਅਕਾਲੀ ਲਹਿਰ ਵੱਲੋਂ ਇੱਕ ਪ੍ਰਭਾਵਸ਼ਾਲੀ ਇੱਕਤਰਤਾ ਗੁਰਦੁਆਰਾ ਭਾਈਆਣਾ ਸਾਹਿਬ ਭਗਤਾ ਭਾਈ ਕਾ ਵਿਖੇ ਕਰਾਈ ਗਈ, ਜਿਸ ਵਿੱਚ ਸਾਬਕਾ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਪੰਥਕ ਅਕਾਲੀ ਲਹਿਰ ਦੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਖਾਲਸਾ ਤੋਂ ਇਲਾਵਾ ਪੰਥ ਦੀਆਂ ਹੋਰ ਸ਼ਖ਼ਸੀਅਤਾਂ ਤੇ ਸੰਤਾਂ ਮਹਾਂਪੁਰਸ਼ਾਂ, ਇਲਾਕੇ ਦੀਆਂ ਪੰਚਾਇਤਾਂ, ਪ੍ਰਬੰਧਕ ਕਮੇਟੀਆ ਨੂੰ ਨੇ ਹਾਜ਼ਰੀ ਭਰੀ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜੇਕਰ ਸੰਗਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਬਖਸ਼ੀ ਗਈ ਤਾਂ ਪੰਚ ਪ੍ਰਧਾਨੀ ਸਿਸਟਮ ਲਾਗੂ ਕਰਕੇ ਗੁਰੂ ਮਹਾਰਾਜ ਵੱਲੋਂ ਚਲਾਈ ਹੋਈ ਪ੍ਰੰਪਰਾ ਨੂੰ ਲਾਗੂ ਕਰਾਂਗੇ।ਉਨ੍ਹਾਂ ਕਿਹਾ ਕਿ ਲੋੜਵੰਦ ਸਿੱਖਾਂ ਨੂੰ ਵਿੱਦਿਆ ਤੇ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ।ਗੁਰੂ ਘਰਾਂ ਚ ਪਹੁੰਚਣ ਵਾਲੇ ਯਾਤਰੂਆਂ ਵਾਸਤੇ ਆਧੁਨਿਕ ਸਮੇਂ ਦੀਆਂ ਸਰਾਵਾਂ ਤੇ ਰਿਹਾਇਸ਼ਾਂ ਬਣਾਈਆਂ ਜਾਣਗੀਆਂ। ਗੁਰੂ ਕੀ ਗੋਲਕ ਦੀ ਲੁੱਟ ਨੂੰ ਰੋਕਣ ਲਈ ਸਾਰੇ ਪ੍ਰਬੰਧ ਕੀਤੇ ਜਾਣਗੇ ਤੇ ਗੁਰੂ ਸਾਹਿਬ ਦੀਆਂ ਜਾਇਦਾਦਾਂ ਉੱਪਰ ਕਾਬਜ਼ ਲੋਕਾਂ ਨੂੰ ਹਟਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮੀਰੀ ਪੀਰੀ ਦਾ ਸਿਧਾਂਤ ਲਾਗੂ ਕਰਕੇ ਗੁਰੂ ਗ੍ਰੰਥ ਅਤੇ ਪੰਥ ਨੂੰ ਸਮਰਪਿਤ ਹੋਇਆ ਜਾਵੇਗਾ। ਉਹਨਾਂ ਨੇ ਕਿਹਾ ਕਿ ਅੱਜ ਹਰੇਕ ਸਿੱਖ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਯੋਗ ਹੱਥਾਂ ਵਿੱਚ ਦੇਣ ਲਈ ਉਪਰਾਲਾ ਕਰਨਾ ਚਾਹੀਦਾ ਹੈ ਜਿਸ ਲਈ ਪੰਥਕ ਅਕਾਲੀ ਲਹਿਰ ਸੰਗਤ ਦੀ ਸੇਵਾ ਵਿੱਚ ਹਾਜ਼ਰ ਹੈ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਤ ਹੋ ਕੇ ਇਸ ਵਾਰ ਐਸਜੀਪੀਸੀ ਦੀ ਵੋਟ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਨਾ ਤਾਂ ਉਹ ਕਿਸੇ ਦਾ ਰਾਜਨੀਤਕ ਪ੍ਰਭਾਵ ਮੰਨਣਗੇ ਤੇ ਨਾ ਹੀ ਕਿਸੇ ਨੂੰ ਧਰਮ ਦੇ ਨਾਂ ਉੱਤੇ ਰਾਜਨੀਤੀ ਕਰਨ ਦੇਣਗੇ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਪੰਥਕ ਅਕਾਲੀ ਲਹਿਰ ਨੂੰ ਸਫਲ ਬਣਾਈਏ। ਉਨ੍ਹਾਂ ਕਿਹਾ ਕਿ ਜੇਕਰ ਐਸਜੀਪੀਸੀ ਨੂੰ ਸੰਭਾਲ ਲਿਆ ਤਾਂ ਸਿੱਖ ਰਾਜਨੀਤੀ ਦੀ ਦਸ਼ਾ ਵੀ ਬਦਲ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਦੀ ਵਿਗੜੀ ਤਕਦੀਰ ਸੰਵਾਰਨ ਦਾ ਇਹ ਆਖਰੀ ਮੌਕਾ ਹੈ, ਕਿਉਂਕਿ ਇਸ ਮੌਕੇ ਕੌਮ ਡੇਰਾਵਾਦ ਤੇ ਧਰਮ ਪਰਿਵਰਤਨ ਵਿੱਚ ਗਲਤਾਨ ਹੋ ਰਹੀ ਹੈ। ਇਸ ਲਈ ਈਸਾਈ ਮਿਸ਼ਨਰੀ ਇੱਕ ਵਾਰ ਫਿਰ ਬ੍ਰਿਟਿਸ਼ ਸਰਕਾਰ ਵਾਂਗ ਪੰਜਾਬ ਅਤੇ ਸਮੁੱਚੇ ਮੁਲਕ ਨੂੰ ਗੁਲਾਮ ਬਣਾਉਣ ਦਾ ਸੋਚ ਰਹੇ ਹਨ। ਇਸ ਮੌਕੇ ਢਾਡੀ ਸਿੰਘਾਂ ਨੇ ਵਾਰਾਂ ਗਾਇਨ ਕੀਤੀਆਂ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਬਿੰਦਰ ਸਿੰਘ ਖਾਨਦਾਨ ਭਗਤਾਂ ਵੱਲੋਂ ਜੀ ਆਇਆਂ ਆਖਿਆ ਆਇਆਂ ਸੰਗਤਾਂ ਦਾ ਭਾਈ ਪ੍ਰਗਟ ਸਿੰਘ ਭੋਡੀਪੁਰਾ ਵੱਲੋਂ ਧੰਨਵਾਦ ਕੀਤਾ ਗਿਆ।

## ਦੇਸ਼ ਭਗਤ 'ਵਰਸਿਟੀ ਵੱਲੋਂ ਨਸ਼ਾਖੋਰੀ ਤੇ ਏਡਜ਼ ਜਾਗਰੂਕਤਾ 'ਤੇ ਮਾਹਿਰ ਲੈਕਚਰ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਨਸ਼ਾਖੋਰੀ ਤੇ ਏਡਜ਼ ਜਾਗਰੂਕਤਾ ਦੇ ਮਹੱਤਵਪੂਰਨ ਮੁੱਦਿਆਂ 'ਤੇ ਕੇਂਦਰਤ ਇੱਕ ਐਕਸਟੈਂਸ਼ਨ ਲੈਕਚਰ ਕਰਾਇਆ ਗਿਆ।ਸਮਾਗਮ ਦੀ ਸ਼ੁਰੂਆਤ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਅਤੇ ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ ਦੁਆਰਾ ਰਸਮੀ ਤੌਰ 'ਤੇ ਸ਼ਮਾ ਰੌਸ਼ਨ ਨਾਲ ਹੋਈ।ਐਨਐਸਐਸ ਕੋਆਰਡੀਨੇਟਰ ਸਤੀਸ਼ ਕੁਮਾਰ ਨੇ ਸੈਸ਼ਨ ਦੀ ਸ਼ੁਰੂਆਤ ਨਸ਼ਿਆਂ ਦੀ ਲਤ ਕਾਰਨ ਪੈਦਾ ਹੋ ਰਹੀਆਂ ਚੁਣੌਤੀਆਂ ਤੇ ਏਡਜ਼ ਨਾਲ ਇਸ ਦੇ ਸਬੰਧ ਨੂੰ ਉਜਾਗਰ ਕਰਦਿਆਂ ਕੀਤੀ।ਡਬਲਯੂਐਚਓ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ 2023 ਵਿੱਚ 42.3 ਮਿਲੀਅਨ ਲੋਕ ਏਡਜ਼ ਦਾ ਸ਼ਿਕਾਰ ਹੋਏ ਤੇ 39.3 ਮਿਲੀਅਨ ਅਜੇ ਵੀ ਐੱਚਆਈਵੀ ਨਾਲ ਜੀ ਰਹੇ ਹਨ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਦੁਰਵਰਤੋਂ ਵਾਇਰਸ ਦੇ ਫੈਲਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ, ਜੋ ਮੁੱਖ ਤੌਰ 'ਤੇ ਅਸੁਰੱਖਿਅਤ ਜਿਨਸੀ ਸੰਪਰਕ ਅਤੇ ਸੂਈਆਂ ਦੀ ਸਾਂਝੀ ਵਰਤੋਂ ਰਾਹੀਂ ਫੈਲਦਾ ਹੈ। ਇਸ ਲੈਕਚਰ ਵਿੱਚ ਕਈ ਮਾਹਿਰਾਂ ਦੁਆਰਾ ਵਿਆਪਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ।ਡਾ. ਏਰਿਕ ਕਵਾਸੀ ਐਲੂਸ਼ਨ ਨੇ ਨਸ਼ੀਲੇ ਪਦਾਰਥਾਂ ਦੀ ਲਤ ਦੇ ਖ਼ਤਰਿਆਂ ਬਾਰੇ ਸੂਝ ਪ੍ਰਦਾਨ ਕੀਤੀ। ਇਹ ਸਮਝਾਉਂਦੇ ਹੋਏ ਕਿ ਕਿਵੇਂ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਦਿਮਾਗ ਦੇ ਕਾਰਜ ਅਤੇ ਵਿਵਹਾਰ ਨੂੰ ਵਿਗਾੜਦੇ ਹਨ, ਜਿਸ ਨਾਲ ਅਕਸਰ ਵਿਅਕਤੀ ਸਮੇਂ ਦੇ ਨਾਲ ਵੱਧ ਨਸ਼ੀਲੀ ਖੁਰਾਕਾਂ 'ਤੇ ਨਿਰਭਰ ਹੋ ਜਾਂਦੇ ਹਨ।ਇਸ ਮੌਕੇ ਆਯੁਰਵੇਦ ਦੇ ਐਸੋਸੀਏਟ ਪ੍ਰੋਫੈਸਰ ਡਾ. ਸਤਿਯਮ ਨੇ ਅੱਗੇ ਚਰਚਾ ਕੀਤੀ ਕਿ ਕਿਵੇਂ ਨਸ਼ੀਲੇ ਪਦਾਰਥਾਂ ਦੀ ਲਤ ਐੱਚਆਈਵੀ ਦੇ ਸੰਚਾਰ ਵਿੱਚ ਇੱਕ ਮੁੱਖ ਕਾਰਕ ਹੈ, ਜਲਦੀ ਪਤਾ ਲਾਉਣ, ਐਂਟੀਰੇਟਰੋਵਾਇਰਲ ਥੈਰੇਪੀ (ਏਆਰਟੀ) ਨਾਲ ਇਲਾਜ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਅਤੇ ਐੱਚਆਈਵੀ-ਪਾਜ਼ਿਟਿਵ ਵਿਅਕਤੀਆਂ ਨਾਲ ਆਮ ਸੰਪਰਕ ਬਾਰੇ ਆਮ ਮਿੱਥਾਂ ਨੂੰ ਖਤਮ ਕੀਤਾ।

## ...ਸਫ਼ਾ 1 ਦੇ ਬਾਕੀ

### ਚਮਤਕਾਰੀ ਪਾਦਰੀ...

ਪਾਸਟਰ ਬਜਿੰਦਰ ਨੇ ਉਸ ਨੂੰ ਕਿਹਾ ਕਿ ਉਹ ਕੁਝ ਦਿਨਾਂ ਬਾਅਦ ਯੂ ਕੇ ਜਾ ਰਿਹਾ ਹੈ ਅਤੇ ਉਹ ਉਸ ਨੂੰ ਆਪਣੇ ਨਾਲ ਲੈ ਕੇ ਜਾਵੇਗਾ। ਪਾਸਟਰ ਨੇ ਉਸ ਨੂੰ ਆਪਣੇ ਨਾਲ ਵਿਦੇਸ਼ ਲੈ ਕੇ ਜਾਣ ਦਾ ਝਾਂਸਾ ਦੇ ਕੇ ਉਸ ਦੀ ਮਰਜ਼ੀ ਤੋਂ ਬਿਨਾਂ ਉਸ ਨਾਲ ਸਰੀਰਕ ਸੰਬੰਧ ਬਣਾਏ ਅਤੇ ਉਸ ਨੂੰ ਬੇਹੋਸ਼ ਕਰਕੇ ਉਸ ਦੀ ਅਸ਼ਲੀਲ ਵੀਡੀਓ ਵੀ ਬਣਾਈ। ਪਾਸਟਰ ਉਕਤ ਵੀਡੀਓ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਉਸ ਨਾਲ ਜ਼ਬਰਦਸਤੀ ਸਰੀਰਕ ਸੰਬੰਧ ਬਣਾਉਂਦਾ ਰਿਹਾ।

ਚਲਦੇ ਕੇਸ ਦੌਰਾਨ ਪੀੜਤਾ ਨੇ ਕਿਹਾ ਸੀ ਕਿ ਕੇਸ ਵਾਪਸ ਲੈਣ ਲਈ ਉਸ 'ਤੇ ਦਬਾਅ ਪਾਇਆ ਜਾ ਰਿਹਾ ਹੈ। ਖੁਦਸਾਖਤਾ 'ਰੱਬ ਦੇ ਬੰਦੇ' ਦੇ ਹਮਾਇਤੀਆਂ ਨੇ ਉਸ ਦੇ ਹੱਕ ਵਿੱਚ ਪ੍ਰੋਟੈਸਟ ਕਰਕੇ ਦਾਅਵਾ ਕੀਤਾ ਸੀ ਕਿ ਉਸ ਨੂੰ ਝੂਠਾ ਫਸਾਇਆ ਗਿਆ ਹੈ ਤੇ ਉਹ ਬੇਗੁਨਾਹ ਹੈ।

ਸਿਰਫ ਇਹੀ ਕੇਸ ਨਹੀਂ, ਪੰਜਾਬ ਪੁਲਸ ਨੇ ਬਜਿੰਦਰ ਖਿਲਾਫ ਰਣਜੀਤ ਕੌਰ ਨਾਂਅ ਦੀ ਮਹਿਲਾ ਦੇ ਬਿਆਨ 'ਤੇ ਵੀ ਪਿਛਲੀ ਫਰਵਰੀ ਨੂੰ ਐੱਫ ਆਈ ਆਰ ਦਰਜ ਕੀਤੀ ਸੀ। ਉਸ ਨੇ ਕਿਹਾ ਸੀ ਕਿ ਇਕ ਪ੍ਰਾਰਥਨਾ ਸਭਾ ਵਿੱਚ ਉਸ ਤੇ ਹੋਰਨਾਂ ਨਾਲ ਬਦਸਲੂਕੀ ਕੀਤੀ ਗਈ ਤੇ ਹਮਲਾ ਵੀ ਕੀਤਾ ਗਿਆ। ਉਸ ਨੇ ਕਿਹਾ ਸੀ ਕਿ ਉਸ 'ਤੇ ਉਦੋਂ ਹਮਲਾ ਕੀਤਾ ਗਿਆ, ਜਦੋਂ ਉਸ ਨੇ ਇੱਕ ਹੋਰ 'ਤੇ ਹਮਲੇ ਨੂੰ ਰੋਕਣ ਲਈ ਦਖਲ ਦਿੱਤਾ। 42 ਸਾਲਾ ਪਾਦਰੀ ਦਾ ਜਨਮ ਹਰਿਆਣਾ ਦੇ ਯਮੁਨਾਨਗਰ ਵਿੱਚ ਇੱਕ ਹਿੰਦੂ-ਜਾਟ ਪਰਵਾਰ ਵਿੱਚ ਹੋਇਆ ਸੀ। ਉਸ ਨੇ ਲੱਗਭੱਗ 15 ਸਾਲ ਪਹਿਲਾਂ ਇੱਕ ਕਤਲ ਕੇਸ ਵਿੱਚ ਕੈਦ ਦੌਰਾਨ ਈਸਾਈ ਧਰਮ ਅਪਣਾ ਲਿਆ ਸੀ। 2012 ਵਿੱਚ ਆਪਣੀ ਰਿਹਾਈ ਤੋਂ ਬਾਅਦ ਉਹ ਇੱਕ ਪ੍ਰਚਾਰਕ ਬਣ ਗਿਆ ਅਤੇ 2014 ਵਿੱਚ ਜਲੰਧਰ ਕੋਲ ਤਾਜਪੁਰ ਚਰਚ ਦੀ ਸਥਾਪਨਾ ਕਰਨ ਤੋਂ ਪਹਿਲਾਂ ਮੁਹਾਲੀ ਵਿੱਚ ਉਪਦੇਸ਼ ਦਿੰਦਾ ਰਿਹਾ। ਜ਼ਿਕਰਯੋਗ ਹੈ ਕਿ ਤਾਜਪੁਰ ਚਰਚ ਦੀਆਂ ਹੁਣ ਪੰਜਾਬ ਵਿੱਚ 23 ਸ਼ਾਖਾਵਾਂ ਹਨ ਅਤੇ ਕਈ ਸ਼ਾਖਾਵਾਂ ਭਾਰਤ ਤੋਂ ਬਾਹਰ ਕੈਨੇਡਾ, ਯੂ ਕੇ ਅਤੇ ਦੁਬਈ ਵਿੱਚ ਵੀ ਹਨ। ਬਜਿੰਦਰ ਸਿੰਘ, ਜਿਸ ਦਾ ਇੰਸਟਾਗ੍ਰਾਮ ਹੈਂਡਲ ਉਸ ਨੂੰ 'ਪੈਗੰਬਰ ਬਜਿੰਦਰ ਸਿੰਘ' (ਪ੍ਰੋਫੇਟ ਬਜਿੰਦਰ ਸਿੰਘ) ਵਜੋਂ ਦਰਸਾਉਂਦਾ ਸੀ, ਨੂੰ ਉਸ ਦੇ ਫਾਲੋਅਰਜ਼ ਵੱਲੋਂ 'ਪਾਪਾ' ਵੀ ਕਿਹਾ ਜਾਂਦਾ ਸੀ।

ਕਈ ਕਲਿੱਪਾਂ ਵਿੱਚ ਉਸ ਨੂੰ ਇਕੱਠਾਂ ਵਿੱਚ 'ਮੇਰਾ ਯਸ਼ੂ ਯਸ਼ੂ' ਗਾਉਂਦੇ ਦਿਖਾਇਆ ਗਿਆ, ਜਿੱਥੇ ਉਹ ਵੱਡੇ ਪੱਧਰ 'ਤੇ ਐੱਚ ਆਈ ਵੀ ਅਤੇ ਗੂੰਗੇਪਣ ਵਰਗੀਆਂ ਬਿਮਾਰੀਆਂ ਤੋਂ ਲੋਕਾਂ ਨੂੰ ਠੀਕ ਕਰਨ ਦਾ ਦਾਅਵਾ ਕਰਦਾ ਸੀ। ਬੀਤੇ ਸਮੇਂ ਪੰਜਾਬ ਵਿੱਚ ਰੱਖੇ ਗਏ ਸਮਾਗਮ ਦੌਰਾਨ ਕਈ ਮਸ਼ਹੂਰ ਹਸਤੀਆਂ ਪਾਦਰੀ ਨਾਲ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਅਦਾਕਾਰ ਚੰਕੀ ਪਾਂਡੇ, ਜਯਾ ਪ੍ਰਦਾ, ਅਰਬਾਜ਼ ਖਾਨ, ਤੁਸ਼ਾਰ ਕਪੂਰ ਅਤੇ ਆਦਿਤਿਆ ਪੰਚੋਲੀ ਮੌਜੂਦ ਸਨ।

## 106 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਮਖੂ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇਕ ਵਿਅਕਤੀ ਨੂੰ 106 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਦੌਰਾਨੇ ਗਸ਼ਤ ਮੁਲਜ਼ਮ ਬੂਟਾ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਮੋਹਕਮ ਵਾਲਾ ਉਰਫ ਅਰਾਈਆਂ ਵਾਲਾ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ ਇਸ ਕੋਲੋਂ 106 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਮੱਕੀ ਦੀ ਕਾਸ਼ਤ ਨੂੰ ਉਤਸ਼ਾਹਤ ਕਰਨ ਲਈ ਰਾਣਾ ਗੁਰਜੀਤ 5 ਨੂੰ ਆਉਣਗੇ : ਪੰਡੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਦੇ ਕਿਸਾਨਾਂ ਨੂੰ ਰਵਾਇਤੀ ਫਸਲੀ ਚੱਕਰ, ਜਿਸ ਵਿੱਚ ਕਣਕ ਅਤੇ ਝੋਨਾ ਸ਼ਾਮਲ ਹਨ, ਤੋਂ ਹਟਾ ਕੇ ਮੱਕੀ ਦੀ ਕਾਸ਼ਤ ਵੱਲ ਉਤਸ਼ਾਹਤ ਕਰਨ ਲਈ ਪੰਜਾਬ ਦੇ ਸਾਬਕਾ ਮੰਤਰੀ ਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਵਲੋਂ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਸ ਮੁਹਿੰਮ ਦੇ ਤਹਿਤ 5 ਅਪ੍ਰੈਲ ਨੂੰ ਸਗਨ ਪੈਲਸ ਮਹਿਲ ਕਲਾਂ ਵਿਖੇ ਕਿਸਾਨ ਮਿਲਣੀ ਸਮਾਗਮ ਆਯੋਜਤ ਕੀਤਾ ਜਾ ਰਿਹਾ ਹੈ।ਐਨ.ਆਰ.ਆਈ ਅੰਮ੍ਰਿਤਪਾਲ ਸਿੰਘ ਪੰਡੋਰੀ, ਸੁਰਪ੍ਰੀਤ ਸਿੰਘ ਜੌਹਲ ਪੰਡੋਰੀ ਨੇ ਦੱਸਿਆ ਕਿ ਇਸ ਮੌਕੇ ਵਿਧਾਇਕ ਰਾਣਾ ਗੁਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਕਿਸਾਨਾਂ ਨੂੰ ਮੱਕੀ ਦੀ ਬਿਜਾਈ, ਸਾਂਭ-ਸੰਭਾਲ ਤੇ ਮੰਡੀਕਰਨ ਬਾਰੇ ਅਹਿਮ ਜਾਣਕਾਰੀ ਦੇਣਗੇ।ਉਨ੍ਹਾਂ ਕਿਹਾ ਕਿ ਵਿਧਾਇਕ ਰਾਣਾ ਵੱਲੋਂ ਮੱਕੀ ਦੀ ਫਸਲ ਦੀ ਖਰੀਦ ਅਤੇ ਐਮ ਐਸ ਪੀ ਦਾ ਯਕੀਨੀ ਪ੍ਰਬੰਧ ਕੀਤਾ ਗਿਆ ਹੈ।ਪੰਡੋਰੀ ਨੇ ਦੱਸਿਆ ਕਿ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੀ ਫਸਲ ਦੀ ਖਰੀਦ ਲਈ ਪਹਿਲਾਂ ਹੀ ਪੂਰਾ ਪ੍ਰਬੰਧ ਕੀਤਾ ਜਾ ਚੁੱਕਾ ਹੈ ਤੇ ਉਨ੍ਹਾਂ ਨੂੰ ਸਮੇਂ ਸਿਰ ਭੁਗਤਾਨ ਕੀਤਾ ਜਾਵੇਗਾ।ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਮੱਕੀ ਦੀ ਫ਼ਸਲ 'ਤੇ ਘੱਟੋ-ਘੱਟ ਸਮਰਥਨ ਮੁੱਲ ਐਮ ਐਸ ਪੀ ਲਾਗੂ ਕਰਨਾ ਇੱਕ ਇਤਿਹਾਸਿਕ ਕਦਮ ਹੈ, ਜੋ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਮਦਦਗਾਰ ਹੋਵੇਗਾ।ਪਿਛਲੇ 3-4 ਦਹਾਕਿਆਂ ਤੋਂ ਵੱਖ-ਵੱਖ ਕਿਸਾਨ ਹਿਤੈਸ਼ੀ ਧਿਰਾਂ ਵਲੋਂ ਐਮ ਐਸ ਪੀ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ, ਪਰ ਸਰਕਾਰਾਂ ਵੱਲੋਂ ਹਮੇਸ਼ਾ ਕੇਵਲ ਝੂਠੇ ਵਾਅਦੇ ਹੀ ਕੀਤੇ ਗਏ।ਹੁਣ ਰਾਣਾ ਗੁਰਜੀਤ ਸਿੰਘ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਹ ਇਤਿਹਾਸਿਕ ਫੈਸਲਾ ਲਿਆ ਹੈ, ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਆਰਥਿਕ ਮਜ਼ਬੂਤੀ ਮਿਲੇਗੀ।ਪ੍ਰਬੰਧਕਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ 5 ਅਪ੍ਰੈਲ ਨੂੰ ਹੋਣ ਵਾਲੇ ਇਸ ਸਮਾਗਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਡਿਜੀਟਲ ਲਾਇਬ੍ਰੇਰੀ ਹਾਸ਼ਮ ਸ਼ਾਹ ਦੀ ਯਾਦ 'ਚ ਸਥਾਪਤ ਕੀਤੀ ਜਾਵੇਗੀ : ਧਾਲੀਵਾਲ

**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)**- ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬੀ ਦੀ ਨਵ ਸਿਰਜਣਾ ਲਈ ਮਹਾ ਉਤਸਵ ਦੀ ਲੜੀ ਤਹਿਤ ਹਾਸ਼ਮ ਸ਼ਾਹ ਯਾਦਗਾਰੀ ਟਰਸਟ ਦੇ ਸਹਿਯੋਗ ਨਾਲ ਕੌਮਾਂਤਰੀ ਕਿੱਸਾਕਾਰ ਹਾਸ਼ਮ ਸ਼ਾਹ ਦੇ ਜੱਦੀ ਪਿੰਡ ਜਗਦੇਵ ਕਲਾਂ (ਅੰਮ੍ਰਿਤਸਰ ) ਵਿਖੇ ਉਹਨਾਂ ਦੀ ਯਾਦ ਵਿੱਚ ਸਮਰਪਿਤ ਯਾਦਗਾਰੀ ਭਾਸ਼ਣ ਤੇ ਸੈਮੀਨਾਰ ਕਰਵਾਇਆ ਗਿਆ।ਜਿਸ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਜੋ ਹਾਸ਼ਮ ਸ਼ਾਹ ਯਾਦਗਾਰੀ ਟਰਸਟ ਦੇ ਪ੍ਰਧਾਨ ਵੀ ਹਨ, ਸ਼ਾਮਲ ਹੋਏ।ਜਦੋਂਕਿ ਵਿਸ਼ੇਸ਼ ਮਹਿਮਾਨਾਂ ਵਜੋਂ ਡਾਕਟਰ ਸੁਖਦੇਵ ਸਿੰਘ ਸਿਰਸਾ ਸਾਬਕਾ ਮੁਖੀ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ, ਪ੍ਰੋਫ਼ ਸੁਰਜੀਤ ਜੱਜ, ਡਾ. ਹੀਰਾ ਸਿੰਘ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਸਵਿੰਦਰ ਸਿੰਘ ਗਿੱਲ, ਕੰਵਰਜੀਤ ਸਿੰਘ ਗਿੱਲ, ਜਸਬੀਰ ਸਿੰਘ ਗਿੱਲ, ਰਮੇਸ਼ ਯਾਦਵ, ਭੁਪਿੰਦਰ ਸਿੰਘ ਸੰਧੂ, ਐਸ ਪਰਸ਼ੋਤਮ ਨੇ ਸਾਂਝੇ ਤੌਰ 'ਤੇ ਮੌਜੂਦ ਸਨ।ਕੈਬਨਿਟ ਮੰਤਰੀ ਧਾਲੀਵਾਲ ਨੇ ਐਲਾਨ ਕੀਤਾ ਕਿ ਕਿੱਸਾਕਾਰ ਹਾਸ਼ਮ ਸ਼ਾਹ ਯਾਦ ਨੂੰ ਸਮਰਪਿਤ ਪਿੰਡ ਜਗਦੇਵ ਕਲਾਂ ਵਿਖੇ ਪੰਜਾਬ ਦੀ ਦਿਹਾਤੀ ਖੇਤਰ ਦੀ ਵੱਡੀ ਤੇ ਪਲੇਠੀ 21 ਲੱਖ ਰੁਪਏ ਦੀ ਲਾਗਤ ਨਾਲ



ਡਿਜੀਟਲ ਲਾਇਬਰੇਰੀ ਸਥਾਪਿਤ ਕੀਤੀ ਜਾਏਗੀ ਅਤੇ ਇਸ ਲਾਈਬ੍ਰੇਰੀ 'ਚੋਂ ਸਾਹਿਤਕਾਰਾਂ ਲਈ ਬਹੁਮੁੱਲੀਆਂ ਸਾਹਿਤਕ ਤੇ ਇਤਿਹਾਸਕ ਪੁਸਤਕਾਂ ਤੋਂ ਇਲਾਵਾ ਜਿਲ੍ਹੇ ਭਰ ਦੇ ਹੋਣਹਾਰ ਵਿਦਿਆਰਥੀ ਆਪਣੀ ਉਚੇਰੀ ਪੜ੍ਹਾਈ ਲਈ ਮੁਫਤ ਕਿਤਾਬਾਂ ਪ੍ਰਾਪਤ ਕਰਕੇ ਪੜ੍ਹ ਸਕਣਗੇ। ਪਿੰਡ ਦੇ ਜੰਮਪਲ ਨਾਵਲਕਾਰ ਰਾਜ ਗਿੱਲ, ਕਹਾਣੀਕਾਰ ਮੁਖਤਾਰ ਗਿੱਲ ਅਤੇ ਸੁਪ੍ਰਸਿੱਧ ਪੰਜਾਬੀ ਕਵੀ ਬਾਬਾ ਨਜਮੀ ਦੇ ਵੱਡ ਵਡੇਰਿਆਂ ਦਾ ਜੱਦੀ ਪਿੰਡ ਹੋਣ ਦੀ ਉਚੇਚੇ ਤੌਰ 'ਤੇ ਜ਼ਿਕਰ ਕੀਤਾ।ਇਸ ਮੌਕੇ ਮੁੱਖ ਬੁਲਾਰੇ ਵਜੋਂ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਮੁਖੀ ਡਾਕਟਰ ਸੁਖਦੇਵ ਸਿੰਘ ਸਰਸਾ ਨੇ ਕਿੱਸਾਕਾਰ ਹਾਸ਼ਮ ਸ਼ਾਹ ਦੀ ਯਾਦ ਨੂੰ ਇੱਕ ਵਾਰ ਫਿਰ ਪੰਜਾਬ ਤੇ ਦੇਸ਼ ਦੇ ਮੌਜੂਦਾ ਹਾਲਾਤਾਂ ਦੇ ਸੰਦਰਭ ਵਿਚ ਉਹਨਾਂ ਦੀਆਂ ਰਚਨਾਵਾਂ ਨੂੰ ਮੁੱਲਵਾਨ ਦੱਸਿਆ। ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਡਾਕਟਰ ਹੀਰਾ ਸਿੰਘ ਨੇ ਆਪਣੇ ਭਾਸ਼ਣ 'ਚ ਸਪੱਸ਼ਟ ਕੀਤਾ ਕਿ ਕਿੱਸਾਕਾਰਾਂ ਦਾ ਮੁੱਖ ਮੰਤਵ ਪੰਜਾਬ ਦੀ ਸੱਭਿਅਤਾ ਦੇ ਅਮੀਰ ਵਿਰਸੇ ਦਾ ਜਿੱਥੇ ਜਿਕਰ ਕਰਨਾ ਸੀ, ਉੱਥੇ ਨਾਲ ਹੀ ਨਾਲ ਸਮੁੱਚੀ ਕਾਇਨਾਤ ਨੂੰ ਇੱਕ ਲੜੀ ਵਿੱਚ ਪਰੋ ਕੇ ਨਫਰਤ ਤੋਂ ਦੂਰ ਤੇ ਆਪਸੀ ਸਦਭਾਵੀ ਰਿਸ਼ਤਿਆਂ ਵਿੱਚ ਪਰੋਣਾ ਸੀ, ਜਿਹਦੀ ਅੱਜ ਦੇ ਸੰਦਰਭ ਵਿੱਚ ਬਹੁਤ ਹੀ ਮਹੱਤਵਪੂਰਨ ਲੋੜ ਹੈ।ਸੈਮੀਨਾਰ ਦਾ ਆਗਾਜ਼ ਮੇਜ਼ਬਾਨ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਯਸਮੀਤ ਕੌਰ ਵੱਲੋਂ ਕਹੇ ਗਏ ਸੁਆਗਤੀ ਸ਼ਬਦਾਂ ਨਾਲ ਹੋਇਆ।ਮੰਚ ਸੰਚਾਲਕ ਦੀ ਭੂਮਿਕਾ ਭੁਪਿੰਦਰ ਸਿੰਘ ਸੰਧੂ ਨੇ ਨਿਭਾਈ।

# ਗੜੇਮਾਰੀ ਦਾ ਮੁੱਦਾ ਵਿਧਾਨ ਸਭਾ 'ਚ ਉਠਾ ਕੇ ਸੁੱਖ ਸਰਕਾਰੀਆ ਨੇ ਲੋਕਾਂ ਦਾ ਦਿਲ ਜਿੱਤਿਆ : ਕੱਕੜ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)** ਵਿਧਾਨ ਸਭਾ ਹਲਕਾ ਰਾਜਾ ਸਾਂਸੀ ਦੇ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੇ ਪਿਛਲੇ ਦਿਨੀਂ ਹਲਕਾ ਰਾਜਾਸਾਂਸੀ ਦੇ ਵੱਖ-ਵੱਖ ਪਿੰਡਾਂ ਵਿੱਚ ਹੋਈ ਗੜੇਮਾਰੀ ਨਾਲ 100 ਫੀਸਦੀ ਬਰਬਾਦ ਹੋਈ ਕਣਕ ਦਾ ਮੁੱਦਾ ਵਿਧਾਨ ਸਭਾ ਵਿੱਚ ਉਠਾਕੇ ਜਨਤਾ ਦੇ ਦਿਲਾਂ ਨੂੰ ਜਿੱਤ ਲਿਆ ਹੈ।ਸ੍ਰੀ ਸਰਕਾਰੀਆ ਦੇ ਅਜਿਹਾ ਕਰਨ ਨਾਲ ਉਨ੍ਹਾਂ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਹਲਕਾ ਰਾਜਾਸਾਂਸੀ ਦੀ ਜਨਤਾ ਨੂੰ ਆਪਣਾਂ ਪਰਵਾਰ ਹੀ ਸਮਝਦੇ ਹਨ।ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਰਾਜਾ ਸਾਂਸੀ ਦੇ ਪ੍ਰਮੁੱਖ ਕਾਂਗਰਸੀ ਆਗੂ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਇੱਕ ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰੀਆ ਜੀ ਨੇ ਵਿਧਾਨ ਸਭਾ ਵਿੱਚ ਆਪਣੇ ਹਲਕੇ ਦੀ ਅਵਾਜ਼ ਉਠਾਉਂਦਿਆਂ ਕਿਹਾ ਕਿ ਕਾਂਗਰਸ ਸਰਕਾਰ ਦੌਰਾਨ ਕਿਸਾਨਾਂ ਨੂੰ ਮੁਆਵਜ਼ੇ ਦੀ ਰਕਮ 8 ਹਜ਼ਾਰ ਤੋਂ 12 ਹਜ਼ਾਰ ਕੀਤੀ ਗਈ ਸੀ ਅਤੇ ਹੁਣ ਆਪ ਦੀ ਬਦਲਾਅ ਵਾਲੀ ਸਰਕਾਰ ਦਿਲ ਖੋਲ੍ਹਕੇ ਇਸ ਮੁਆਵਜ਼ੇ ਦੀ ਰਕਮ ਨੂੰ 12 ਹਜ਼ਾਰ ਤੋਂ ਹੋਰ ਵਧਾਕੇ ਦੇਵੇ। ਸ੍ਰੀ ਕੱਕੜ ਨੇ ਕਿਹਾ ਕਿ ਸ੍ਰੀ ਸਰਕਾਰੀਆ ਨੇ ਹਲਕਾ ਰਾਜਾਸਾਂਸੀ ਦੇ ਲੋਕਾਂ ਦੀ ਅਵਾਜ਼ ਅਤੇ ਮੰਗਾਂ ਨੂੰ ਹਮੇਸ਼ਾਂ ਵਿਧਾਨ ਸਭਾ ਵਿੱਚ ਬਾਖੂਬੀ ਉਠਾਇਆ ਹੈ।ਇਸ ਮੌਕੇ ਉਨ੍ਹਾਂ ਨਾਲ ਸਰਪੰਚ ਸੋਨਾ ਸਿੱਧੂ ਬਲੱਗਣ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾਂ, ਗੁਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਸੁਖਦੇਵ ਸਿੰਘ ਵਣੀਏਕੇ ਪ੍ਰਧਾਨ ਓ ਬੀ ਸੀ ਹਲਕਾ ਰਾਜਾਸਾਂਸੀ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਮੇਜਰ ਸਿੰਘ ਕੱਕੜ ਮੀਤ ਪ੍ਰਧਾਨ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਗੁਰਮੀਤ ਸਿੰਘ ਡਾਲਾ, ਗੁਰਜੰਟ ਸਿੰਘ ਮੁੱਧ, ਸਾਹਬੀ ਚੈਨਪੁਰ, ਲਖਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਸ਼ਮਸ਼ੇਰ ਸਿੰਘ ਸਾਰੰਗੜਾ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਸੁਖਦੇਵ ਸਿੰਘ ਨੱਥੂਪੁਰ, ਨਿੰਦਰ ਲੋਪੋਕੇ, ਨਰਿੰਦਰ ਸਿੰਘ ਹੇਤਮਪੁਰਾ, ਸੂਬਾ ਸਿੰਘ ਹੇਤਮਪੁਰਾ, ਸੂਬਾ ਸਿੰਘ ਪੰਜੂਰਾਏ, ਸੁਰਜੀਤ ਸਿੰਘ ਰਾਣੀਆਂ, ਮੇਜਰ ਸਿੰਘ ਰਾਏ, ਬਲਜੀਤ ਸਿੰਘ ਪੰਡੋਰੀ, ਨਿਸ਼ਾਨ ਸਿੰਘ ਬੱਚੀਵਿੰਡ, ਬੱਬੂ ਕਾਵੇਂ, ਬਾਬਾ ਦਲਬੀਰ ਸਿੰਘ ਪੱਧਰੀ, ਲਖਵਿੰਦਰ ਸਿੰਘ ਭਿੱਟੇਵੱਡ, ਗੁਰਮੇਜ ਸਿੰਘ ਬਬਲਾ ਕੋਟਲਾ, ਸੁਖਬੀਰ ਸਿੰਘ ਸ਼ਾਹ ਭਿੱਟੇਵੱਡ, ਕੁਲਬੀਰ ਸਿੰਘ ਬਰਾੜ, ਸਾਹਿਬ ਸਿੰਘ ਬਰਾੜ, ਸਰਪੰਚ ਦਲਜੀਤ ਸਿੰਘ ਠੱਠਾ, ਦਿਲਬਾਗ ਸਿੰਘ ਖਿਆਲਾ, ਸਰਪੰਚ ਹਰਮਨ ਸਿੰਘ ਮਾਨਾਂਵਾਲਾ, ਖੁਸ਼ਬੀਰ ਸਿੰਘ ਬਹਿੜਵਾਲ ਅਤੇ ਜੁਰਤਪਾਲ ਸਿੰਘ ਓਡਰ ਆਦਿ ਹਾਜ਼ਰ ਸਨ।

# ਸਰਕਾਰੀ ਐਲੀਮੈਂਟਰੀ ਸਕੂਲ ਖੋਖਰ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਖੋਖਰ ਦਾ ਸਾਲਾਨਾ ਇਨਾਮ ਵੰਡ ਅਤੇ ਗ੍ਰੈਜੂਏਸ਼ਨ ਸੈਰੇਮਨੀ ਸਮਾਗਮ ਸਕੂਲ ਦੇ ਮੁੱਖ ਅਧਿਆਪਕ ਕੁਲਦੀਪ ਪੂਰੋਵਾਲ ਦੀ ਅਗਵਾਈ ਹੇਠ ਹੋਇਆ। ਇਸ ਮੌਕੇ ਮੁੱਖ ਅਧਿਆਪਕ ਕੁਲਦੀਪ ਪੂਰੋਵਾਲ ਨੇ ਦੱਸਿਆ ਕਿ ਪ੍ਰੀ ਪ੍ਰਾਇਮਰੀ ਅਤੇ ਪ੍ਰਾਇਮਰੀ ਦੇ ਵਿਦਿਆਰਥੀਆਂ ਨੂੰ ਪ੍ਰੀ ਸਕੂਲ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਅਰਮਨਪ੍ਰੀਤ ਨੇ 96.8% , ਸਿਮਰਨ ਨੇ 95.6% , ਅਭਿਜੋਤ ਨੇ 94% ਨੰਬਰ ਪ੍ਰਾਪਤ ਕੀਤੇ ਹਨ। ਗੁਰਪ੍ਰਤਾਪ ਨੇ ਖੇਡਾਂ ਵਿੱਚ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਸਕੂਲ ਦਾ ਸਮੁੱਚਾ ਨਤੀਜਾ 100% ਰਿਹਾ ਹੈ। ਇਸ ਮੌਕੇ ਵਿਦਿਆਰਥੀਆਂ ਨੇ ਗੀਤ, ਗਿੱਧਾ, ਭੰਗੜਾ ਪਾ ਕੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਜਨੀ, ਅਧਿਆਪਕਾ ਆਸ਼ਾ ਰਾਣੀ, ਹਰਮੀਤ ਕੌਰ,ਅਮਨਦੀਪ ਕੌਰ, ਆਂਗਣਵਾੜੀ ਵਰਕਰ ਸੁਮਨ ਬਾਲਾ, ਕਲਾਸ ਦੇਵੀ ਅਤੇ ਵਿਦਿਆਰਥੀਆਂ ਦੇ ਮਾਪੇ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਖਜੂਰੀ ਇਤਵਾਰ ਦੇ ਜਸ਼ਨਾਂ ਦੀਆਂ ਤਿਆਰੀਆਂ ਪੂਰੀਆਂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਡਾਇਓਸਿਸ ਆਫ ਅੰਮ੍ਰਿਤਸਰ (ਡੀਓਏ), ਚਰਚ ਆਫ਼ ਨੌਰਥ ਇੰਡੀਆ (ਸੀ ਐਨ ਆਈ), ਖਜੂਰੀ ਇਤਵਾਰ, ਜੋ ਕਿ ਪ੍ਰਭੂ ਯਿਸੂ ਮਸੀਹ ਦੇ ਗੁੱਡ ਫਰਾਈਡੇ 'ਤੇ ਸਲੀਬ 'ਤੇ ਚੜ੍ਹਾਏ ਜਾਣ ਤੋਂ ਪਹਿਲਾਂ ਯਰੂਸ਼ਲਮ ਵਿੱਚ ਜੇਤੂ ਪ੍ਰਵੇਸ਼ ਨੂੰ ਦਰਸਾਉਂਦਾ ਹੈ, ਮਨਾਉਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ।ਚਰਚ ਆਫ ਨੌਰਥ ਇੰਡੀਆ ਦੇ ਮੌਡਰੇਟਰ ਦੇ ਐਪੀਸਕੋਪਲ ਕਮਿਸਰੀ, ਰਾਈਟ ਰੈਵਰੈਂਡ ਮਨੋਜ ਚਰਨ ਦੀ ਅਗਵਾਈ ਹੇਠ, ਡਾਇਓਸਿਸ ਆਫ ਅੰਮ੍ਰਿਤਸਰ, ਸੀ ਐਨ ਆਈ, ਦੇ ਮਾਝਾ ਸੇਵਕ ਸੰਘ (ਐਮ ਐਸ ਐਸ), ਨੇ ਸਮਾਗਮ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਲਈ ਇੱਕ ਮੀਟਿੰਗ ਆਯੋਜਤ ਕੀਤੀ।ਬਿਸ਼ਪ ਮਨੋਜ ਚਰਨ ਨੇ ਖਜੂਰੀ ਇਤਵਾਰ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ, 'ਜਦੋਂ ਅਸੀਂ ਖਜੂਰੀ ਇਤਵਾਰ ਮਨਾਉਂਦੇ ਹਾਂ ਤਾਂ ਅਸੀਂ ਯਰੂਸ਼ਲਮ ਵਿੱਚ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਿਮਰਤਾ ਨਾਲ ਕੀਤੇ ਗਏ ਪ੍ਰਵੇਸ਼ ਨੂੰ ਯਾਦ ਕਰਦੇ ਹਾਂ, ਜਿਸ ਦੇ ਨਾਲ ਸਲੀਬ ਵੱਲ ਉਨ੍ਹਾਂ ਦੀ ਯਾਤਰਾ ਦੀ ਸ਼ੁਰੂਆਤ ਹੋਈ ਸੀ। ਇਹ ਮੌਕਾ ਸਾਨੂੰ ਨਿਮਰਤਾ, ਕੁਰਬਾਨੀ ਅਤੇ ਪਿਆਰ ਦੇ ਅਸਲ ਅਰਥ ਦੀ ਯਾਦ ਦਿਵਾਉਂਦਾ ਹੈ।' ਖਜੂਰੀ ਇਤਵਾਰ ਸ਼ਾਂਤੀ ਜਲੂਸ ਦੇ ਕਨਵੀਨਰ ਡੈਨੀਅਲ ਬੀ ਦਾਸ ਨੇ ਵੇਰਵੇ ਸਾਂਝੇ ਕਰਦੇ ਹੋਏ ਕਿਹਾ ਕਿ ਡਾਇਓਸਿਸ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪੇਂਡੂ ਖੇਤਰਾਂ ਵਿੱਚ ਈਸਾਈਆਂ ਵਿੱਚ ਖਜੂਰੀ ਇਤਵਾਰ ਦੇ ਜਸ਼ਨਾਂ ਪ੍ਰਤੀ ਉਤਸ਼ਾਹ ਸਪੱਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ। ਅਜਨਾਲਾ, ਅਟਾਰੀ, ਖੇਮਕਰਨ ਇਲਾਕਿਆਂ ਅਤੇ ਬਟਾਲਾ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦੇ ਖਜੂਰੀ ਇਤਵਾਰ ਸ਼ਾਂਤੀ ਜਲੂਸ ਵਿੱਚ ਹਿੱਸਾ ਲੈਣ ਦੀ ਉਮੀਦ ਹੈ ਜਦੋਂ ਕਿ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਦੇ ਚਰਚਾਂ ਅਤੇ ਡਾਇਓਸਿਸਨ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਵੀ ਹਿੱਸਾ ਲੈਣ ਦੀ ਸੰਭਾਵਨਾ ਹੈ।

# ਖਾਲਸਾ ਕਾਲਜ ਮਹਿਤਾ ਐਮ ਏ ਹਿਸਟਰੀ ਸਮੈਸਟਰ ਦੂਜੇ ਦਾ ਨਤੀਜਾ ਸ਼ਾਨਦਾਰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)** ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਐਮ ਏ ਦੂਜੇ ਸਮੈਸਟਰ ਦੇ ਨਤੀਜੇ 100 ਪ੍ਰਤੀਸ਼ਤ ਰਹੇ।ਜਿਸ ਵਿੱਚ ਹਰਪ੍ਰੀਤ ਕੌਰ ਅਤੇ ਮਨਦੀਪ ਕੌਰ 74%, ਸੰਦੀਪ ਕੌਰ, ਸ਼ਰਨਜੀਤ ਕੌਰ, ਨਵਨੀਤ ਕੌਰ, ਸੁਖਮਨਪ੍ਰੀਤ ਕੌਰ 73% ਸ਼ਰਨਜੀਤ ਕੌਰ, ਜਸ਼ਨਪ੍ਰੀਤ ਕੌਰ, ਮਨਪ੍ਰੀਤ ਕੌਰ 72% ਅੰਕ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ।ਇਸ ਤੋਂ ਇਲਾਵਾ ਪ੍ਰੇਮਜੀਤ ਸਿੰਘ, ਕਿਰਨਦੀਪ ਕੌਰ, ਯਾਦਵੀਰ ਕੌਰ ਤੇ ਨਵਨੀਤ ਕੌਰ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ। ਇਸ ਮੌਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ 'ਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ। ਇਸ ਮੌਕੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਮਨਜੀਤ ਕੌਰ, ਗੁਰਸ਼ਰਨਪ੍ਰੀਤ ਕੌਰ, ਪੂਰਤੀ ਸ਼ਰਮਾ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਸੁਪ੍ਰੀਤ ਕੌਰ, ਨਵਨੀਤ ਕੌਰ, ਅਮਨਦੀਪ ਕੌਰ, ਪਵਨਦੀਪ ਕੌਰ, ਸੁਖਮਨਦੀਪ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਰਾਜਪਾਲ ਦੀ ਆਮਦ ਨੂੰ ਲੈ ਕੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਨੇ ਕੀਤੀ ਸਕੂਲ ਮੁਖੀਆਂ ਨਾਲ ਮੀਟਿੰਗ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ 3 ਅਪ੍ਰੈਲ ਨੂੰ ਡੇਰਾ ਬਾਬਾ ਨਾਨਕ ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਤੋਂ ਨਸ਼ਿਆਂ ਵਿਰੁੱਧ ਕੱਢੀ ਜਾ ਰਹੀ ਪੈਦਲ ਯਾਤਰਾ ਵਿੱਚ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਸ਼ਾਮਲ ਹੋਣ ਲਈ ਗੁਰਦਾਸਪੁਰ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਸਕੈਂਡਰੀ ਰਾਜੇਸ਼ ਕੁਮਾਰ ਸ਼ਰਮਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਡੇਰਾ ਬਾਬਾ ਨਾਨਕ ਵਿਖੇ ਸਮੂਹ ਸਕੂਲ ਮੁਖੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਡੇਰਾ ਬਾਬਾ ਨਾਨਕ ਬਲਾਕ 1 ਅਤੇ ਡੇਰਾ ਬਾਬਾ ਨਾਨਕ ਬਲਾਕ 2 ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ , ਹਾਈ ਸਕੂਲ, ਮਿਡਲ ਸਕੂਲ ਦੇ ਮੁਖੀਆਂ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਦੇ ਮੁਖੀ ਵੀ ਹਾਜ਼ਰ ਹੋਏ।ਰਾਜੇਸ਼ ਸ਼ਰਮਾ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਵੱਲੋਂ 3 ਮਾਰਚ ਨੂੰ ਡੇਰਾ ਬਾਬਾ ਨਾਨਕ ਅਤੇ 4 ਮਾਰਚ ਨੂੰ ਫਤਿਹਗੜ੍ਹ ਚੂੜੀਆਂ ਵਿਖੇ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਕੱਢੀ ਜਾ ਰਹੀ ਹੈ।ਉਸ ਯਾਤਰਾ ਵਿੱਚ ਸ਼ਾਮਲ ਹੋਣ ਲਈ ਸਮੂਹ ਸਕੂਲ ਮੁਖੀ ਅਤੇ ਅਧਿਆਪਕ ਆਪਣੇ ਸਕੂਲਾਂ ਦੇ ਬੱਚਿਆਂ ਨੂੰ ਲੈ ਕੇ ਡਿਸਿਪਲਨ ਵਿੱਚ ਰਹਿੰਦੇ ਹੋਏ ਸਵੇਰੇ 6 ਵਜੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਡੇਰਾ ਬਾਬਾ ਨਾਨਕ ਵਿਖੇ ਹਾਜ਼ਰ ਹੋਣਾ ਯਕੀਨੀ ਬਣਾਉਣਗੇ।ਉਨ੍ਹਾਂ ਨੇ ਸਕੂਲ



ਮੁਖੀਆਂ ਨੂੰ ਹਦਾਇਤ ਕੀਤੀ ਕਿ ਰਾਜਪਾਲ ਦੀ ਟੀਮ ਕਿਸੇ ਵੀ ਸਕੂਲ ਦਾ ਦੌਰਾ ਕਰ ਸਕਦੀ ਹੈ, ਇਸ ਲਈ ਸਕੂਲ ਮੁਖੀ ਆਪਣੇ ਸਕੂਲਾਂ ਨੂੰ ਸੁੰਦਰ ਬਣਾਉਣ ਵਿੱਚ ਕੋਈ ਵੀ ਕਸਰ ਬਾਕੀ ਨਾ ਛੱਡਣ।ਉਹਨਾਂ ਕਿਹਾ ਕਿ ਇਸ ਪੈਦਲ ਯਾਤਰਾ ਦੇ ਵਿੱਚ ਸਿੱਖਿਆ ਵਿਭਾਗ ਵੱਲੋਂ ਬਲਾਕ ਡੇਰਾ ਬਾਬਾ ਨਾਨਕ 1 ਅਤੇ 2 ਦੇ ਸਕੂਲਾਂ ਦੇ ਵਿਦਿਆਰਥੀਆਂ ਸਮੇਤ ਅਧਿਆਪਕਾਂ ਦੀ ਗਿਣਤੀ 700 ਦੇ ਕਰੀਬ ਹੋਵੇਗੀ। ਇਸ ਮੌਕੇ ਉਹਨਾਂ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਜਾਰੀ ਕਰਦੇ ਹੋਏ ਕਿਹਾ ਕਿ ਉਹ ਸਿੱਖਿਆ ਵਿਭਾਗ ਵੱਲੋਂ ਭੇਜੀਆਂ ਗਈਆਂ ਗਰਾਂਟਾਂ ਨੂੰ ਸਮੇਂ ਸਿਰ ਖਰਚਣ ਅਤੇ ਨਵੇਂ ਸਾਲ ਵਿੱਚ ਆਪਣੇ ਸਕੂਲਾਂ ਦੀ ਅਨਰੋਲਮੈਂਟ ਵਧਾਉਣ ਵਿੱਚ ਵਿਸ਼ੇਸ਼ ਸਹਿਯੋਗ ਕਰਨ।ਇਸ ਮੌਕੇ ਜ਼ਿਲ੍ਹਾ ਗਾਈਡੈਂਸ ਐਂਡ ਕੌਂਸਲਰ ਪਰਵਿੰਦਰ ਸਿੰਘ ਸੈਣੀ ਵੱਲੋਂ ਵੀ ਆਪਣੇ ਸੁਝਾਅ ਪੇਸ਼ ਕੀਤੇ ਗਏ।ਇਸ ਮੌਕੇ ਪ੍ਰਿੰਸੀਪਲ ਮੈਡਮ ਰੁਪਿੰਦਰਜੀਤ ਧਾਲੀਵਾਲ, ਸਕੂਲ ਇੰਚਾਰਜ ਮੈਡਮ ਮਨਦੀਪ ਕੌਰ, ਬੀ ਐਨ ਓ ਪ੍ਰਿੰਸੀਪਲ ਬਲਵਿੰਦਰ ਸਿੰਘ ਤੇਜਾ ਵੀਲਾ, ਪ੍ਰਿੰਸੀਪਲ ਦੀਪਕ ਕੁਮਾਰ ਬੀ ਐਨ ਓ ਵਡਾਲਾ ਬਾਂਗਰ, ਨਿਰਮਲ ਸਿੰਘ ਬੀ ਐਨ ਓ ਕਲਾਨੌਰ, ਮਾਸਟਰ ਪਲਵਿੰਦਰ ਸਿੰਘ, ਪਰਮਿੰਦਰ ਸਿੰਘ ਬੇਦੀ ਕੋਟਲੀ ਸੂਰਤ ਮੱਲੀ, ਜਗਜੀਤ ਸਿੰਘ ਧਾਰੋਵਾਲੀ, ਕੁਲਵਿੰਦਰ ਸਿੰਘ ਡੇਢ ਫੱਤੂਪੁਰ, ਪਰਮਿੰਦਰ ਸਿੰਘ ਬੇਦੀ ਧਰਮਕੋਟ ਰੰਧਾਵਾ, ਬਚਿੱਤਰ ਸਿੰਘ ਦਰਗਾਬਾਦ, ਅਵਲੀਨਾ ਸ਼ਾਹ ਸ਼ਾਹਪੁਰ ਗੁਰਾਇਆ, ਅਰਵਿੰਦਰ ਪਾਲ ਸਿੰਘ ਠੇਠਰਕੇ, ਨੀਤੂ ਬੇਦੀ ਹਰੂਵਾਲ, ਮੈਡਮ ਵੀਰਪਾਲ ਕੌਰ, ਮੈਡਮ ਰਜਨੀ ਬਾਲਾ, ਰਤਨ ਸਿੰਘ ਸ਼ਾਹਪੁਰ ਜਾਜਨ, ਗੁਰਚਰਨ ਸਿੰਘ ਤਲਵੰਡੀ ਗੁਰਾਇਆ, ਸੂਬਾ ਸਿੰਘ ਉਦੋਵਾਲੀ, ਵਿਪਨ ਕੁਮਾਰ ਸ਼ਰਮਾ, ਰਮੇਸ਼ ਅਵੱਸਥੀ, ਗੁਰਵਿੰਦਰ ਸਿੰਘ ਖੁਸ਼ਹਾਲਪੁਰ ਤੋਂ ਇਲਾਵਾ ਹੋਰ ਅਧਿਆਪਕ ਵੀ ਹਾਜ਼ਰ ਸਨ।

# ਨਸ਼ੀਲੀਆਂ ਗੋਲੀਆਂ ਤੇ ਡਰੱਗ ਮਨੀ ਸਮੇਤ ਔਰਤ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਦੀਨਾਨਗਰ ਪੁਲਿਸ ਦੇ ਏ.ਐਸ.ਆਈ. ਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਟੀ.ਪੁਆਇੰਟ ਗਾਧੀਆਂ ਪਨਿਆੜ ਤੋਂ ਇਕ ਔਰਤ ਵਾਸੀ ਪਨਿਆੜ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 150 ਨਸ਼ੀਲੀਆਂ ਗੋਲੀਆਂ ਅਤੇ 3920 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਥਾਣਾ ਦੀਨਾਨਗਰ ਪੁਲਿਸ ਨੇ ਉਕਤ ਔਰਤ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੇਂਟ ਕਬੀਰ ਸਕੂਲ ਸੁਲਤਾਨਪੁਰ 'ਚ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿੱਚ ਨਵੇਂ ਅਕਾਦਮਿਕ ਸੈਸਨ (2025-2026) ਦੀ ਸ਼ੁਰੂਆਤ ਚੇਅਰਮੈਨ ਹਰਪਾਲ ਸਿੰਘ ਦੇ ਜਨਮ ਦਿਨ ਦੇ ਸ਼ੁੱਭ ਅਵਸਰ 'ਤੇ ਉਹਨਾਂ ਨੂੰ ਯਾਦ ਕਰਦਿਆਂ ਕੀਤੀ ਗਈ। ਇਸ ਮੌਕੇ ਸਕੂਲ ਦੇ ਬਲਾਕ ਡੀ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੁਖਮਨੀ ਸਾਹਿਬ ਦਾ ਪਾਠ



ਕੀਤਾ ਗਿਆ। ਉਪਰੰਤ ਰਾਗੀ ਸਾਹਿਬਾਨਾਂ ਦਿਲਜੀਤ ਸਿੰਘ, ਦਿਲਪ੍ਰੀਤ ਸਿੰਘ, ਸਰਬਜੋਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਨੇ ਗੁਰਬਾਣੀ ਕੀਤਰਨ ਰਾਹੀਂ ਹਾਜ਼ਰ ਸੰਗਤ ਨੂੰ ਗੁਰੂ ਦੇ ਚਰਨਾਂ ਨਾਲ ਜੋੜਿਆ। ਇਸ ਦੌਰਾਨ ਸਕੂਲੀ ਵਿਦਿਆਰਥੀਆਂ ਏਕਮਜੀਤ ਕੌਰ, ਪ੍ਰੀਤੀ, ਗੁਰਨੂਰ ਕੌਰ, ਖੁਸ਼ਪ੍ਰੀਤ ਕੌਰ, ਅਰਸ਼ਦੀਪ ਕੌਰ, ਬਿਸਮਪ੍ਰੀਤ ਕੌਰ, ਐਸਮੀਤ ਕੌਰ ਤੇ ਸਕੂਲ ਦੇ ਸੰਗੀਤ ਅਧਿਆਪਕ ਲਖਵਿੰਦਰ ਸਿੰਘ ਅਤੇ ਦੀਦਾਰ ਸਿੰਘ ਦੁਆਰਾ ਮਧੁਰ ਸਬਦ ਗਾਇਨ ਕੀਤਾ ਗਿਆ। ਇਸ ਮੌਕੇ ਸਕੂਲ ਹੈੱਡਬੁਆਏ ਜਗਮੀਤ ਸਿੰਘ ਅਤੇ ਸਕੂਲ ਹੈੱਡ ਗਰਲ ਕਾਮਨੀ ਸਲਾਰੀਆ ਦੁਆਰਾ ਸਰਦਾਰ ਹਰਪਾਲ ਸਿੰਘ ਜੀ ਦੀ ਜਿੰਦਗੀ ਦੇ ਸੁਨਹਿਰੀ ਪਲਾਂ ਦੀਆਂ ਝਲਕੀਆਂ ਸਾਰਿਆਂ ਦੇ ਰੂਬਰੂ ਕੀਤੀਆਂ। ਸਕੂਲ ਪ੍ਰਿੰਸੀਪਲ ਸ੍ਰੀ ਐਸ. ਬੀ. ਨਾਯਰ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸਰਦਾਰ ਹਰਪਾਲ ਸਿੰਘ ਜੀ ਦੀਆਂ ਬੱਚਿਆਂ ਅਤੇ ਇਲਾਕੇ ਪ੍ਰਤੀ ਖਾਹਿਸਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਪਰਮਾਤਮਾ ਦਾ ਓਟ-ਆਸਰਾ ਲੈਂਦੇ ਹੋਏ ਭਵਿੱਖ ਵਿੱਚ ਸਕੂਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਸਕੂਲ ਪ੍ਰਿੰਸੀਪਲ ਐਸ.ਬੀ. ਨਾਯਰ ਅਤੇ ਪ੍ਰਬੰਧਕ ਮੈਂਬਰਾਂ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਜਸਵੰਤ ਸਿੰਘ ਪੰਨੂ ਦੀ ਨਿੱਘੀ ਯਾਦ ਨੂੰ ਸਮਰਪਤ ਕਬੱਡੀ ਕੱਪ ਯਾਦਗਾਰੀ ਹੋ ਨਿੱਬੜਿਆ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸਵਰਗਵਾਸੀ ਜਸਵੰਤ ਸਿੰਘ ਪੰਨੂ ਦੀ ਨਿੱਘੀ ਯਾਦ ਨੂੰ ਸਮਰਪਤ ਦੂਸਰਾ ਕਬੱਡੀ ਕੱਪ ਪਿੰਡ ਆਜਮਪੁਰ ਨਜ਼ਦੀਕ ਕਾਲਾ ਅਫਗਾਨਾ ਵਿਖੇ ਸਥਾਪਿਤ ਸਰਕਾਰੀ ਸਕੂਲ ਦੇ ਖੇਡ ਮੈਦਾਨ ਵਿੱਚ ਦਵਿੰਦਰ ਸਿੰਘ ਪੰਨੂ, ਹਰਨੇਕ ਸਿੰਘ ਪੰਨ, ਕਰਨਵੀਰ ਸਿੰਘ ਪੰਨੂ ਸਾਈਪਰਸ ਤੇ ਸਮੂਹ ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਕਬੱਡੀ ਕੱਪ ਵਿੱਚ ਸਕਰਪੁਰਾ, ਬਠਿੰਡਾ, ਕਾਲਾ ਅਫਗਾਨਾ, ਕਾਂਗਾ, ਹਰਿਆਣਾ, ਰਮਦਾਸ, ਆਜ਼ਾਦ ਕਬੱਡੀ ਕਲੱਬ ਸਕਰਪੁਰਾ, ਬਾਬਾ ਬਲਵਿੰਦਰ ਸਿੰਘ ਕਬੱਡੀ ਕਲੱਬ ਖਡੂਰ ਸਾਹਿਬ ਅਤੇ ਹੋਰ ਬਹੁਤ ਸਾਰੀਆਂ ਟੀਮਾਂ ਨੇ ਭਾਗ ਲਿਆ। ਇਸ ਮੌਕੇ ਮੱਤਾ ਭੋਲੇਕੇ ਤੇ ਕਬੱਡੀ ਦੇ ਪ੍ਰਮੋਟਰ ਬਲਕਾਰ ਸਿੰਘ ਦਾ ਵਿਸ਼ੇਸ਼ ਸਨਮਾਨ ਅਮਰੀਕ ਸਿੰਘ ਤੇ ਹਰਦਵਿੰਦਰ ਸਿੰਘ ਨੇ ਕੀਤਾ। ਕੁੜੀਆਂ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ। ਇਸ ਮੌਕੇ ਯਾਦਵਿੰਦਰ ਸਿੰਘ ਪੰਨੂ ਕਾਦੀਆਂ, ਰਾਜਾ ਕਾਦੀਆਂ, ਅੰਗਰੇਜ ਨੰਗਲ ਅੰਬੀਆਂ, ਤਰਲੋਕ ਸਿੰਘ ਪੰਨੂ, ਬਖਸ਼ੀਸ਼ ਸਿੰਘ ਪ੍ਰਧਾਨ, ਅਮਰੀਕ ਸਿੰਘ, ਗੁਰਵਿੰਦਰ ਸਿੰਘ ਜੋਲੀ, ਹਰਦਵਿੰਦਰਜੀਤ ਸਿੰਘ, ਐਸ.ਆਈ ਹਰਜਿੰਦਰ ਸਿੰਘ, ਮੰਨਰੂਪ ਸਿੰਘ, ਯੁਵਰਾਜ ਸਿੰਘ, ਸਰਪੰਚ ਅਵਤਾਰ ਸਿੰਘ ਕਾਲਾ ਅਫਗਾਨਾ, ਰਾਣਾ ਰਣਬੀਰ ਸਿੰਘ, ਹਰਚਰਨ ਸਿੰਘ ਘਣੀਕੇ ਬਾਂਗਰ, ਨਵਜੋਤ ਸਿੰਘ ਕਾਲਾ ਅਫਗਾਨਾ, ਧਰਮਜੀਤ ਸਿੰਘ ਕਾਲਾ ਅਫਗਾਨਾ, ਗੁਰਪ੍ਰੀਤ ਸਿੰਘ ਪ੍ਰਧਾਨ ਦਸਮੇਸ਼ ਸਪੋਰਟਸ ਕਲੱਬ ਘਣੀਏ ਕੇ ਬਾਂਗਰ, ਕਰਮਜੀਤ ਸਿੰਘ ਮੁੱਖ ਮੁਨਸ਼ੀ, ਆਕਾਸ਼ਦੀਪ ਸਿੰਘ, ਗੋਰਾ ਕਾਲਾ ਅਫਗਾਨਾ, ਮਨਜੀਤ ਸਿੰਘ, ਬਲਵੰਤ ਸਿੰਘ ਆਜਮਪੁਰ, ਹਰਜਿੰਤ ਸਿੰਘ ਆਜਮਪੁਰ, ਹਰਦਿਆਲ ਸਿੰਘ, ਜਸਵੀਰ ਸਿੰਘ ਆਜਮਪੁਰ, ਬਖਸ਼ੀਸ਼ ਸਿੰਘ ਆਜਮਪੁਰ, ਤਰਸੇਮ ਸਿੰਘ ਆਜਮਪੁਰ, ਦਰਸ਼ਨ ਸਿੰਘ ਫਤਿਹਵਾਲ ਤੇ ਜਸਕਰਨ ਸਿੰਘ ਘਣੀਕੇ ਬਾਂਗਰ ਹਾਜ਼ਰ ਸਨ। ਫਾਈਨਲ ਮੁਕਾਬਲਿਆਂ ਵਿੱਚ ਆਜ਼ਾਦ ਕਬੱਡੀ ਕਲੱਬ ਸਕਰਪੁਰਾ ਜੇਤੂ ਰਹੀ, ਜਿਸ ਨੂੰ ਪੰਨੂ ਪਰਵਾਰ ਵੱਲੋਂ ਵਿਸ਼ੇਸ਼ ਤੌਰ 'ਤੇ ਇੱਕ ਲੱਖ ਦੀ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ ਤੇ ਦੂਸਰੇ ਸਥਾਨ ਤੇ ਆਉਣ ਵਾਲੀ ਟੀਮ ਨੂੰ 75000 ਹਜ਼ਾਰ ਇਨਾਮ ਵਜੋਂ ਦਿੱਤੇ ਗਏ। ਇਸ ਮੌਕੇ ਯਾਦਵਿੰਦਰ ਸਿੰਘ ਪੰਨੂ ਕਾਦੀਆਂ, ਹਰਨੇਕ ਸਿੰਘ ਪੰਨੂ, ਦਵਿੰਦਰ ਸਿੰਘ ਸਾਈਪਰਸ ਨੇ ਆਈਆਂ ਹੋਈਆਂ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਮਾਣ ਸਨਮਾਨ ਕੀਤਾ ਤੇ ਨਾਲ ਹੀ ਧੰਨਵਾਦ ਵੀ ਕੀਤਾ।



# ਡਾ. ਅਟਵਾਲ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸਾਹਿਤਕ ਅਤੇ ਅਕਾਦਮਿਕ ਹਲਕਿਆਂ ਵਿਚ ਇਹ ਖਬਰ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪੰਜਾਬੀ ਜ਼ੁਬਾਨ ਦੇ ਨਾਮਵਰ ਅਲੋਚਕ ਡਾ. ਹਰਜਿੰਦਰ ਸਿੰਘ ਅਟਵਾਲ ਨਹੀਂ ਰਹੇ।ਉਹਨਾਂ ਨੂੰ ਦਿਲ ਦਾ ਦੌਰਾ ਪਿਆ ਜਿਹੜਾ ਉਹਨਾਂ ਲਈ ਜਾਨਲੇਵਾ ਸਾਬਤ ਹੋਇਆ।ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ ਅਤੇ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਡਾ ਅਟਵਾਲ ਅਜ ਜਲੰਧਰ ਵਿਖੇ ਹੀ ਕੇਂਦਰੀ ਸਭਾ ਦੀ ਕਾਰਜਕਾਰਨੀ ਦੀ ਹੋ ਰਹੀ ਮੀਟਿੰਗ ਦੀਆਂ ਤਿਆਰੀਆਂ ਵਿੱਚ ਮਸ਼ਰੂਫ ਸਨ।ਅਚਨਚੇਤ ਇਹ ਮੰਦਭਾਗੀ ਘਟਨਾ ਵਾਪਰ ਗਈ।ਅਜੀਤ ਦੇ ਸੰਪਾਦਕ ਬਰਜਿੰਦਰ ਸਿੰਘ ਹਮਦਰਦ, ਡਾ ਲਖਵਿੰਦਰ ਸਿੰਘ ਜੌਹਲ, ਵਰਿਆਮ ਸਿੰਘ ਸੰਧੂ, ਸਤਨਾਮ ਸਿੰਘ ਮਾਣਕ, ਗੁਰਭਜਨ ਗਿੱਲ, ਮਖਣ ਕੁਹਾੜ, ਡਾ. ਕਰਮਜੀਤ ਸਿੰਘ, ਡਾ. ਸ਼ਿੰਦਰਪਾਲ ਸਿੰਘ, ਯਤਿੰਦਰ ਕੌਰ ਮਾਹਲ, ਸ਼ੈਲਿੰਦਰਜੀਤ ਰਾਜਨ, ਡਾ. ਗੁਪਾਲ ਸਿੰਘ ਬੁੱਟਰ, ਡਾ. ਪਰਮਜੀਤ ਸਿੰਘ ਬਾਠ, ਹਰਪਾਲ ਨਾਗਰਾ, ਵਿਸ਼ਾਲ ਬਿਆਸ, ਗੁਰਮੀਤ ਬਾਜਵਾ ਆਦਿ ਨੇ ਗਹਿਰੇ ਦੁੱਖ ਦਾ ਇਜਹਾਰ ਕੀਤਾ ਹੈ।

# ਭਲਵਾਨ ਗਰੁੱਪ ਨੇ ਬਲਰਾਜ ਸਿੰਘ ਨੂੰ ਹਲਕਾ ਅਜਨਾਲਾ ਦਾ ਪ੍ਰਧਾਨ ਥਾਪਿਆ



**ਅਜਨਾਲਾ (ਸੁਖਜਿੰਦਰ ਸਿੰਘ ਰਾਜੂ)** ਸਟੂਡੈਂਟ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਸੂਬਾ ਪੱਧਰੀ ਪ੍ਰੋਗਰਾਮ ਕਰਾਇਆ ਗਿਆ।ਜਿਸ ਵਿੱਚ ਪੰਜਾਬ ਦੇ ਵੱਖ ਵੱਖ ਹਿੱਸਿਆਂ 'ਚੋਂ ਅਹੁਦੇਦਾਰ ਅਤੇ ਨੌਜਵਾਨ ਪਹੁੰਚੇ। ਜਿੱਥੇ ਹਲਕਾ ਅਜਨਾਲਾ ਦਾ ਬਲਰਾਜ ਸਿੰਘ ਨਿੱਜਰ ਨੂੰ ਪ੍ਰਧਾਨ ਥਾਪਿਆ ਗਿਆ। ਇਸ ਸੰਬੰਧੀ ਗੱਲਬਾਤ ਕਰਦਿਆਂ ਨਵਨੀਤ ਪ੍ਰਧਾਨ ਬਲਰਾਜ ਸਿੰਘ ਨੇ ਕਿਹਾ ਸੈਪ ਗਰੁੱਪ ਪਹਿਲਵਾਨ 2005 ਤੋਂ ਚੱਲ ਰਿਹਾ ਹੈ। ਉਹਨਾਂ ਅੱਗੇ ਕਿਹਾ 2016 ਵਿੱਚ ਆਕਾਸ਼ ਸ਼ੀਨਾ ਨੇ ਮੈਨੂੰ ਇਸ ਗਰੁੱਪ ਨਾਲ ਜੋੜਿਆ। ਇਸ ਗਰੁੱਪ ਦਾ ਮੁੱਖ ਕੰਮ ਗਰੀਬਾਂ ਦੀ ਮਦਦ ਕਰਨਾ, ਗਰੀਬ ਲੜਕੀਆਂ ਦੇ ਵਿਆਹ ਕਰਨਾ, ਖੂਨਦਾਨ ਦੇ ਕੈਂਪ ਲਾਏ ਜਾਂਦੇ ਹਨ ਅਤੇ ਗਰੀਬ ਲੋਕਾਂ ਦੇ ਬੱਚਿਆਂ ਦੀ ਫੀਸ ਗਰੁੱਪ ਵੱਲੋਂ ਦਿੱਤੀ ਜਾਂਦੀ ਹੈ। ਨਵ-ਨਿਯੁਕਤ ਪ੍ਰਧਾਨ ਬਲਰਾਜ ਨੇ ਕਿਹਾ ਸਾਡੇ ਕੀਤੇ ਹੋਏ ਕੰਮਾਂ ਨੂੰ ਦੇਖ ਕੇ ਲੋਕ ਸਾਡੇ ਨਾਲ ਜੁੜਦੇ ਹਨ ਉਹਨਾਂ ਨੇ ਲੋਕਾਂ ਨੂੰ ਸਾਥ ਦੇਣ ਲਈ ਕਿਹਾ ਤਾਂ ਜੋ ਨਸ਼ੇ ਨੂੰ ਜੜ ਤੋਂ ਖਤਮ ਕੀਤਾ ਜਾ ਸਕੇ। ਇਸ ਮੌਕੇ ਅੰਗਰੇਜ਼ ਸਿੰਘ ਮਾਨਾਵਾਲੀਆ, ਮੰਨ ਭਲਵਾਨ, ਮਨਿੰਦਰ, ਚੀਮਾ, ਅਜਮੇਰ ਸਿੰਘ ਨਿੱਜਰ, ਰਾਜਵਰ ਸਿੰਘ, ਮਾਹਲ, ਸਿਮਰਤ ਹੁੰਦਲ, ਜੱਜ ਮਾਨ, ਗੁਰਜੰਟ ਜੱਜਾਂ, ਭਿੰਦਾ ਭਲਵਾਨ, ਰਾਜਪਾਲ ਹਾਜ਼ਰ ਸਨ।

# ਮੇਹਰਬਾਨਪੁਰਾ ਦੇ 100 ਪਰਵਾਰ ਭਾਜਪਾ 'ਚ ਸ਼ਾਮਲ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਮੇਹਰਬਾਨਪੁਰਾ ਵਿਖੇ ਭਾਰਤੀ ਜਨਤਾ ਪਾਰਟੀ ਨੂੰ ਉਸ ਵੇਲੇ ਤਕੜਾ ਹੁੰਗਾਰਾ ਮਿਲਿਆ ਜਦ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਬਲਦੇਵ ਸਿੰਘ ਸ਼ੇਰ ਗਿੱਲ, ਇੰਦਰ ਸਿੰਘ ਫੌਜੀ, ਜਸਬੀਰ ਸਿੰਘ ਬਾਊ, ਸੁਰਜੀਤ ਸਿੰਘ, ਬਿੱਟੂ ਸਿੰਘ, ਸੁਖਦੇਵ ਸਿੰਘ, ਸਤਪਾਲ ਸਿੰਘ, ਪਰਮਜੀਤ ਸਿੰਘ, ਫੱਤਾ ਸਿੰਘ, ਸੁਲੱਖਣ ਸਿੰਘ ਹਰਜੀਤ ਸਿੰਘ ਦੀ ਅਗਵਾਈ ਹੇਠ 100 ਦੇ ਕਰੀਬ ਪਰਵਾਰਾਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ । ਭਾਜਪਾ ਦੇ ਹਲਕਾ ਇੰਚਾਰਜ ਹਰਦੀਪ ਸਿੰਘ ਗਿੱਲ ਅਤੇ ਚੇਅਰਮੈਨ ਕੰਵਰਬੀਰ ਸਿੰਘ ਮੰਜ਼ਿਲ ਨੇ ਸ਼ਾਮਲ ਹੋਣ ਵਾਲੇ ਮੋਹਤਬਰਾਂ ਨੂੰ ਪਾਰਟੀ ਵਿੱਚ ਜੀ ਆਇਆਂ ਆਖਿਆ ਅਤੇ ਬਣਦਾ ਮਾਣ ਸਤਿਕਾਰ ਦੇਣ ਦਾ ਭਰੋਸਾ ਦਿਵਾਇਆ । ਇਸ ਮੌਕੇ ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਦਿੱਲੀ ਤੇ ਹਰਿਆਣੇ ਤੋਂ ਬਾਅਦ ਪੰਜਾਬ ਵਿੱਚ ਵੀ ਭਾਜਪਾ ਲੋਕਾਂ ਦੀ ਉਮੀਦ ਬਣ ਕੇ ਉਭਰ ਰਹੀ ਹੈ ਤੇ ਪੰਜਾਬ ਵਿੱਚ ਇਸ ਵਾਰ ਕਮਲ ਦਾ ਫੁੱਲ ਖਿੜੇਗਾ। ਪੰਜਾਬ ਦੇ ਲੋਕ ਰਿਵਾਇਤੀ ਪਾਰਟੀਆਂ ਦੇ ਝੂਠੇ ਲਾਰਿਆਂ ਦੇ ਵਾਅਦਿਆਂ ਤੋਂ ਤੰਗ ਆ ਕੇ ਭਾਜਪਾ ਤੇ ਮੋਦੀ ਸਰਕਾਰ ਦੀ ਗਾਰੰਟੀ 'ਤੇ ਵਿਸ਼ਵਾਸ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਭਾਜਪਾ ਸ਼ਾਸਿਤ ਪ੍ਰਦੇਸ਼ਾਂ ਵਿੱਚ ਵਿਕਾਸ ਤੇ ਗਰੀਬ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਪੰਜਾਬ ਵਿੱਚ ਵੀ ਭਾਜਪਾ ਦੀ ਸਰਕਾਰ ਬਣਨ 'ਤੇ ਲਾਗੂ ਕੀਤੀਆਂ ਜਾਣਗੀਆਂ । ਉਹਨਾਂ ਆਖਿਆ ਕਿ ਦਿੱਲੀ ਤੇ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਨੇ ਮਹਿਲਾਵਾਂ ਨੂੰ ਦਿੱਤੀ ਗਾਰੰਟੀ ਦੇ ਤਹਿਤ 25-25 ਸੌ ਰੁਪਏ ਦੇਣ ਦਾ ਵਾਅਦਾ ਪੂਰਾ ਕਰ ਦਿੱਤਾ ਹੈ । ਇਸੇ ਪ੍ਰਕਾਰ ਹਰਿਆਣਾ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ 3500 ਰੁਪਏ ਬੇਰੁਜ਼ਗਾਰੀ ਭੱਤਾ ਵੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਆਮ ਆਦਮੀ ਪਾਰਟੀ ਦੀ ਲਾਰਿਆਂ ਦੀ ਰਾਜਨੀਤੀ ਤੋਂ ਲੋਕ ਅੱਕ ਚੁੱਕੇ ਹਨ । ਇਸ ਵਾਰ ਸੂਬੇ ਦੇ ਲੋਕ ਅਸਲੀ ਬਦਲਾਅ ਲਿਆਉਣ ਦਾ ਮਨ ਬਣਾ ਚੁੱਕੇ ਹਨ । ਇਸ ਮੌਕੇ ਕੰਵਰਵੀਰ ਸਿੰਘ ਮੰਜ਼ਿਲ ਨੇ ਵਿਰੋਧੀ ਪਾਰਟੀਆਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਭਾਜਪਾ ਹੀ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖ ਸਕਦੀ ਹੈ।ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਲੋਕਾਂ ਨੂੰ ਸਿਵਾਏ ਗਰੀਬੀ ਅਤੇ ਬੇਰੁਜ਼ਗਾਰੀ ਤੋਂ ਕੁਝ ਨਹੀਂ ਦਿੱਤਾ । ਇਸ ਮੌਕੇ ਸਾ. ਸਰਪੰਚ ਨਿਰਵੈਲ ਸਿੰਘ ਵਡਾਲੀ, ਬਲਵੰਤ ਸਿੰਘ, ਸਰਬਜੀਤ ਸਿੰਘ ਤੋਂ ਇਲਾਵਾ ਹੋਰ ਵੀ ਇਲਾਕਾ ਨਿਵਾਸੀ ਹਾਜ਼ਰ ਸਨ।



# ਬੇਸਹਾਰਾ ਹੋਏ ਪਰਵਾਰ 'ਚ ਇਕਲੌਤੀ ਬਚੀ ਬਜ਼ੁਰਗ ਦੇ ਸਹਾਰਾ ਬਣੇ ਡਾ. ਉਬਰਾਏ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਆਪਣੇ ਸੁਨਹਿਰੀ ਭਵਿੱਖ ਦੀ ਤਲਾਸ਼ ਵਿੱਚ ਵੱਖ-ਵੱਖ ਦੇਸ਼ਾਂ ਦੇ ਅੰਦਰ ਪਹੁੰਚ ਕੇ ਰੋਜੀ ਰੋਟੀ ਦੀ ਖਾਤਰ ਹੱਡ ਭੰਨਵੀਂ ਮਿਹਨਤ ਕਰਨ ਵਾਲੇ ਪੰਜਾਬ ਨੌਜਵਾਨਾਂ ਦੇ ਵਿੱਚੋਂ ਕੁੱਝ ਨੌਜਵਾਨਾਂ ਨੂੰ ਕਾਮਯਾਬੀ ਨਹੀਂ ਮਿਲਦੀ, ਜਦ ਕਿ ਬਦਨਸੀਬੀ ਦਾ ਸਾਹਮਣਾ ਕਰਦਿਆਂ ਇਨਾਂ ਨੌਜਵਾਨਾਂ ਨੂੰ ਮੌਤ ਦੇ ਮੂੰਹ ਵਿੱਚ ਵੀ ਜਾਣਾ ਪੈਂਦਾ ਹੈ। ਅਜਿਹਾ ਕੁੱਝ ਬਟਾਲਾ ਨੇੜੇ ਪੈਂਦੇ ਪਿੰਡ ਕੋਟ ਮੰਜਲਸ ਦੇ ਨੌਜਵਾਨ ਮਨਦੀਪ ਸਿੰਘ ਦੇ ਨਾਲ ਹੋਇਆ, ਜੋ ਕਿ ਉਹ ਸਮਾਂ ਪਹਿਲਾਂ ਆਪਣੇ ਸੁਨਹਿਰੇ ਭਵਿੱਖ ਦੀ ਤਲਾਸ਼ ਨੂੰ ਮੱਦੇ ਨਜਰ ਰੱਖਦਿਆਂ ਦੁਬਈ ਵਿਖੇ ਗਿਆ ਸੀ, ਜਿੱਥੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਇਸ ਪੀੜਤ ਪਰਿਵਾਰ ਨੇ ਮਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਦੁਬਈ ਤੋਂ ਪਿੰਡ ਕੋਟ ਮੰਜਲਸ ਲਿਆਉਣ ਦੇ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੂੰ ਸੰਪਰਕ ਵਿੱਚ ਲੈਂਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸਖਸੀਅਤ ਡਾਕਟਰ ਐਸ. ਪੀ. ਸਿੰਘ ਉਬਰਾਏ ਦੇ ਨੂੰ ਬੇਨਤੀ ਕੀਤੀ। ਇਸ ਦੌਰਾਨ ਡਾਕਟਰ ਐਸ. ਪੀ. ਸਿੰਘ ਉਬਰਾਏ ਵੱਲੋਂ ਕਾਰਵਾਈ ਕਰਦਿਆਂ ਜਿੱਥੇ ਨੌਜਵਾਨ ਮਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਦੁਬਈ ਤੋਂ ਪਿੰਡ ਲਿਆਂਦਾ ਗਿਆ, ਉੱਥੇ ਨਾਲ ਹੀ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਰਾਹੀਂ ਪੀੜਤ ਪਰਵਾਰ ਦੀ ਸਾਰ ਲੈਂਦਿਆਂ ਮ੍ਰਿਤਕ ਮਨਦੀਪ ਸਿੰਘ ਦੇ ਮਾਤਾ ਜੀ ਜਗਦੀਸ ਕੌਰ ਦੀ ਮਹੀਨਾਵਾਰ ਪੈਨਸ਼ਨ ਵੀ ਲਗਾਈ ਗਈ ਹੈ, ਤਾਂ ਜੋ ਉਹ ਆਪਣੀ ਜ਼ਿੰਦਗੀ ਦੇ ਵਿੱਚ ਆਰਥਿਕ ਤੌਰ 'ਤੇ ਆਪਣੀਆਂ ਲੋੜਾਂ ਨੂੰ ਪੂਰੀਆਂ ਕਰ ਸਕਣ। ਦੱਸਣਯੋਗ ਹੈ ਕਿ ਬਜੁਰਗ ਮਾਤਾ ਜਗਦੀਸ ਕੌਰ ਦੇ ਪਤੀ ਸਤਨਾਮ ਸਿੰਘ ਦੀ 6 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਜਦਕਿ ਮਾਤਾ ਜਗਦੀਸ ਕੌਰ ਦੇ ਛੋਟੇ ਨੌਜਵਾਨ ਪੁੱਤਰ ਮਲਕੀਤ ਸਿੰਘ ਦੀ ਚਾਰ ਸਾਲ ਪਹਿਲਾਂ ਮੌਤ ਹੋ ਗਈ ਸੀ, ਜਦ ਕਿ ਹੁਣ ਉਸ ਦੇ ਵੱਡੇ ਅਤੇ ਘਰ ਦੇ ਕਮਾਊ ਪੁੱਤਰ ਮਨਦੀਪ ਸਿੰਘ ਦੀ ਮੌਤ ਹੋ ਜਾਣ ਤੋਂ ਬਾਅਦ ਉਸ ਦੇ ਸਿਰ ਤੋਂ ਸਾਰੇ ਹੀ ਸਹਾਰੇ ਉੱਠ ਗਏ ਹਨ, ਸਿਰਫ ਇੱਕ ਧੀ ਪਰਿਵਾਰ ਦੇ ਵਿੱਚ ਬਚੀ ਹੈ, ਜੋ ਕਿ ਆਪਣੇ ਸਹੁਰੇ ਪਰਿਵਾਰ ਵਿੱਚ ਰਹਿ ਰਹੀ ਹੈ। ਇਸ ਦੌਰਾਨ ਪਿੰਡ ਕੋਟ ਮੰਜਲਸ ਵਿਖੇ ਪਹੁੰਚੇ ਟਰੱਸਟ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ ਅਤੇ ਸਮਾਜ ਸੇਵੀ ਨੌਜਵਾਨ ਆਗੂ ਜਤਿੰਦਰ ਸਿੰਘ ਕਾਹਲੋਂ ਵੱਲੋਂ ਮਾਤਾ ਜਗਦੀਸ ਕੌਰ ਨੂੰ ਪੈਨਸ਼ਨ ਦਾ ਪਹਿਲਾ ਚੈੱਕ ਭੇਟ ਕੀਤਾ ਗਿਆ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਗਿਆਰ੍ਹਵੀਂ ਜਮਾਤ ਲਈ ਦਾਖਲਾ ਮੁਫਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਨੇ ਦੱਸਿਆ ਕਿ ਉਨ੍ਹਾਂ ਦੇ ਸਫਲਤਾ ਪੂਰਵਕ ਚੱਲ ਰਹੇ ਸਾਡੇ ਸਕੂਲ ਵਿੱਚ ਗਿਆਰ੍ਹਵੀਂ ਜਮਾਤ ਦੇ ਦਾਖਲੇ ਲਈ ਸੀਮਤ ਸੀਟਾਂ ਬਾਕੀ ਹਨ ਅਤੇ ਗਿਆਰ੍ਹਵੀਂ ਜਮਾਤ ਦਾ ਦਾਖਲਾ ਮੁਫਤ ਹੈ। ਉਨ੍ਹਾਂ ਦੱਸਿਆ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਸੀ.ਬੀ.ਐੱਸ.ਈ. ਐਫੀਏਟਡ ਸਕੂਲ ਹੈ। ਗਿਆਰਵੀਂ ਜਮਾਤ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਮੈਡੀਕਲ, ਨਾਨ ਮੈਡੀਕਲ ਅਤੇ ਆਰਟਸ ਸਟਰੀਮ ਉਪਲੱਬਧ ਹੈ। ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਯੋਗ ਸਿੱਖਿਅਕ ਅਧਿਆਪਕ , ਏ.ਸੀ ਕਲਾਸ ਰੂਮ ਅਤੇ ਸਾਇੰਸ, ਸੋਸ਼ਲ ਸਾਇੰਸ ਅਤੇ ਕੰਪਿਊਟਰ ਆਦਿ ਦੀਆਂ ਪ੍ਰੈਕਟੀਕਲ ਲੈਬਸ ,ਕਿਫਾਇਤੀ ਫੀਸਾਂ,ਲੋੜਵੰਦ ਵਿਦਿਆਰਥੀਆਂ ਲਈ ਮੁਫਤ ਕਿਤਾਬਾਂ ਯੋਗ ਵਿਦਿਆਰਥੀਆਂ ਲਈ ਵਜੀਫਾ ਅਤੇ ਵਿਦਿਆਰਥੀਆਂ ਦੀ ਮਿਆਰੀ ਸਿੱਖਿਆ ਲਈ ਹਰ ਤਰ੍ਹਾਂ ਦੀ ਸਹੂਲਤ ਉਪਲੱਬਧ ਹੈ। ਸਕੂਲ ਦੇ ਯੋਗ ਸਿੱਖਿਅਕ ਅਧਿਆਪਕਾਂ ਦੀ ਮਿਹਨਤ ਸਦਕਾ ਵਿਦਿਆਰਥੀਆਂ ਦੇ ਨਤੀਜੇ ਹਮੇਸ਼ਾ 100 ਫੀਸਦੀ ਰਹਿੰਦੇ।

# ਬੱਸ ਅੱਡੇ ਦੀ ਦਿੱਖ ਨੂੰ ਸੁੰਦਰ ਬਣਾਉਣ ਲਈ ਗੁੰਬਦ ਬਣਾਇਆ ਜਾਵੇਗਾ : ਰਾਜੀਵ ਸ਼ਰਮਾ

**ਗੁਰਦਾਸਪੁਰ (ਜਨਕ ਮਹਾਜਨ)**- ਆਮ ਆਦਮੀ ਪਾਰਟੀ ਦੇ ਉਘੇ ਨੇਤਾ ਅਤੇ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਇਮਾਨਦਾਰੀ ਨੂੰ ਵੇਖਦੇ ਹੋਏ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਦੋ ਸਾਲ ਪਹਿਲਾਂ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਅਤੇ ਹੁਣ ਟਰੱਸਟ ਵਿੱਚ ਦੋ ਸਾਲਾਂ ਵਿਚ ਕੀਤੇ ਅਥਾਹ ਵਿਕਾਸ ਕੰਮਾਂ ਨੂੰ ਵੇਖਦੇ ਹੋਏ ਪੰਜਾਬ ਸਕਾਰ ਵਲੋਂ ਉਨ੍ਹਾਂ ਦੇ ਕਾਰਜਕਾਲ ਵਿਚ ਹੋਰ ਦੋ ਸਾਲ ਦਾ ਵਾਧਾ ਕਰ ਦਿੱਤਾ ਗਿਆ ਹੈ। ਜਿਸ ਦੀ 'ਆਪ' ਵਰਕਰਾਂ ਵਲੋਂ ਸ਼ਲਾਘਾ ਕੀਤੀ ਗਈ ਹੈ। ਇਸ ਮੌਕੇ 'ਨਵਾਂ ਜ਼ਮਾਨਾਂ' ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਮੈਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਤੇ ਵਾਈਸ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ 'ਤੇ ਦੁਬਾਰਾ ਵਿਸ਼ਵਾਸ ਕਰਦਿਆਂ ਮੇਰੇ ਕਾਰਜਕਾਲ ਵਿਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਮੈਂ ਪੰਜਾਬ ਸਰਕਾਰ ਅਤੇ ਗੁਰਦਾਸਪੁਰ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਆਪਣਾ ਕੰਮ ਪੂਰੀ ਇਮਾਨਦਾਰੀ, ਲਗਨ ਅਤੇ ਮਿਹਨਤ ਨਾਲ ਕਰਾਂਗਾ। ਉਨ੍ਹਾਂ ਕਿਹਾ ਦਿਨ-ਰਾਤ ਇਕ ਕਰਕੇ ਅੱਗੇ ਤੋਂ ਡਬਲ ਸਪੀਡ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਜਦੋਂ ਮੈਂ 10 ਅਪ੍ਰੈਲ 2023 ਨੂੰ ਬਤੌਰ ਚੇਅਰਮੈਨ ਜੁਆਇਨ ਕੀਤਾ ਸੀ ਤਾਂ ਟਰੱਸਟ ਦੇ ਖ਼ਾਤੇ ਵਿਚ ਕਰੀਬ 8 ਲੱਖ ਰੁਪਏ ਜਮਾਂ ਸਨ ਅਤੇ ਇਸ ਦੀ ਵਿੱਤੀ ਹਾਲਤ ਕਾਫ਼ੀ ਮਾੜੀ ਸੀ। ਉਨ੍ਹਾਂ ਕਿਹਾ ਮੈਂ ਟਰੱਸਟ ਦੀਆਂ ਕੁਝ ਜਾਇਦਾਦਾਂ ਦੀ ਈ ਆਕਸ਼ਨ ਰਾਹੀਂ ਬੋਲੀ ਕਰਵਾ ਕੇ 80 ਕਰੋੜ ਰੁਪਏ ਇਕੱਠੇ ਕੀਤੇ ਅਤੇ ਰਹਿੰਦੇ ਅਧੂਰੇ ਕੰਮਾਂ ਦੀ ਲਿਸਟ ਤਿਆਰ ਕਰਵਾਈ। ਉਨ੍ਹਾਂ ਕਿਹਾ ਮੈਂ ਸਭ ਤੋਂ ਪਹਿਲਾਂ ਬੱਸ ਸਟੈਂਡ ਦਾ ਕੰਮ ਜੋ ਅਧੂਰਾ ਸੀ, 6 ਮਹੀਨੇ ਲਗਾ ਕੇ ਮੁਕੰਮਲ ਕਰਨ ਉਪਰੰਤ ਇਸ ਦਾ ਉਦਘਾਟਨ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੁਆਰਾ ਕਰਵਾਇਆ। ਉਨ੍ਹਾਂ ਕਿਹਾ ਹੁਣ ਬੱਸ ਅੱਡੇ ਦੀ ਦਿਖ ਨੂੰ ਹੋਰ ਸੁੰਦਰ ਅਤੇ ਆਕਰਸ਼ਿਤ ਬਣਾਉਣ ਲਈ ਗੁੰਬਦ ਬਣਾਇਆ ਜਾਵੇਗਾ। ਬੱਸ ਅੱਡਾ ਸ਼ਹਿਰ ਦੇ ਬਾਹਰਲੇ ਪਾਸੇ ਬਣਨ ਨਾਲ ਗੁਰਦਾਸਪੁਰ ਸ਼ਹਿਰ ਅਤੇ ਇਲਾਕਾ ਵਾਸੀਆਂ ਨੂੰ ਜਿੱਥੇ ਕਾਫ਼ੀ ਲਾਭ ਮਿਲਿਆ ਹੈ ਉਥੇ ਹੀ ਇਸ ਨਾਲ ਸ਼ਹਿਰ ਅੰਦਰ ਟਰੈਫ਼ਿਕ ਸਮੱਸਿਆ ਵੀ ਹੱਲ ਹੋ ਗਈ ਹੈ। ਚੇਅਰਮੈਨ ਰਾਜੀਵ ਸ਼ਰਮਾ ਨੇ ਵਿਕਾਸ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੀਮ ਨੰਬਰ 7 ਵਿੱਚ 850 ਫੁੱਟ ਲੰਬੀ ਅਤੇ 10 ਫੁੱਟ ਉੱਚੀ ਇੱਕ ਦੀਵਾਰ ਬਣਾਈ ਜਾ ਰਹੀ ਹੈ ਜਿਸ 'ਤੇ 45 ਲੱਖ ਰੁਪਏ ਖਰਚ ਆਉਣਗੇ। ਉਨ੍ਹਾਂ ਦੱਸਿਆ ਕਿ ਸਕੀਮ ਵਿੱਚ ਹੀ ਸਾਢੇ ਤਿੰਨ ਏਕੜ ਜਮੀਨ ਵਿੱਚ ਪਾਰਕਿੰਗ 81 ਲੱਖ ਰੁਪਏ ਦੀ ਲਾਗਤ ਨਾਲ







ਬਣਾਈ ਜਾ ਰਹੀ ਹੈ ਜਿਸ ਵਿੱਚ 1000 ਤੋਂ ਵੱਧ ਵਹੀਕਲ ਪਾਰਕ ਕੀਤੇ ਜਾ ਸਕਣਗੇ ਜੋ ਲੋਕਾਂ ਲਈ ਫਰੀ ਹੋਵੇਗੀ। ਇਸ ਤੋਂ ਇਲਾਵਾ ਇੱਥੇ ਬੈਠਣ ਵਾਸਤੇ ਬੈਂਚ ਆਦਿ ਲਗਾਏ ਜਾਣਗੇ, ਨੈਸ਼ਨਲ ਹਾਈਵੇ ਤੋਂ ਸਕੀਮ ਵਿਚ ਐਂਟਰੀ ਲਈ 1 ਕਿਲੋਮੀਟਰ ਸੜਕ ਬਣਾਈ ਜਾਵੇਗੀ, ਜਿਸ ਦੀ ਚੌੜਾਈ 80 ਫੁੱਟ ਦੇ ਕਰੀਬ ਹੋਵੇਗੀ ਜਿਸ ਦੇ ਦੋਵੇਂ ਪਾਸੇ ਫੁੱਟਪਾਥ ਵੀ ਬਣਾਏ ਜਾਣਗੇ। ਸਾਢੇ ਤਿੰਨ ਏਕੜ ਜ਼ਮੀਨ ਵਿੱਚ 40 ਸਾਪ ਕਮਫਲੈਪ, 23 ਬੂਥ 9×20 ਅਤੇ 20×80, 37 ਡਬਲਸਟੋਰੀ 12×40 ਸਾਈਜ਼ ਦੀਆਂ ਦੁਕਾਨਾਂ ਬਣਾਈਆਂ ਜਾ ਰਹੀਆਂ ਹਨ। ਰਾਜੀਵ ਸ਼ਰਮਾ ਨੇ ਦੱਸਿਆ ਕਿ ਸਕੀਮ ਨੰਬਰ 7 ਵਿੱਚ 2 ਕਨਾਲ ਜਮੀਨ ਵਿਚ ਇੱਕ ਰੈਸਟ ਹਾਊਸ ਬਣਾਇਆ ਜਾਵੇਗਾ ਜਿਸ ਦੀ ਲਾਗਤ 1 ਕਰੋੜ 65 ਲੱਖ ਰੁਪਏ ਦੇ ਕਰੀਬ ਆਵੇਗੀ ਜਿਸ ਵਿੱਚ 5 ਬੈਡਰੂਮ, ਮੀਟਿੰਗ ਹਾਲ ਆਦਿ ਬਣਾਏ ਜਾਣਗੇ।ਮੀਟਿੰਗ ਹਾਲ ਵਿੱਚ ਲਗਭਗ 50 ਵਿਅਕਤੀ ਬੈਠ ਸਕਣਗੇ। ਉਨ੍ਹਾਂ ਦੱਸਿਆ ਕਿ ਵੱਡੇ ਪਾਰਕ ਵਿੱਚ ਆਈ ਲਵ ਯੂ ਗੁਰਦਾਸਪੁਰ ਦਾ ਸਾਈਨ ਬੋਰਡ ਵੀ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਸਕੀਮ ਵਿੱਚ ਸਟਰੀਟ ਲਾਈਟਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਦੀ ਨਾਲ ਸਾਡੀ ਸਕੀਮ ਨੰਬਰ ਸੱਤ ਜੋ ਲਗਭਗ 81 ਏਕੜ ਦੇ ਵਿੱਚ ਬਣੀ ਹੋਈ ਹੈ ਅਤੇ ਇਸ ਵਿਚ ਜਿਆਦਾ ਡਿਵੈਲਪਮੈਂਟ ਨਹੀਂ ਸੀ ਹੋਈ ਅਤੇ ਕਾਫ਼ੀ ਕੰਮ ਅਧੂਰਾ ਸੀ ਜਿਵੇਂ ਕਿ ਸੜਕਾਂ ਟੁੱਟੀਆਂ, ਸੀਵਰੇਜ ਦੇ ਕੰਮ ਰੁਕੇ ਹੋਏ ਸੀ, ਉਨ੍ਹਾਂ ਨੂੰ ਪੂਰਾ ਕਰਵਾਇਆ। ਇਸ ਤੋਂ ਇਲਾਵਾ ਲੋਕਾਂ ਦੀ ਮੰਗ 'ਤੇ ਸਕੀਮ ਦੀ ਚਾਰ ਦੀਵਾਰੀ ਕਰਵਾਈ, ਸੁਰੱਖਿਆ ਲਈ ਤਿੰਨ ਗੇਟ ਲਗਵਾਏ, ਟੁੱਟੀਆਂ ਸੜਕਾਂ ਦੀ ਮੁਰੰਮਤ ਕਰਵਾਈ, ਸਕੀਮ ਅੰਦਰ ਪਾਰਕਾਂ ਦੀ ਦਿਖ ਨੂੰ ਸੁੰਦਰ ਬਣਾਇਆ ਅਤੇ ਉਨ੍ਹਾਂ ਦੇ ਵਿੱਚ ਫੁਹਾਰੇ ਵੀ ਲੱਗਣ ਜਾ ਰਹੇ ਹਨ। ਉਨ੍ਹਾਂ ਕਿਹਾ ਸਕੀਮ ਦੇ ਟਾਊਨ ਪਾਰਕ ਵਿਚ ਤਿੰਨ ਏਕੜ ਦੇ ਜ਼ਮੀਨ ਵਿਚ 150 ਫੁੱਟ ਉਚਾ ਫਲੈਗ ਵੀ ਲਗਾਇਆ ਜਾ ਰਿਹਾ ਹੈ ਅਤੇ ਪਾਰਕ ਵਿਚ ਲੋਕਾਂ ਦੇ ਬੈਠਣ ਲਈ ਬੈਂਚਾਂ ਆਦਿ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਇਸ ਸਕੀਮ ਵਿੱਚ ਪੈਂਦੇ ਐਸ.ਸੀ. ਐਫ. ਨੰਬਰ 1 ਤੋਂ 40 ਵਿੱਚ ਬਣੀ ਪਾਰਕਿੰਗ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ, ਬਾਬਾ ਬੰਦਾ ਸਿੰਘ ਬਹਾਦਰ ਇੰਟਰਸਟੇਟ ਬੱਸ ਟਰਮੀਨਲ ਬਣਾਇਆ ਗਿਆ, ਐਂਟਰੀ ਗੇਟ ਬਣਾਏ ਗਏ, ਬੱਸ ਅੱਡੇ ਦੀ ਫਰੰਟ ਅਤੇ ਬੈਕ ਸਾਈਡ ਵੱਲ ਕੁੱਲ ਚਾਰ ਪਾਰਕ ਬਣਾਏ ਗਏ, ਸਕੀਮ ਵਿੱਚ ਹੀ ਸੇਫਟੀ ਲਈ ਤਿੰਨ ਐਂਟਰੀ ਗੇਟ ਬਣਾਏ ਗਏ, ਬੱਸ ਅੱਡੇ ਨੇੜੇ ਬਾਬਾ ਬੰਦਾ ਸਿੰਘ ਬਹਾਦਰ ਪਾਰਕ ਬਣਾਉਣ ਦਾ ਕੰਮ ਚੱਲ ਰਿਹਾ ਹੈ, ਰਿਹਾਇਸ਼ੀ ਇਲਾਕੇ ਵਿੱਚ ਬਣੀ ਬੈਕ ਸਾਈਡਾਂ ਦੀ ਪਾਰਕਿੰਗ ਵਿੱਚ ਟਾਈਲਾਂ ਲਗਾਈਆਂ ਜਾ ਰਹੀਆਂ ਹਨ, ਕਮਰਸ਼ੀਅਲ ਸਾਈਡ ਵਿੱਚ ਮਿੱਟੀ ਪਾਉਣ ਦਾ ਕੰਮ ਅਤੇ ਟਾਈਲਾਂ ਲਗਾਉਣ ਦਾ ਕੰਮ ਚੱਲ ਰਿਹਾ ਹੈ। ਇਸੇ ਤਰ੍ਹਾਂ ਟਰੱਸਟ ਦੀ ਮਸ਼ੀਨਰੀ ਦੇ ਰੱਖ-ਰਖਾਵ ਲਈ ਇਕ ਸ਼ੈਡ ਬਣਾਇਆ ਗਿਆ ਜਿਸ ਵਿਚ ਟਾਈਲਾਂ ਲਗਾਈਆਂ ਗਈਆਂ ਹਨ। ਈ.ਡਬਲਯੂ.ਐਸ. ਫਲੈਟਾਂ ਵਿਚ 2 ਪਾਰਕ ਬਣਾਏ ਗਏ ਅਤੇ ਫੁਟਪਾਥਾਂ 'ਤੇ ਟਾਈਲਾਂ ਲਗਾਈਆਂ ਗਈਆਂ, ਸਾਰੀਆਂ ਸੜਕਾ ਪੱਕੀਆਂ ਬਣਾ ਦਿੱਤੀਆਂ ਗਈਆਂ, ਨੈਸ਼ਨਲ ਹਾਈਵੇ ਤੋਂ ਸਕੀਮ ਅੰਦਰ ਐਂਟਰੀ ਵੱਲ ਪੈਂਦੇ 80 ਫੁੱਟ ਰੋਡ ਦਾ ਨਿਰਮਾਣ ਹੋ ਰਿਹਾ ਹੈ ਅਤੇ ਬਸ ਸਾਡੇ ਨੇ ਠੀਕ ਐਸ ਸੀ ਐਫ 16 ਤੋਂ 41 ਤੱਕ ਦੀ ਪਾਰਕਿੰਗ ਵਿੱਚ ਇੰਟਰਲਾਕ ਟਾਈਲਾਂ ਲੱਗ ਰਹੀਆਂ ਹਨ। ਸ਼ਹਿਰ ਵਾਸੀਆਂ ਵਲੋਂ ਚੇਅਰਮੈਨ ਰਾਜੀਵ ਸ਼ਰਮਾ ਦੁਆਰਾ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦਿਆ ਕਿਹਾ ਕਿ ਸ਼ਹਿਰ ਦੀ ਖ਼ੂਬਸੂਰਤੀ ਅਤੇ ਵਿਕਾਸ ਕਰਵਾਉਣ ਲਈ ਯਤਨਸ਼ੀਲ ਹਨ। ਇਸ ਮੌਕੇ ਐਕਸੀਅਨ ਰਮਿੰਦਰਪਾਲ ਸਿੰਘ ਕਾਹਲੋਂ, ਐਸ ਡੀ ਓ ਹਰਮੀਤ ਸਿੰਘ, ਮਨੋਜ ਕੁਮਾਰ ਸ਼ਰਮਾ ਕਾਰਜਸਾਧਕ ਅਫ਼ਸਰ, ਜੇ ਈ ਅਨੁਰਾਗ ਸ਼ਰਮਾ ਅਤੇ ਰਾਜ ਕੁਮਾਰ ਜੂਨੀਅਨ ਅਸਿਸਟੈਂਟ ਅਤੇ ਟਰੱਸਟ ਦੇ ਸਟਾਫ਼ ਮੈਂਬਰ ਹਾਜ਼ਰ ਸਨ।

ਨਵਾਂ ਜ਼ਮਾਨਾ

ਬੁੱਧਵਾਰ, 2 ਅਪ੍ਰੈਲ 2025

# ਸੱਤਾ ਦੀ ਮਲਾਈ ਸਿਰਫ਼ ਉੱਚ ਜਾਤਾਂ ਹਿੱਸੇ

*ਕੇਂਦਰ ਸਰਕਾਰ ਅਧੀਨ ਆਉਂਦੇ ਵੱਖ-ਵੱਖ ਵਿਭਾਗਾਂ ਦੀਆਂ ਨੀਤੀਆਂ ਘੜਨ ਤੇ ਇਨ੍ਹਾਂ ਨੂੰ ਲਾਗੂ ਕਰਾਉਣ ਦੀ ਮੁੱਖ ਜ਼ਿੰਮੇਵਾਰੀ ਸਕੱਤਰ ਪੱਧਰੀ ਅਫ਼ਸਰਾਂ ਦੀ ਹੁੰਦੀ ਹੈ। ਇਸੇ ਤਰ੍ਹਾਂ ਸੂਬਾ ਸਰਕਾਰ ਅਧੀਨ ਆਉਂਦੇ ਵਿਭਾਗਾਂ ਨੂੰ ਰਾਜ ਪੱਧਰੀ ਪ੍ਰਸ਼ਾਸਨਿਕ ਅਧਿਕਾਰੀ ਚਲਾਉਂਦੇ ਹਨ। ਇਹ ਅਫ਼ਸਰ ਆਈ ਏ ਐੱਸ, ਆਈ ਪੀ ਐੱਸ, ਆਈ ਐੱਫ ਐੱਸ ਤੇ ਅਜਿਹੀਆਂ ਹੀ ਰਾਜ ਪੱਧਰੀ ਯੋਗਤਾਵਾਂ ਹਾਸਲ ਕਰਕੇ ਇਨ੍ਹਾਂ ਪਦਵੀਆਂ ਉੱਤੇ ਪਹੁੰਚਦੇ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਪ੍ਰਸ਼ਾਸਨਿਕ ਤੇ ਸਮਾਜਿਕ ਸੇਵਾਵਾਂ ਹਨ, ਜਿਨ੍ਹਾਂ ਲਈ ਮਿਆਰੀ ਤਕਨੀਕੀ ਸਿੱਖਿਆ ਦੀ ਜ਼ਰੂਰਤ ਹੁੰਦੀ ਹੈ। ਬਿਨਾਂ ਸ਼ੱਕ ਇਨ੍ਹਾਂ ਅਹੁਦਿਆਂ ਉੱਤੇ ਪੁੱਜਣ ਲਈ ਪੈਸਾ ਇੱਕ ਮੁੱਖ ਕਾਰਕ ਹੁੰਦਾ ਹੈ, ਪਰ ਸਿੱਖਿਆ ਤੋਂ ਬਿਨਾਂ ਉਸ ਦੀ ਵੀ ਵੁਕਤ ਨਹੀਂ ਹੁੰਦੀ। ਇਹ ਗੱਲ ਵਾਰ-ਵਾਰ ਉੱਠਦੀ ਰਹਿੰਦੀ ਹੈ ਕਿ ਇਨ੍ਹਾਂ ਅਹੁਦਿਆਂ ਉੱਤੇ ਕਾਬਜ਼ ਮੁੱਖ ਤੌਰ ਉੱਤੇ ਉੱਚ ਜਾਤੀ ਦੇ ਲੋਕ ਹੁੰਦੇ ਹਨ।*

*ਅਸਲ ਵਿੱਚ ਸੱਤਾ ਦੀ ਇਸ ਮੁੱਖ ਸੰਚਾਲਕ ਸ਼ਕਤੀ ਲਈ ਚੋਣ ਦੀ ਸ਼ੁਰੂਆਤ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਸ਼ੁਰੂ ਹੋ ਜਾਂਦੀ ਹੈ। ਇਸ ਵੇਲੇ ਦੇਸ਼ ਭਰ ਵਿੱਚ ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਹੜ੍ਹ ਆਇਆ ਹੋਇਆ ਹੈ। ਆਮ ਤੌਰ 'ਤੇ ਇਨ੍ਹਾਂ ਨਾਮਣੇ ਵਾਲੇ ਅਦਾਰਿਆਂ ਦੇ ਦਰਵਾਜੇ ਸਿਰਫ਼ ਉੱਚੀ ਜਾਤ ਵਾਲਿਆਂ ਲਈ ਹੀ ਖੁੱਲ੍ਹੇ ਰਹਿੰਦੇ ਹਨ। ਲੋਕ ਸਭਾ ਵਿੱਚ ਪੇਸ਼ ਹੋਈ ਇੱਕ ਰਿਪੋਰਟ ਨੇ ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਹਕੀਕਤ ਸਾਹਮਣੇ ਲੈ ਆਂਦੀ ਹੈ। ਇਸ ਰਿਪੋਰਟ ਮੁਤਾਬਕ ਨਾਮਣੇ ਵਾਲੀਆਂ 30 ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਵਿੱਚ ਦਲਿਤ ਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ 5 ਫ਼ੀਸਦੀ ਤੇ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ ਸਿਰਫ਼ 1 ਫੀਸਦੀ ਹੈ।*

*ਰਿਪੋਰਟ ਮੁਤਾਬਕ ਦੇਸ਼ ਦੇ ਸਭ ਤੋਂ ਨਾਮੀ ਅਦਾਰੇ ਬੀ ਆਈ ਟੀ ਪਲਾਨੀ ਵਿੱਚ ਤਾਂ ਇੱਕ ਵੀ ਵਿਦਿਆਰਥੀ ਐੱਸ ਸੀ, ਐੱਸ ਟੀ ਤੇ ਓ ਬੀ ਸੀ ਕੈਟੇਗਰੀ ਦਾ ਨਹੀਂ ਹੈ। ਇੱਥੇ ਸਿਰਫ਼ ਉੱਚੀਆਂ ਜਾਤਾਂ ਦੇ ਵਿਦਿਆਰਥੀ ਹੀ ਪੜ੍ਹ ਰਹੇ ਹਨ। ਅਜਿਹੇ ਹੀ ਇਕ ਹੋਰ ਨਾਮਣੇ ਵਾਲੇ ਅਦਾਰੇ ਮਣੀਪਾਲ ਅਕੈਡਮੀ ਆਫ਼ ਹਾਇਰ ਐਜੂਕੇਸ਼ਨ ਵਿੱਚ ਸਿਰਫ 0.46 ਫ਼ੀਸਦੀ ਐੱਸ ਸੀ ਤੇ 0.36 ਫੀਸਦੀ ਐੱਸ ਟੀ ਤੇ 18 ਫ਼ੀਸਦੀ ਓ ਬੀ ਸੀ ਵਿਦਿਆਰਥੀ ਹਨ। ਰਿਪੋਰਟ ਵਿੱਚ ਹੋਰ ਵੀ ਬਹੁਤ ਸਾਰੇ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਜ਼ਿਕਰ ਹੈ।*

*ਇਹ ਰਿਪੋਰਟ 2022-23 ਦੇ ਸਰਬ ਭਾਰਤੀ ਉੱਚ ਸਿੱਖਿਆ ਸਰਵੇਖਣ ਦੇ ਅੰਕੜਿਆਂ ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਸਰਵੇ ਵਿੱਚ ਇਨ੍ਹਾਂ ਸਿੱਖਿਆ ਅਦਾਰਿਆਂ ਦੇ ਅਧਿਆਪਕਾਂ ਬਾਰੇ ਵੀ ਰਿਪੋਰਟ ਪੇਸ਼ ਕੀਤੀ ਗਈ ਹੈ। ਇਹ ਅੰਕੜਾ ਵੀ ਅੱਖਾਂ ਖੋਹਲਣ ਵਾਲਾ ਹੈ । ਇਨ੍ਹਾਂ ਟਾਪ 30 ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਸਿਰਫ਼ 4 ਫੀਸਦੀ ਅਧਿਆਪਕ ਐੱਸ ਸੀ ਵਰਗ ਦੇ ਹਨ। ਐੱਸ ਟੀ ਵਰਗ ਦੇ ਅਧਿਆਪਕ ਤਾਂ ਸਿਰਫ਼ 0.46 ਫ਼ੀਸਦੀ ਹਨ।*

*ਹਾਸ਼ੀਏ 'ਤੇ ਰਹਿ ਰਹੇ ਵਰਗਾਂ ਲਈ ਸਰਕਾਰ ਨੇ ਕਈ ਯੋਜਨਾਵਾਂ ਲਾਗੂ ਕੀਤੀਆਂ ਹਨ। ਇਨ੍ਹਾਂ ਵਿੱਚ ਟਿਊਸ਼ਨ ਫੀਸ ਵਿੱਚ ਛੋਟ, ਵਜ਼ੀਫੇ ਤੇ ਕੋਚਿੰਗ ਸਹੂਲਤਾਂ ਸ਼ਾਮਲ ਹਨ, ਪਰ ਪ੍ਰਾਈਵੇਟ ਸਿੱਖਿਆ ਅਦਾਰੇ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਨਹੀਂ ਕਰ ਰਹੇ। ਯੂਨੀਵਰਸਿਟੀ ਗਰਾਂਟ ਕਮਿਸ਼ਨ ਨੇ 2013 ਵਿੱਚ ਸਭ ਪ੍ਰਾਈਵੇਟ ਵਿਦਿਅਕ ਅਦਾਰਿਆਂ ਲਈ ਗਾਈਡਲਾਈਨ ਜਾਰੀ ਕਰਕੇ ਹਰ ਅਦਾਰੇ ਵਿੱਚ ਐੱਸ ਸੀ/ਐੱਸ ਟੀ ਵਿਭਾਗ ਸਥਾਪਤ ਕਰਨ ਲਈ ਕਿਹਾ ਸੀ, ਪਰ ਆਈ ਆਈ ਟੀ ਦਿੱਲੀ ਨੇ 10 ਸਾਲ ਤੱਕ ਇਸ ਉੱਤੇ ਅਮਲ ਨਹੀਂ ਕੀਤਾ ਸੀ ਤੇ 2023 ਵਿੱਚ ਅਣਮੰਨੇ ਮਨ ਨਾਲ ਇਸ ਨੂੰ ਲਾਗੂ ਕੀਤਾ ਸੀ।*

*ਕੁਝ ਲੋਕਾਂ ਦੀ ਦਲੀਲ ਹੈ ਕਿ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਵਿੱਚ ਫੀਸਾਂ ਬਹੁਤ ਉੱਚੀਆਂ ਹਨ, ਇਸ ਕਾਰਨ ਵੰਚਿਤ ਵਰਗਾਂ ਦੇ ਵਿਦਿਆਰਥੀ ਮੌਕਾ ਹਾਸਲ ਕਰਨੋਂ ਖੁੰਝ ਜਾਂਦੇ ਹਨ। ਇਸ ਦਾ ਇੱਕੋ-ਇੱਕ ਹੱਲ ਰਿਜ਼ਰਵੇਸ਼ਨ ਹੈ। ਇਸ ਸਮੇਂ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਲਈ ਕੋਈ ਸਖ਼ਤ ਕਾਨੂੰਨ ਨਹੀਂ ਹੈ, ਜੋ ਹੇਠਲੇ ਵਰਗਾਂ ਦੇ ਵਿਦਿਆਰਥੀਆਂ ਨੂੰ ਰਾਖਵਾਂਕਰਨ ਦੇਣ ਲਈ ਮਜਬੂਰ ਕਰੇ। ਇਸ ਲਈ ਸੱਤਾ ਦੀ ਮਲਾਈ ਸਿਰਫ਼ ਉੱਚੀਆਂ ਜਾਤਾਂ ਦੇ ਹਿੱਸੇ ਆਉਂਦੀ ਹੈ ਤੇ ਵੰਚਿਤ ਵਰਗ ਉਨ੍ਹਾਂ ਦੇ ਕਰਿੰਦੇ ਬਣ ਕੇ ਜ਼ਿੰਦਗੀ ਕੱਟਣ ਲਈ ਮਜਬੂਰ ਹੋ ਜਾਂਦੇ ਹਨ। ਇਸ ਸਮੱਸਿਆ ਦਾ ਇੱਕੋ ਹੱਲ ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿੱਚ ਵੰਚਿਤ ਵਰਗਾਂ ਲਈ ਰਿਜ਼ਰਵੇਸ਼ਨ ਤੇ ਆਰਥਿਕ ਸਹਾਇਤਾ ਦੇਣ ਬਾਰੇ ਕਾਨੂੰਨ ਤੇ ਇਸ ਨੂੰ ਸਖ਼ਤੀ ਨਾਲ ਲਾਗੂ ਕਰਕੇ ਹੀ ਸਹੀ ਅਰਥਾਂ ਵਿੱਚ ਵਿੱਦਿਆ ਦਾ ਲੋਕਤੰਤਰੀਕਰਨ ਹੋ ਸਕਦਾ ਹੈ। ਇਹ ਕੰਮ ਸਿਰਫ਼ ਲੋਕਪੱਖੀ ਜਮਹੂਰੀ ਸਰਕਾਰਾਂ ਹੀ ਕਰ ਸਕਦੀਆਂ ਹਨ। ਮੌਜੂਦਾ ਦੱਖਣਪੰਥੀ ਤਾਨਾਸ਼ਾਹੀ ਕੇਂਦਰੀ ਹਕੂਮਤ ਤੋਂ ਇਸ ਦੀ ਆਸ ਨਹੀਂ ਕੀਤੀ ਜਾ ਸਕਦੀ।*

**-ਚੰਦ ਫਤਿਹਪੁਰੀ**

# ਭਾਰਤੀ ਸ਼ੇਅਰ ਬਾਜ਼ਾਰ ਬਨਾਮ ਅਰਥਚਾਰਾ

**ਪੇਸ਼ਕਸ਼ : ਡਾ. ਅਜੀਤਪਾਲ ਸਿੰਘ ਐੱਮ ਡੀ**

ਭਾਰਤ ਦੀ ਸਰਮਾਏਦਾਰੀ ਜਮਾਤ ਤੇ ਉਸ ਦੀ ਸਰਕਾਰ ਲਈ ਖੁਸ਼ਹਾਲੀ ਦਾ ਪ੍ਰਤੀਕ ਸ਼ੇਅਰ ਬਾਜ਼ਾਰ ਅੱਜ ਗੋਤੇ ਲਾ ਰਿਹਾ ਹੈ, ਪਰ ਇਸ ਦੇ ਦੋ ਮੂੰਹੇਪਣ ਦਾ ਆਲਮ ਇਹ ਹੈ ਕਿ ਕੋਈ ਨਹੀਂ ਕਹਿ ਰਿਹਾ ਹੈ ਕਿ ਦੇਸ਼ ਦਾ ਅਰਥਚਾਰਾ ਢਲਾਨ ਵੱਲ ਜਾ ਰਿਹਾ ਹੈ। ਸਾਰੇ ਖੁਦ ਨੂੰ ਅਤੇ ਦੂਜਿਆਂ ਨੂੰ ਦਿਲਾਸਾ ਦੇ ਰਹੇ ਹਨ ਕਿ ਸ਼ੇਅਰ ਬਾਜ਼ਾਰ 'ਚ ਇਹ ਵਕਤੀ ਗਿਰਾਵਟ ਹੈ । ਜਲਦੀ ਹੀ ਇਹ ਫਿਰ ਉਠੇਗਾ ਅਤੇ ਪਹਿਲੇ ਦੀ ਤਰ੍ਹਾਂ ਛਾਲਾਂ ਮਾਰਨ ਲੱਗ ਪਵੇਗਾ। ਨੇੜ-ਭਵਿੱਖ ਵਿੱਚ ਕੀ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਅਜੇ ਸ਼ੇਅਰ ਬਾਜ਼ਾਰ ਦੇ ਇਸ ਹਾਲ ਦੇ ਮੱਦੇਨਜ਼ਰ ਕੁਝ ਗੱਲਾਂ ਕਹੀਆਂ ਜਾ ਸਕਦੀਆਂ ਹਨ। ਇਹ ਆਮ ਗੱਲਾਂ ਨਾਲ ਦੀ ਨਾਲ ਹੀ ਭਾਰਤੀ ਅਰਥਚਾਰੇ ਦੇ ਆਮ ਪਹਿਲੂਆਂ ਵੱਲ ਇਸ਼ਾਰਾ ਕਰਦੀਆਂ ਹਨ।

ਪਿਛਲੇ ਇੱਕ ਡੇਢ ਦਹਾਕੇ ਤੋਂ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਕਰਨ ਵਾਲੇ ਫੁੱਟਕਲ ਗਾਹਕਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਹੈ। ਪਿਛਲੇ ਸਾਲ ਡੀਮੈਟ ਖਾਤਿਆਂ ਦੀ ਗਿਣਤੀ 10 ਕਰੋੜ ਪਾਰ ਕਰ ਗਈ ਸੀ (ਡੀਮੈਟ ਖਾਤਿਆਂ ਦੇ ਜ਼ਰੀਏ ਰੋਜ਼ਾਨਾ ਆਨਲਾਈਨ ਖਰੀਦ-ਵੇਚ ਕੀਤੀ ਜਾ ਸਕਦੀ ਹੈ)। ਏਨੀ ਵੱਡੀ ਗਿਣਤੀ ਦਾ ਮਤਲਬ ਸੀ ਕਿ ਮੱਧ ਵਰਗ ਦੇ ਵੱਖ-ਵੱਖ ਹਿੱਸੇ ਸ਼ੇਅਰਾਂ ਦੀ ਸੱਟੇਬਾਜ਼ੀ 'ਚ ਲੱਗੇ ਹੋਏ ਸਨ । ਇਸ ਸੱਟੇਬਾਜ਼ੀ ਨੂੰ ਅੱਜ ਕੱਲ੍ਹ ਮੋਬਾਈਲ ਐਪ ਨੇ ਬਹੁਤ ਆਸਾਨ ਬਣਾ ਦਿੱਤਾ। ਏਨਾ ਹੀ ਇਹ ਲੋਕ ਸ਼ੇਅਰ ਆਧਾਰਤ ਹੋਰ ਤਰੀਕਿਆਂ ਦੀ ਸੱਟੇਬਾਜ਼ੀ ਵਿੱਚ ਵੀ ਹੱਥ ਅਜ਼ਮਾ ਰਹੇ ਸਨ । ਸਥਿਤੀ ਇਸ ਹੱਦ ਤੱਕ ਜਾ ਪਹੁੰਚੀ ਸੀ ਕਿ ਪਿਛਲੇ ਸਾਲ ਦੇ ਆਰਥਿਕ ਵਿਸਲੇਸ਼ਣ ਵਿੱਚ ਇਸ 'ਤੇ ਚਿੰਤਾ ਜ਼ਾਹਰ ਕੀਤੀ ਗਈ ਸੀ, ਪਰ ਸਰਕਾਰ ਦੇ ਇਕ ਹਿੱਸੇ ਵੱਲੋਂ ਜ਼ਾਹਰ ਕੀਤੀ ਗਈ ਇਹ ਚਿੰਤਾ ਖਾਸੀ ਹੈਰਾਨਕੁੰਨ ਸੀ, ਕਿਉਂਕਿ ਉਸੇ ਸਰਕਾਰ ਦਾ ਦੂਜਾ ਹਿੱਸਾ ਸੱਟੇਬਾਜ਼ੀ ਨੂੰ ਹੱਲਾਸ਼ੇਰੀ ਦੇ ਰਿਹਾ ਸੀ । ਮਜ਼ੇ ਦੀ ਗੱਲ ਤਾਂ ਇਹ ਕਿ ਦੋਨੋਂ ਹਿੱਸੇ ਇਕੋ ਵਿਤ ਮੰਤਰਾਲੇ ਦੇ ਅਧੀਨ ਆਉਂਦੇ ਹਨ । ਪਿਛਲੇ ਇੱਕ ਡੇਢ ਦਹਾਕੇ ਵਿੱਚ ਖਾਸ ਕਰਕੇ ਮੋਦੀ ਸਰਕਾਰ ਦੇ ਅਰਸੇ ਵਿੱਚ ਸ਼ੇਅਰ ਬਾਜ਼ਾਰ ਨਿਵੇਸ਼ ਅਤੇ ਸਿੱਟੇਬਾਜੀ ਨੂੰ ਖੂਬ ਹੱਲਾਸ਼ੇਰੀ ਦਿੱਤੀ ਗਈ । ਇਸ ਨੂੰ ਸਕਾਰਾਤਮਕ ਤੇ ਨਕਾਰਾਤਮਕ ਦੋਨੋਂ ਤਰ੍ਹਾਂ ਨਾਲ ਕੀਤਾ ਗਿਆ ਹੈ । ਬੈਂਕਾਂ ਵਿੱਚ ਜਮ੍ਹਾਂ ਪੈਸੇ 'ਤੇ ਵਿਆਜ ਤਰਾਂ ਦੀਆਂ ਘਟਾ ਦਿੱਤੀਆਂ ਗਈਆਂ ਅਤੇ ਵਿਆਜ ਦਰ 'ਤੇ ਵੀ ਟੈਕਸ ਲਾ ਦਿੱਤਾ ਗਿਆ ਹੈ । ਇਸ ਦੇ ਠੀਕ ਉਲਟ ਸ਼ੇਅਰ ਬਾਜ਼ਾਰ ਤੋਂ ਹੋਣ ਵਾਲੀ ਆਮਦਨ 'ਤੇ ਇਹ ਟੈਕਸ ਘਟਾ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ, ਵਿੱਤ ਮੰਤਰੀ ਤੋਂ ਲੈ ਕੇ ਸਾਰੇ ਉੱਚ ਲੋਕਾਂ ਵੱਲੋਂ ਇਹ ਮਹੌਲ ਬਣਾਇਆ ਹੈ ਕਿ ਸ਼ੇਅਰ ਬਾਜ਼ਾਰ ਅਰਥਚਾਰੇ ਦੀ ਖੁਸ਼ਹਾਲੀ ਦਾ ਪ੍ਰਤੀਕ ਹੈ ਅਤੇ ਇਹ ਉਪਰ ਹੀ ਜਾਏਗਾ। ਪਿਛਲੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੋਨਾਂ ਨੇ ਲੋਕਾਂ ਨੂੰ ਉਕਸਾਇਆ ਕਿ ਉਹ ਸ਼ੇਅਰ ਖਰੀਦਣ, ਕਿਉਂਕਿ ਮੋਦੀ ਸਰਕਾਰ ਦੀ ਪੁਨਰਵਾਪਸੀ ਨਾਲ ਸ਼ੇਅਰ ਬਜ਼ਾਰ ਉੱਪਰ ਆਵੇਗਾ । ਨਿਵੇਸ਼ ਦੇ ਹੋਰ ਲਾਭਦਾਇਕ ਰਸਤਿਆਂ ਦੀ ਘਾਟ ਦੇ ਨਾਲ ਅਤੇ ਤੁਰਤ-ਫੁਰਤ ਲਾਭ ਦੇ ਲਾਲਚ ਵਿੱਚ ਮੱਧ ਵਰਗ ਨੂੰ ਸ਼ੇਅਰਾਂ ਦੀ ਸੱਟੇਬਾਜ਼ੀ ਵੱਲ ਧੱਕ ਦਿੱਤਾ। ਸ਼ੇਅਰ ਵਿੱਚ ਦੂਰਗਾਮੀ ਨਿਵੇਸ਼ ਤੋਂ ਜ਼ਿਆਦਾ ਰੋਜ਼ਾਨਾ ਹੀ ਸੱਟੇਬਾਜ਼ੀ ਨਾਲ ਖੂਬ ਪੈਸੇ ਕਮਾਉਣ ਦੀ ਕਹਾਣੀ ਪ੍ਰਚਾਰੀ ਜਾਣ ਲੱਗੀ। ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਅਰਥਚਾਰੇ ਦੀ ਅਸਲੀ ਰਫਤਾਰ ਤੋਂ ਆਜ਼ਾਦ ਸ਼ੇਅਰ ਬਾਜ਼ਾਰ ਵਿੱਚ ਉਛਾਲ ਭੀੜ ਦੀ ਜਨੂੰਨੀ ਮਾਨਸਿਕਤਾ ਦਾ ਸਿੱਟਾ ਮਾਤਰ ਹੀ ਹੈ । ਅਸਲ ਗੱਲ ਤਾਂ ਇਹ ਹੈ ਕਿ ਸਰਕਾਰ ਤੋਂ ਲੈ ਕੇ ਸ਼ੇਅਰ ਬਾਜ਼ਾਰ ਦੇ ਅਸਲ ਖਿਲਾੜੀ ਅਸਲ ਵਿੱਚ ਅੱਛੀ ਤਰ੍ਹਾਂ ਜਾਣਦੇ ਹਨ ਅਤੇ ਉਹਨਾਂ ਹੀ ਇਹ ਉਛਾਲ ਪੈਦਾ ਕੀਤਾ ਹੋਇਆ ਸੀ। ਕਿਹਾ ਜਾਂਦਾ ਹੈ ਕਿ ਭਾਰਤ ਦਾ ਸ਼ੇਅਰ ਬਾਜ਼ਾਰ ਬਹੁਤ ਛੋਟਾ ਹੈ । ਜਿਹੜੀ ਇਸ ਵਿੱਚ ਸ਼ੇਅਰ ਬਾਜ਼ਾਰ ਵਿੱਚ ਖਰੀਦੇ ਵਿੱਚ ਜਾਣ ਵਾਲੇ ਸ਼ੇਅਰਾਂ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ ਅਤੇ ਇਸ ਲਈ ਬਹੁਤ ਘੱਟ ਪੂੰਜੀ ਨਾਲ ਇਹਨਾਂ ਦੇ ਭਾਵਾਂ ਵਿੱਚ ਉਤਰਾਅ-ਚੜ੍ਹਾਅ ਪੈਦਾ ਕੀਤਾ ਜਾ ਸਕਦਾ ਹੈ । ਮਿਸਾਲ ਵਜੋਂ ਅਡਾਨੀ ਦੀਆਂ ਕੰਪਨੀਆਂ ਦੇ ਘਪਲੇ ਦੀ ਚਰਚਾ 'ਚ ਪਤਾ ਲੱਗਿਆ ਕਿ ਇਹਨਾਂ ਕੰਪਨੀਆਂ ਦੇ ਪੰਜ-ਸੱਤ ਫੀਸਦੀ ਸ਼ੇਅਰ ਬਾਜ਼ਾਰ ਵਿੱਚ ਖਰੀਦੋ-ਫਰੋਖਤ ਲਈ ਮੁਹੱਈਆ ਹੁੰਦੇ ਹਨ । 75 ਫੀਸਦੀ ਸ਼ੇਅਰ ਤਾਂ ਕਾਨੂੰਨੀ ਤੌਰ 'ਤੇ ਹੀ ਪ੍ਰਮੋਟਡ ਯਾਨੀ ਕੰਪਨੀ ਖੜੀ ਕਰਨ ਦੇ ਪਾਸ ਸਨ (ਅਡਾਨੀ ਘਰਾਣੇ ਦੇ ਪਾਸ) ਅਤੇ 15-17 ਫੀਸਦੀ ਅਤੇ ਗੈਰ-ਕਨੂੰਨੀ ਤਰੀਕੇ ਨਾਲ ਸਾਰਾ ਘਪਲਾ ਇਸ ਗੈਰ-ਕਾਨੂੰਨੀ ਕਾਰਵਾਈ ਨਾਲ ਸੰਬੰਧਤ ਸੀ । ਬਾਜ਼ਾਰ ਛੋਟਾ ਤੇ ਹਲਕਾ ਹੋਣ ਦੇ ਚਲਦਿਆਂ ਥੋੜ੍ਹੇ ਜਿਹੇ ਦੇਸੀ-ਵਿਦੇਸ਼ੀ ਵੱਡੇ ਖਿਡਾਰੀ ਬਰਬਾਦੀ ਨਾਲ ਇਸ ਨੂੰ ਚੜ੍ਹਾਉਂਦੇ-ਗਿਰਾਉਂਦੇ ਹਨ । ਇਹ ਵੱਡੇ ਖਿਡਾਰੀ ਸ਼ਾਇਦ ਹੀ ਘਾਟਾ ਖਾਂਦੇ ਹੋਣ। ਇਹ ਸ਼ੇਅਰ ਬਾਜ਼ਾਰ ਦੇ ਭਾਵਾਂ ਨੂੰ ਚੜ੍ਹਾ ਕੇ ਅਤੇ ਫਿਰ ਗਿਰਾ ਕੇ ਦੋਨਾਂ ਤਰੀਕਿਆਂ ਨਾਲ ਕਮਾਉਂਦੇ ਹਨ । ਇਸ ਦਾ ਸਾਰਾ ਖਮਿਆਜ਼ਾ ਛੋਟੇ ਨਿਵੇਸ਼ਕਾਂ ਨੂੰ ਭੁਗਤਣਾ ਪੈਂਦਾ ਹੈ, ਯਾਨੀ ਮੱਧ ਵਰਗੀ ਲੋਕਾਂ ਨੂੰ ਵੱਡੇ ਨਿਵੇਸ਼ਕਾਂ ਯਾਨੀ ਵੱਡੇ ਸੱਟੇਬਾਜ਼ਾਂ ਦਾ ਘਾਟਾ ਛੋਟੇ ਨਿਵੇਸ਼ਕਾਂ ਦੀ ਘਾਟੇ ਯਾਨਿ ਮੱਧ ਵਰਗੀ ਲੋਕਾਂ ਦੇ ਘਾਟੇ ਦੇ ਬਰਾਬਰ ਹੁੰਦਾ ਹੈ। ਸ਼ੇਅਰ ਬਾਜ਼ਾਰ ਦੇ ਚੜ੍ਹਨ ਤੇ ਉਤਰਨ ਨਾਲ ਜੋ ਸਾਰੀਆਂ ਕੰਪਨੀਆਂ ਦੇ ਸ਼ੇਅਰਾਂ ਦੇ ਭਾਵਾਂ ਵਿੱਚ ਵਾਧਾ ਜਿਹਾ ਘਾਟਾ ਹੁੰਦਾ ਹੈ, ਇਹ ਭਲੇ ਹੀ ਕਲਪਨਿਕ ਹੋਵੇ, ਪਰ ਵੱਡੇ ਨਿਵੇਸ਼ਕਾਂ ਦਾ ਫਾਇਦਾ ਤੇ ਛੋਟੇ ਨਿਵੇਸ਼ਕਾਂ ਦਾ ਘਾਟਾ ਅਸਲੀ ਹੁੰਦਾ ਹੈ। ਅੱਜ ਵੀ ਸ਼ੇਅਰ ਬਾਜ਼ਾਰ ਦੇ ਡਿੱਗਣ ਨਾਲ ਜੋ ਛੋਟੇ ਨਿਵੇਸ਼ਕ ਰੋ ਰਹੇ ਹਨ, ਉਹ ਕਲਪਨਿਕ ਨਹੀਂ ਹੈ। ਉਹ ਹਜ਼ਾਰਾਂ ਜਾਂ ਲੱਖਾਂ ਰੁਪਏ ਗਵਾ ਬੈਠੇ ਹਨ। ਵੈਸੇ ਸ਼ੇਅਰ ਬਾਜ਼ਾਰ ਦੀ ਰਫਤਾਰ ਅਨੋਖੀ ਨਹੀਂ। ਜਦੋਂ ਤੋਂ ਸ਼ੇਅਰ ਬਾਜ਼ਾਰ ਵਿੱਚ ਛੋਟੇ ਨਿਵੇਸ਼ਕਾਂ ਨੇ ਪੈਸਾ ਲਾਉਣਾ ਸ਼ੁਰੂ ਕੀਤਾ, ਉਦੋਂ ਤੋਂ ਇਹੀ ਹੋ ਰਿਹਾ ਹੈ। ਪੂੰਜੀਵਾਦ ਵਿੱਚ ਸ਼ੇਅਰ ਬਜਾਰ ਛੋਟੀ ਸੰਪਤੀ ਵਾਲਿਆਂ ਨੂੰ ਛੋਟੀ ਜਾਇਦਾਦ ਤੇ ਕਮਾਈ ਨੂੰ ਲੁੱਟਣ ਦਾ ਇੱਕ ਹੋਰ ਤਰੀਕਾ ਬਣ ਗਿਆ ਹੈ। ਪੂੰਜੀਵਾਦੀ ਆਪਣੀ ਬਹੁਤ ਛੋਟੀ ਜਿਹੀ ਪੂੰਜੀ ਲਾ ਕੇ ਬਹੁਤ ਵੱਡੀ ਪੂੰਜੀ 10 ਜਾਂ 20 ਗੁਣਾਂ ਦੇ ਮਾਲਕ ਬਣਦੇ ਹਨ, ਜਦ ਕਿ ਉਸ ਦੀ ਜ਼ਿੰਮੇਵਾਰੀ ਉਹਨਾਂ ਦੁਆਰਾ ਲਾਈ ਗਈ ਪੂੰਜੀ ਤੱਕ ਸੀਮਤ ਰਹਿੰਦੀ ਹੈ। ਪੂਰੀ ਜਿੰਮੇਵਾਰੀ ਉਹਨਾਂ ਕੰਪਨੀਆਂ ਨਾਮਕ ਸੰਸਥਾ ਦੀ ਹੁੰਦੀ ਹੈ, ਜਿਸ ਨੂੰ ਪੂੰਜੀਵਾਦ ਵਿੱਚ ਵਿਅਕਤੀ ਦਾ ਦਰਜਾ ਦਿੱਤਾ ਜਾਂਦਾ ਹੈ (ਕਾਨੂੰਨੀ ਤੌਰ 'ਤੇ) ਜੇ ਕੰਪਨੀ ਦੀਵਾਲੀਆ ਹੁੰਦੀ ਹੈ ਤਾਂ ਉਸ ਲਈ ਸ਼ੇਅਰ ਧਾਰਕ ਜ਼ਿੰਮੇਵਾਰ ਨਹੀਂ ਹੁੰਦੇ। ਜ਼ਿਆਦਾ ਤੋਂ ਜ਼ਿਆਦਾ ਉਹਨਾਂ ਦਾ ਸ਼ੇਅਰ ਖਰੀਦਣ ਵਿੱਚ ਲਗਿਆ ਪੈਸਾ ਡੁੱਬਦਾ ਹੈ । ਹੋਲਡਿੰਗ ਕੰਪਨੀਆਂ ਦੇ ਜ਼ਰੀਏ ਸਰਮਾਏਦਾਰ ਬੇਥਾਹ ਪੂੰਜੀ ਦੇ ਮਾਲਕ ਬਣ ਸਕਦੇ ਹਨ । ਜੇ ਕਿਸੇ ਸਰਮਾਏਦਾਰ ਦੀ ਜੇ ਕਿਸੇ ਕੰਪਨੀ 'ਚ ਦਸ ਫੀਸਦੀ ਹਿੱਸੇਦਾਰੀ ਹੈ ਤਾਂ ਉਹ ਉਸ ਕੰਪਨੀ ਦੁਆਰਾ ਕਿਸੇ ਹੋਰ ਕੰਪਨੀ ਵਿੱਚ ਦਸ ਫੀਸਦੀ ਦੀ ਹਿੱਸੇਦਾਰੀ ਦੇ ਜ਼ਰੀਏ 100 ਗੁਣਾ ਪੂੰਜੀ 'ਤੇ ਕੰਟਰੋਲ ਕਰ ਸਕਦਾ ਹੈ। ਮਿਸਾਲ ਵਜੋਂ ਟਾਟਾ ਘਰਾਣਾ ਟਾਟਾ ਐਂਡ ਸਨਜ਼ ਵਿੱਚ 8-10 ਫੀਸਦੀ ਦਾ ਨਿਵੇਸ਼ਕ ਹੈ। ਮੈਂ ਵੀ ਟਾਟਾ ਐਂਡ ਸਨਜ਼ ਨੇ ਟਾਟਾ ਸਮੂਹ ਦੀਆਂ ਹੋਰ ਕੰਪਨੀਆਂ 'ਚ ਨਿਵੇਸ਼ ਕੀਤਾ ਹੈ । ਫਿਰ ਇਹਨਾਂ ਕੰਪਨੀਆਂ ਨੇ ਹੋਰ ਕੰਪਨੀਆਂ ਵਿੱਚ ਨਿਵੇਸ਼ ਕੀਤਾ ਹੈ। ਅੱਜ ਵੱਡੇ ਸਰਮਾਏਦਾਰ ਘਰਾਣਿਆਂ ਨੇ ਵੀ ਨਹੀਂ, ਬਲਕਿ ਦਰਮਿਆਨੇ ਪੱਧਰ ਦੇ ਪੂੰਜੀਪਤੀਆਂ ਨੇ ਵੀ ਇਸ ਤਰ੍ਹਾਂ ਦੀਆਂ ਕੰਪਨੀਆਂ ਦਾ ਮਕੜਜਾਲ ਬਣਾ ਰੱਖਿਆ ਹੈ। ਅਕਸਰ ਪਤਾ ਚੱਲਦਾ ਹੈ ਕਿ ਹਜ਼ਾਰ ਕਰੋੜ ਦੀ ਕਿਸੇ ਪਬਲਿਕ ਲਿਮਟਿਡ ਕੰਪਨੀ ਦਾ ਮੂਲ ਮਾਲਕ ਕਿਸੇ ਛੋਟੀ ਜੀ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਜ਼ਰੀਏ ਕੰਮ ਕਰ ਰਿਹਾ ਹੈ, ਜਿਸ ਦੇ ਸ਼ੇਅਰ ਖਰੀਦੇ-ਵੇਚੇ ਨਹੀਂ ਜਾਂਦੇ। ਸ਼ੁਰੂਆਤ ਵਿੱਚ ਸੰਯੁਕਤ ਸ਼ੇਅਰ ਵਾਲੀਆਂ ਕੰਪਨੀਆਂ ਦੇ ਬਹੁਤ ਥੋੜ੍ਹੇ ਜਿਹੀ ਉੱਚੀ ਕੀਮਤ ਵਾਲੀ ਸ਼ੇਅਰ ਹੁੰਦੇ ਸਨ, ਜਿਨ੍ਹਾਂ ਨੂੰ ਵੱਡੇ ਪੂੰਜੀਪਤੀ ਹੀ ਖਰੀਦਦੇ ਸਨ।

ਮਿਸਾਲ ਵਜੋਂ ਈਸਟ ਇੰਡੀਆ ਕੰਪਨੀ ਇੱਕ ਅਜਿਹੀ ਹੀ ਕੰਪਨੀ ਸੀ, ਪਰ ਸਮੇਂ ਦੇ ਨਾਲ ਸਰਮਾਏਦਾਰੀ ਜਮਾਤ ਨੇ ਪਾਇਆ ਕਿ ਬਹੁਤ ਘੱਟ ਕੀਮਤ ਵਾਲੇ ਬਹੁਤ ਸਾਰੇ ਸ਼ੇਅਰ ਬਹੁਤ ਫਾਇਦੇ ਵਾਲੀ ਚੀਜ਼ ਹਨ। ਇਸ ਨਾਲ ਛੋਟੀ-ਛੋਟੀ ਪੂੰਜੀ ਨੂੰ ਇਕੱਠਾ ਕਰਨਾ ਅਤੇ ਵੱਡੇ ਸਰਮਾਏਦਾਰਾਂ ਦੇ ਕੰਟਰੋਲ ਵਿੱਚ ਲਾਉਣਾ ਬਹੁਤ ਆਸਾਨ ਹੋ ਗਿਆ। ਹੁਣ ਛੋਟੀ ਪੂੰਜੀ ਬੈਂਕਾਂ 'ਚ ਜਮ੍ਹਾ ਜ਼ਰੀਏ ਹੀ ਨਹੀਂ, ਬਲਕਿ ਸਿੱਧੇ ਸ਼ੇਅਰ ਬਜ਼ਾਰ ਦੇ ਜ਼ਰੀਏ ਵੱਡੀ ਪੂੰਜੀ ਨੂੰ ਮੁਹੱਈਆ ਹੋ ਗਈ । ਇਹ ਪੂੰਜੀ ਦਾ ਜ਼ਿਆਦਾ ਵੱਡੇ ਪੈਮਾਨੇ ਦਾ ਸਮਾਜੀਕਰਨ ਸੀ । ਵਿਸ਼ਵੀ ਵਿਤੀ ਪੂੰਜੀ ਇੱਕ ਬਾਜ਼ਾਰ ਤੋਂ ਦੂਜੇ ਬਾਜ਼ਾਰ ਵਿੱਚ ਉਛਾਲ ਪੈਦਾ ਕਰਦੇ ਹੋਏ ਅਤੇ ਫਿਰ ਗਿਰਾਵਟ ਜ਼ਰੀਏ ਉਹਨਾਂ ਦੇ ਅਰਥਚਾਰਿਆਂ ਨੂੰ ਤਬਾਹ ਕਰਦੇ ਹੋਏ ਵਿਚਾਰ ਰਹੀ ਸੀ। ਵਿਸ਼ਵੀ ਪੂੰਜੀ ਦੇ ਚਾਕਰ ਇਕ ਤੋਂ ਬਾਅਦ ਦੂਜੀ ਥਾਂ ਉਛਾਲ ਦੀ ਸ਼ਾਨ ਵਿੱਚ ਸੁਰ ਨਾਲ ਸੁਰ ਮਿਲਾ ਰਹੇ ਸਨ ਅਤੇ ਫਿਰ ਗਿਰਾਵਟ ਦੇ ਸਮੇਂ ਚੁੱਪ ਧਾਰ ਲੈਂਦੇ ਸਨ । ਇਹਨਾਂ ਸਾਰੀਆਂ ਥਾਵਾਂ 'ਤੇ ਛੋਟੇ ਨਿਵੇਸ਼ਕ ਤਬਾਹ ਹੋ ਰਹੇ ਸਨ। ਉਹਨਾਂ ਦੀਆਂ ਛੋਟੀਆਂ-ਛੋਟੀਆਂ ਬਚਤਾ ਨੂੰ ਸ਼ੇਅਰ ਬਾਜ਼ਾਰ ਦੇ ਵੱਡੇ ਖਿਡਾਰੀ ਹੜੱਪ ਰਹੇ ਸਨ। 1980 ਦੇ ਦਹਾਕੇ ਵਿੱਚ ਜੋ ਇਹ ਸਿਲਸਲਾ ਸ਼ੁਰੂ ਹੋਇਆ, ਉਹ ਵਿਸ਼ਵੀਕਰਨ, ਉਦਾਰੀਕਰਨ ਦਾ ਸਿੱਧਾ ਸਿੱਟਾ ਸੀ। ਖੁਦ ਇਹ ਨੀਤੀਆਂ ਵਿਸ਼ਵੀ ਪੱਧਰ 'ਤੇ ਪੂੰਜੀਵਾਦ ਵਿੱਚ ਠਹਿਰਾ ਤੇ ਡਿੱਗਦੇ ਮੁਨਾਫੇ ਦੇ ਸੰਕਟ ਦਾ ਸਿੱਟਾ ਸੀ। ਇਹਨਾਂ ਦੇ ਜ਼ਰੀਏ ਸਰਮਾਏਦਾਰੀ ਵਰਗ ਮਜ਼ਦੂਰ-ਮਿਹਨਤਕਸ਼ ਜਨਤਾ ਦੀ ਆਮਦਨ ਨੂੰ ਘਟਾ ਕੇ ਤੇ ਉਹਨਾਂ ਦੀ ਜਾਇਦਾਦ ਨੂੰ ਖੋਹ ਕੇ ਆਪਣੇ ਡਿੱਗਦੇ ਮੁਨਾਫ਼ੇ ਦੀ ਭਰਪਾਈ ਕਰ ਰਿਹਾ ਸੀ। ਸਰਮਾਏਦਾਰੀ ਜਮਾਤ ਵੱਲੋਂ ਆਪਣੇ ਮੁਨਾਫੇ ਨੂੰ ਬਣਾਈ ਰੱਖਣ ਦਾ ਇਹ ਅਜਿਹਾ ਹੱਲ ਸੀ, ਜੋ ਅਸਲ ਵਿੱਚ ਕੋਈ ਹੱਲ ਨਹੀਂ ਸੀ।

(● ਬਾਕੀ ਸਫ਼ਾ 9 'ਤੇ)

# ਵਿਸ਼ਵ ਗੁਰੂ ਦੀ ਕੁੰਡਲੀ



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਕਥਾ, ਪ੍ਰਥਾ, ਮਿਥਿਹਾਸ ਅਤੇ ਇਤਿਹਾਸ ਮੁਤਾਬਕ ਸਮੁੱਚੀ ਹਿੰਦ ਦੀ ਧਰਤੀ ਜਾਂ ਫਿਰ ਸਿੰਧੂ ਨਦੀ ਦੇ ਇਲਾਕੇ ਦੀ ਧਰਤੀ ਨੂੰ ਹਿੰਦੁਸਤਾਨ ਕਹਿਣ ਦਾ ਰਿਵਾਜ ਚਲਿਆ, ਪੁਰਾਣੇ ਤੋਂ ਪੁਰਾਣੇ ਸਮੇਂ 'ਚ ਇਸ ਇਲਾਕੇ ਨੂੰ ਸਿੰਧੂ ਕਿਹਾ ਜਾਂਦਾ ਸੀ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਫਾਰਸੀ ਲੋਕ ਆਪਣੀ ਜਬਾਨ 'ਚ "ਸ" ਨੂੰ "ਹ" ਨੂੰ ਬੋਲਦੇ ਸਨ ਜਿਸ ਕਰਕੇ ਸਿੰਧ ਤੋਂ ਹਿੰਦ ਤੱਕ ਦਾ ਸਫ਼ਰ ਤਹਿ ਹੋਇਆ। ਇਸ ਕਰਕੇ ਹਿੰਦ ਦੀ ਧਰਤੀ ਨੂੰ ਹਿੰਦੋਸਤਾਨ ਵੀ ਕਿਹਾ ਜਾਂਦਾ ਸੀ। ਜਿਸ ਦਾ ਸਾਫ਼ ਸਾਫ਼ ਮਤਲਬ ਇਹ ਹੈ ਕਿ ਹਿੰਦੋਸਤਾਨ ਹੀ ਭਾਰਤ ਸੀ ਅਤੇ ਭਾਰਤ ਹੀ ਹਿੰਦੋਸਤਾਨ ਸੀ, ਜਿਸ ਨੂੰ ਅੰਗਰੇਜ਼ੀ 'ਚ ਇੰਡੀਆ ਕਹਿਣਾ ਵੀ ਪ੍ਰਚਲਤ ਹੋਇਆ। ਜਦੋਂ ਤੋਂ ਦੇਸ਼ ਦੀ ਵਿਰੋਧੀ ਪਾਰਟੀਆਂ ਨੇ ਰਲ ਕੇ ਇਕ ਇੰਡੀਆ ਨਾਮ ਦਾ ਗੱਠਜੋੜ ਬਣਾਇਆ ਹੈ ਉਦੋਂ ਤੋਂ ਦੇਸ਼ 'ਚ ਰਾਜ ਕਰਦੀ ਪਾਰਟੀ ਨੂੰ ਇਸ ਨਾਮ ਨਾਲ ਨਫ਼ਰਤ ਜਿਹੀ ਹੋ ਗਈ ਲਗਦੀ ਹੈ। ਉਹ ਇਸ ਸ਼ਬਦ ਨੂੰ ਜਿੰਨੀ ਮਰਜ਼ੀ ਨਫ਼ਰਤ ਕਰੇ ਪਰ ਉਸ ਦਾ ਵੀ ਇਸ ਨਾਮ ਤੋਂ ਬਗੈਰ ਸਰਨਾ ਨਹੀਂ।

ਹੋ ਸਕਦਾ ਹੈ ਪਾਠਕ ਜਾਣਦੇ ਹੋਣ ਕਿ ਇਕ ਦੇਸ਼ ਦਾ ਰਾਜਾ ਦੇਸ਼ ਪ੍ਰਤੀ ਉਤਨਾ ਉਤਰਦਾਇਕ ਨਹੀਂ ਹੁੰਦਾ ਜਿੰਨਾ ਇਕ ਚੁਣਿਆ ਹੋਇਆ ਦੇਸ਼ ਮੁਖੀ ਹੁੰਦਾ ਹੈ। ਰਾਜੇ ਨੂੰ ਘਟ ਸਵਾਲ ਕੀਤੇ ਜਾਂਦੇ ਹਨ ਜਦ ਕਿ ਇਕ ਮੁਖੀ ਨੂੰ ਵਧ ਤੋਂ ਵਧ ਸਵਾਲ ਕੀਤੇ ਜਾ ਸਕਦੇ ਹਨ। ਅੱਜ ਦੇ ਦਿਨ ਇਹ ਬਹੁਤ ਸੱਚ ਹੈ ਕਿ ਸਵਾਲ ਪੁਛਣ ਅਤੇ ਕਰਨ ਦਾ ਵਧ ਅਧਿਕਾਰ ਵਿਰੋਧੀ ਧਿਰ ਜਾਂ ਵਿਰੋਧੀਆਂ ਪਾਸ ਹੁੰਦਾ ਹੈ। ਜਿਸ ਦਾ ਕਈ ਵਾਰ ਰਾਜ ਕਰਦੇ ਮੁੱਖੀ ਗੁੱਸਾ ਕਰ ਬੈਠਦੇ ਹਨ। ਉਂਜ ਇਤਿਹਾਸ ਗਵਾਹ ਹੈ ਕਿ ਬਾਬੇ ਨਾਨਕ ਨੇ ਵੀ ਆਪਣੇ ਸਮੇਂ ਮੌਕੇ ਦੇ ਰਾਜੇ ਬਾਬਰ ਨੂੰ ਜਾਬਰ ਕਹਿ ਕੇ ਪੁਕਾਰਿਆ ਸੀ। ਜਿਸ ਤੋਂ ਬਾਬੇ ਦੀ ਨਿਡਰਤਾ ਦਾ ਸਹੀ ਸਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਾਂ ਉਨ੍ਹਾਂ ਲੋਕਾਂ ਦਾ ਭਰਮ ਘੱਟੋ-ਘੱਟ ਟੁਟਣਾ ਚਾਹੀਦਾ ਹੈ ਜਿਨ੍ਹਾਂ ਸਿਰਫ਼ ਬਾਬੇ ਨਾਨਕ ਨੂੰ ਮਾਲਾ ਫੜੀ ਜਾਂ ਮਾਲਾ ਜਪਦਿਆ ਦੀ ਸੋਹਣੀ ਸੁੰਦਰ ਪੌਸ਼ਾਕ 'ਚ ਫੋਟੋ ਦੇਖੀ ਹੈ।

ਅਸੀਂ ਅੱਜ ਦੇ ਦਿਨ ਅਜੇ ਤੱਕ ਇਹ ਫੈਸਲਾ ਨਹੀਂ ਕਰ ਸਕੇ ਕਿ ਅਸੀਂ ਮੌਕੇ ਦੀ ਸਰਕਾਰ ਨੂੰ ਸਵਾਲ ਨਾ ਕਰਕੇ ਖੁਸ਼ਕਿਸਮਤ ਹਾਂ ਜਾਂ ਬਦਕਿਸਮਤ ਹਾਂ। ਸਮਾਜ ਦਾ ਬਹੁਤਾ ਹਿੱਸਾ ਚੁੱਪ ਰਹਿਣ 'ਚ ਹੀ ਆਪਣਾ ਭਲਾ ਸਮਝਦਾ ਹੈ। ਸਾਨੂੰ ਕੀ-ਸਾਨੂੰ ਕੀ ਕਹਿੰਦਿਆਂ-ਕਹਿੰਦਿਆਂ ਸਭ ਦੀ ਵਾਰੀ ਆਜ਼ਾਦੀ ਹੈ ਅਜਿਹੇ ਬੰਦਿਆਂ 'ਚ ਬਾਬੇ ਦੇ ਪੈਰੋਕਾਰ ਵੀ ਸ਼ਾਮਲ ਹੁੰਦੇ ਹਨ। ਜੋ ਬਿਨਾ ਕੁਝ ਕੀਤਿਆ ਕੁਝ ਪਾਉਣਾ ਚਾਹੁੰਦੇ ਹਨ।

ਜਿਵੇਂ ਸਭ ਜਾਣਦੇ ਹਨ ਕਿ ਭਾਰਤ ਇਕ ਰਿਸ਼ੀਆਂ ਮੁਨੀਆਂ ਦਾ ਭਾਗਾਂ ਵਾਲਾ ਦੇਸ਼ ਹੈ। ਉਸ ਦਿਨ ਤੋਂ ਕਈ ਸ਼ਰਧਾਲੂਆਂ ਦੇ ਪੈਰ ਭੁੰਜੇ ਨਹੀਂ ਲਗਦੇ ਜਦੋਂ ਤੋਂ ਦੇਸ਼ ਦੇ ਫਕੀਰ ਮੁੱਖੀ ਨੇ ਆਪਣੇ ਆਪ ਨੂੰ ਵਿਸ਼ਵ ਗੁਰੂ ਅਲਾਪਣਾ ਸ਼ੁਰੂ ਕਰਵਾ ਦਿੱਤਾ ਹੈ। ਭਾਰਤ ਦੀ ਅਨਪੜ੍ਹ ਅਤੇ ਅੰਧਵਾਸੀ ਨੂੰ ਹੋਰ ਕੀ ਚਾਹੀਦਾ ਹੈ ਕਿ ਉਨ੍ਹਾਂ ਦਾ ਮੁਖੀ ਵਿਸ਼ਵ ਗੁਰੂ ਬਣ ਰਿਹਾ। ਉਹ ਉਦੋਂ ਦੇ ਧੰਨ-ਧੰਨ ਕਰਦੇ ਹਨ। ਦੇਸ਼ ਦਾ ਫਕੀਰ ਮੁਖੀ ਵਿਸ਼ਵ ਗੁਰੂ ਅਖਵਾਉਣ ਦੇ ਨਾਲ-ਨਾਲ ਵਿਸ਼ਵ ਚੌਧਰੀ ਵੀ ਅਖਵਾਉਂਦਾ ਹੈ। ਉਹ ਅਲਗ ਗੱਲ ਹੈ ਕਿ ਇਸ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਕਿਸੇ ਕੋਸ਼ਿਸ਼ ਨੂੰ ਅਜੇ ਤੱਕ ਬੂਰ ਨਹੀਂ ਪਿਆ। ਇਕ ਦੂਜੇ ਦੇ ਮਹਾਨ ਦੋਸਤ ਹੋਣ ਦੀ ਰੱਟ ਵਿਸ਼ਵ ਗੁਰੂ ਅਤੇ ਟਰੰਪ ਵੱਲੋਂ ਦਿਨ-ਰਾਤ ਲਾਈ ਜਾ ਰਹੀ ਹੈ। ਪਰ ਦੋਹਾਂ ਦੇ ਵੱਖ-ਵੱਖ ਬੋਲ ਕਸੌਟੀ ਤੇ ਪੂਰੇ ਉਤਰਦੇ ਦਿਖਾਈ ਨਹੀਂ ਦੇ ਰਹੇ।

ਦੂਜੇ ਪਾਸੇ ਟਰੰਪ ਦੇ ਸਹੁੰ ਚੁਕਣ ਤੋਂ ਪਹਿਲਾਂ ਹੀ ਚੀਨ ਨੇ ਆਪਣੇ ਇਕ ਧਮਾਕੇ ਰਾਹੀਂ ਸੰਦੇਸ਼ ਦੇ ਦਿਤਾ ਕਿ ਸਾਡੇ ਪਾਸ ਵੀ ਕਿਸੇ ਨਾਲੋਂ ਕੁਝ ਘੱਟ ਨਹੀਂ। ਅਗਰ ਅਮਰੀਕਾ ਲੜਨਾ ਚਾਹੁੰਦਾ ਹੈ ਤਾਂ ਅਸੀਂ ਉਸ ਲਈ ਵੀ ਤਿਆਰ ਹਾਂ ਆਮ ਦੇਖਣ 'ਚ ਆਉਂਦਾ ਰਹਿੰਦਾ ਹੈ ਕਿ ਮਨੁੱਖ ਅਕਸਰ ਜ਼ਿੰਦਗੀ 'ਚ ਝੂਠ ਦਾ ਸਹਾਰਾ ਵੀ ਲੈਂਦਾ ਰਹਿੰਦਾ ਹੈ। ਪਰ ਜਿਸ ਮਨੁੱਖ ਅੱਗੇ ਸਾਧੂ-ਸੰਤ-ਗੁਰੂ ਆਦਿ ਲੱਗ ਜਾਵੇ ਉਹ ਪ੍ਰਾਣੀ ਅਜਿਹਾ ਨਹੀਂ ਕਰਦਾ ਅਗਰ ਕਰਦਾ ਹੈ ਤਾਂ ਲੋਕ ਯਕੀਨ ਕਰਨੋਂ ਹਟ ਜਾਂਦੇ ਹਨ। ਪਰ ਵਿਸ਼ਵ ਗੁਰੂ ਦਾ ਝੂਠ ਵੀ ਵਿਸ਼ਵ ਪੱਧਰ ਦਾ ਹੁੰਦਾ ਹੈ। ਸਭ ਤਰ੍ਹਾਂ ਦੀਆਂ ਚੋਣਾਂ ਤੋਂ ਬਾਅਦ ਇਹ ਸਾਬਤ ਹੋਣਾ ਸ਼ੁਰੂ ਹੋ ਗਿਆ ਹੈ ਕਿ....ਹੈ ਤਾਂ ਮੁਮਕਿਨ ਹੈ ਦਾ ਨਾਅਰਾ ਨਿਰਾ ਝੂਠ ਸਾਬਤ ਹੋਇਆ।

ਵਿਸ਼ਵ ਪੱਧਰ ਦੇ ਜੋਤਸ਼ੀਆਂ ਦੀ ਜਾਣਕਾਰੀ ਇਕੱਠੀ ਕਰਨ ਤੋਂ ਬਾਅਦ ਧਿਆਨ 'ਚ ਆਇਆ ਹੈ ਕਿ ਵੀਹ ਸੌ ਸਤਾਈ ਵਿਸ਼ਵ ਗੁਰੂ ਜੀ ਦੇ ਲਈ ਕੋਈ ਸ਼ੁਭ ਸੁਨੇਹਾ ਲੈ ਕੇ ਨਹੀਂ ਆਵੇਗਾ। ਉਨ੍ਹਾਂ ਲਈ ਵੱਧ ਤੋਂ ਵੱਧ ਪ੍ਰੇਸ਼ਾਨੀਆਂ ਲੈ ਕੇ ਆਵੇਗਾ। ਵਿਸ਼ਵ ਗੁਰੂ ਦੀਆਂ ਡਿਗਰੀਆਂ ਦਾ ਰੌਲਾ ਜੋ ਵੀਹ ਸੌ ਸੋਲਾਂ ਤੋਂ ਸ਼ੁਰੂ ਹੋ ਕੇ ਠੰਡੇ ਬਸਤੇ ਵਿੱਚ ਪੈ ਚੁੱਕਾ ਸੀ। ਉਹ ਮੁੜ ਖੁਲ ਸਕੇਗਾ ਜਾਂ ਖੁਲਦਾ ਦਿਖਾਈ ਦੇ ਰਿਹਾ ਹੈ। ਜਿਹੜੀਆਂ ਡਿਗਰੀਆਂ ਬਾਰੇ ਵੀਹ ਸੌ ਸੌਲਾਂ 'ਚ ਅਮਿਤ ਸ਼ਾਹ ਨੇ ਜਨਤਕ ਕਰਕੇ ਪ੍ਰਾਪਤ ਕੀਤੀ ਸੀ। ਵੀਹ ਸੌ ਸਤਾਈ ਦੀਆਂ ਚੋਣਾਂ ਦਾ ਲਗਨ ਸਾਹਿਬ ਜੀ ਲਈ ਸ਼ੁਭ ਦਿਖਾਈ ਨਹੀਂ ਦਿੰਦਾ। ਸਤਾਈ ਦਾ ਰਸਤਾ ਰਾਹੂ-ਕੇਤੂ ਰੋਕੀ ਦਿਖਾਈ ਦੇ ਰਹੇ ਹਨ। ਇਸ ਕਰਕੇ ਸਤਾਈ ਵੱਲ ਪੈਰ ਪੁਟਣ ਲਗਿਆ ਹਜ਼ਾਰ ਵਲ ਸੋਚਣਾ ਪੈਣਾ ਹੈ।

ਵਿਸ਼ਵ ਗੁਰੂ ਦੇ ਗ੍ਰਹਿ ਮੁਤਾਬਕ ਵੀਹ ਸੌ ਸਤਾਈ 'ਚ ਆਪਣੇ ਕਹੇ ਸ਼ਬਦਾਂ 'ਚ ਆਪ ਹੀ ਘਿਰਦੇ ਦਿਖਾਈ ਦੇਣਗੇ। ਅਗਰ ਆਪਣੇ ਜੋਰ ਦਬਾਅ ਕਾਰਨ ਉਹ ਅੱਗੇ ਵਧਦੇ ਹਨ ਤਾਂ ਫਿਰ ਚੌਥੀ ਵਾਰ ਪ੍ਰਧਾਨ ਮੰਤਰੀ ਬਨਣ ਲਈ ਜਿਉਂ ਹੀ ਫਾਰਮ ਭਰਨਗੇ ਤਾਂ ਇਨ੍ਹਾਂ ਖ਼ਿਲਾਫ਼ ਕੋਈ ਰਾਹੂ-ਕੇਤੂ ਖੜਾ ਹੋ ਕੇ ਮੁੜ ਫਾਰਮ 'ਚ ਭਰੀਆਂ ਡਿਗਰੀਆਂ ਬਾਬਤ ਪੁਛ-ਦੱਸ ਕਰ ਸਕਦਾ ਹੈ। ਜਿਨ੍ਹਾਂ 'ਚ ਅੱਜ ਦੇ ਦਿਨ ਏਕ ਨਹੀਂ ਅਨੇਕ ਗਲਤੀਆਂ ਹਨ। ਜੋ ਪਹਿਲਾਂ ਨਹੀਂ ਸਾਬਤ ਕਰ ਸਕੇ ਉਹ ਹੁਣ ਕਿਵੇਂ ਸਾਬਤ ਕਰਨਗੇ ? ਮੰਨ ਲਵੋ ਸਾਹਿਬ ਵਿਦਿਆ ਸੰਬੰਧੀ ਖਾਨਾ ਖਾਲੀ ਛੱਡਦੇ ਹਨ ਤਾਂ ਫਿਰ ਪਿਛਲਾ ਰਿਕਾਰਡ ਰਾਹ ਰੋਕੇਗਾ। ਅਜਿਹੇ ਇਤਰਾਜ ਸਿਰਫ਼ ਵਿਰੋਧੀ ਹੀ ਉਠਾਉਣਗੇ। ਉਂਜ ਮੌਕੇ ਦਾ ਅਫ਼ਸਰ ਵੀ ਨੋਟਿਸ ਲੈ ਸਕਦਾ ਹੈ। ਸਭ ਜਾਣਦੇ ਹਨ ਸੰਬੰਧਤ ਧਿਰ ਜਿਹੜੀ ਪਿਛਲੇ ਨੌਂ ਸਾਲਾਂ 'ਚ ਸਾਬਤ ਨਹੀਂ ਕਰ ਸਕੀ। ਉਹ ਉਸ ਮੌਕੇ ਕਿਵੇਂ ਕਰ ਸਕੇਗੀ ? ਅਗਰ ਕੋਈ ਅਧਿਕਾਰੀ ਦਲੇਰੀ ਕਰਕੇ ਮਦਦ ਕਰਨੀ ਚਾਹੇਗਾ ਆਪਣਾ ਭਵਿੱਖ ਖਰਾਬ ਕਰੇਗਾ। ਅਜਿਹੀ ਸਥਿਤੀ ਸੱਪ ਦੇ ਮੂੰਹ 'ਚ ਕਿਰਲੀ ਵਾਲੀ ਕਹਾਵਤ ਜ਼ਰੂਰ ਢੁਕੇਗੀ। ਅਜਿਹੀਆਂ ਅਣਚਾਹੀਆਂ ਨੌਬਤਾਂ ਰਸਤੇ ਦਾ ਰੋੜਾ ਨਾ ਬਨਣ ਸਾਹਿਬ ਨੇ ਬਹੁਤ ਚਿਰ ਪਹਿਲਾ ਹੀ ਜੋਰ ਲਾ ਕੇ ਦੇਖ ਲਿਆ। ਜਦ ਸਭ ਪਾਰਟੀ ਨੇ ਸੰਘ ਪਾੜ-ਪਾੜ ਹਰ ਸਟੇਜ ਤੇ ਅਖਿਆ ਸੀ "ਅੱਬ ਕੀ ਬਾਰ ਚਾਰ ਸੌ ਪਾਰ" ਜੋ ਨਾਅਰਾ, ਨਾਅਰਾ ਹੀ ਰਹਿ ਗਿਆ ਸਿਆਣੇ ਆਖਦੇ ਹਨ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ।

ਇਸ ਕਰਕੇ ਅਸੀਂ ਅਖੀਰ 'ਚ ਮਹਿੰਗਾਈ ਤੋਂ ਪਿਸ ਰਹੇ ਲੋਕਾਂ ਨੂੰ ਹਿੰਦੂ-ਮੁਸਲਮਾਨ ਨਾਅਰੇ ਤੋਂ ਤੰਗ ਆਏ ਲੋਕਾਂ ਨੂੰ ਇਕ ਅਪੀਲ ਕਰਾਂਗੇ ਕਿ ਅਗਰ ਸਭ ਨੇ ਭਰਾ ਮਾਰੂ ਜੰਗ ਤੋਂ ਛੁਟਕਾਰਾ ਪਾਉਣ ਵਲ ਵਧਣਾ ਹੈ ਤਾਂ ਇਕ ਦੂਜੇ ਦਾ ਹਥ ਅਜਿਹਾ ਫੜੋ ਕਿ ਜਿਸ ਨੂੰ ਦੁਸ਼ਮਣ ਆਪਣੀਆਂ ਚਾਲਾਂ ਨਾ ਢਿੱਲਾ ਨਾ ਕਰ ਸਕੇ। ਜਾਤ-ਪਾਤ ਭੁਲਾ ਦਿਓ। ਸਭ ਦੁਖੀ ਲੋਕਾਈ ਆਪਣੇ ਵਿੱਚ ਭੈਣ-ਭਾਈ ਹਨ ਤੋੜਨ ਵਾਲੇ ਨੂੰ ਦੁਸ਼ਮਣ ਸਮਝੋ। ਵਕਤੀ ਲਾਭ ਤੋਂ ਛੁਟਕਾਰਾ ਪਾਓ। ਯਾਦ ਰੱਖੋ ਨਫ਼ਰਤ ਨੂੰ ਨਫ਼ਰਤ ਨਾਲ ਨਹੀਂ ਸਿਰਫ਼ ਪਿਆਰ ਦੇ ਏਕੇ ਨਾਲ ਅੱਗੇ ਲਾਇਆ ਜਾ ਸਕਦਾ ਹੈ। ਕਦੇ ਹਿੰਸਾ ਦਾ ਪੱਲਾ ਨਾ ਫੜੋ। ਹਿੰਸਾ ਦੇ ਸਾਧਨ ਹਮੇਸ਼ਾ ਰਾਜ ਕਰਦੀ ਧਿਰ ਪਾਸ ਹੁੰਦੇ ਹਨ। ਸਮਾਂ ਬਹੁਤ ਵੀ ਹੈ ਤੇ ਘੱਟ ਵੀ ਹੈ। ਰਹਿੰਦੇ ਸਮੇਂ ਦੀ ਯੋਗ ਵਰਤੋਂ ਅਜਿਹੀ ਕਰੋ ਕਿ ਨਾ ਮਸਜਿਦਾ ਢਕਣੀਆਂ ਪੈਣ ਨਾ ਕਰਫੂਆਂ ਦੀ ਨੌਬਤ ਆਵੇ। ਯਾਦ ਰਖੋ ਜਮਹੂਰੀਅਤ 'ਚ ਜੋ ਤੁਸੀਂ ਵੋਟ ਨਾਲ ਕਰ ਸਕਦੇ ਹੋ ਉਹ ਕੁਝ ਵੱਡੇ ਤੋਂ ਵੱਡੇ ਹਥਿਆਰ ਵੀ ਨਹੀਂ ਕਰ ਸਕਦੇ। ਇਸ ਆਸ ਨਾਲ ਕਿ ਸਤਾਈ ਦੀ ਭਵਿੱਖ ਬਾਣੀ ਠੀਕ ਨਿਕਲੇ।

*# ਸੰਪਰਕ : 98721-65741*

**ਜਨਮ ਦਿਨ 'ਤੇ ਵਿਸ਼ੇਸ਼**

# ਸੰਘਰਸ਼ ਭਰੀ ਸਦੀ ਦਾ ਮਹਾਂ-ਨਾਇਕ ਬਾਬਾ ਭਗਤ ਸਿੰਘ ਬਿਲਗਾ

**ਪ੍ਰੋ. ਗੋਪਾਲ ਸਿੰਘ ਬੁੱਟਰ**

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਸਨ। ਉਹਨਾ ਦਾ ਜਨਮ ਇਸੇ ਪਿੰਡ ਵਿੱਚ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਪੱਤੀ ਭਲਾਈ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ-ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਇਹਨਾ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖਸ਼ ਤੇ ਇਹਨਾ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਇਹਨਾ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾ ਦੀ ਮਾਤਾ ਨੂੰ ਪਰਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ, ਪਰ ਫੇਰ ਵੀ ਪੂਰੀ ਨਾ ਪਈ ਅਤੇ ਅਖੀਰ ਘਰ-ਘਾਟ ਤੱਕ ਵੀ ਗਿਰਵੀ ਰੱਖਣਾ ਪਿਆ। ਉਹਨਾ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ, ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤੱਕ ਦੀ ਲੰਮੀ ਸਰਗਰਮ ਜ਼ਿੰਦਗੀ ਜਿਉ ਕੇ ਗੁਜ਼ਰੇ ਹਨ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਲਈ ਉਹ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ੍ਰ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕਾਰੀਆਂ ਦਾ ਗਰੁੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। ਉਹਨਾ 1934 ਤੋਂ 1936 ਤਕ ਕਲੱਕਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਤਨਦੇਹੀ ਨਾਲ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫਤਾਰੀ ਤੋਂ ਬਾਅਦ ਲਾਹੌਰ ਦੇ ਕਿਲ੍ਹੇ ਵਿੱਚ ਦੋ ਮਹੀਨੇ ਅਣ-ਮਨੁੱਖੀ ਤਸੀਹੇ ਦਿੱਤੇ ਗਏ ਅਤੇ ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਉਹਨਾ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਉਹਨਾ ਨੂੰ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਬਾਬਾ ਭਗਤ ਸਿੰਘ ਬਿਲਗਾ ਨੂੰ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼-ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ ਗਿਆ। ਉਹਨਾ ਦੇ ਆਖਰੀ



ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾ ਦੇ ਵਿਦਰੋਹੀ ਜੀਵਨ ਦਾ ਆਖਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੇ ਨਾਲ-ਨਾਲ ਉਮਰ ਭਰ ਰੰਗ, ਨਸਲ, ਧਰਮ ਤੇ ਜਾਤੀ ਵਿਤਰਕੇ ਦੇ ਖਿਲਾਫ਼ ਵੀ ਨਿਰੰਤਰ ਅਤੇ ਪੂਰੀ ਤਨਦੇਹੀ ਨਾਲ ਜੱਦੋ-ਜਹਿਦ ਕੀਤੀ। ਉਹਨਾ ਨੂੰ ਦੁਨੀਆ ਭਰ ਵਿੱਚੋਂ ਕਈ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਅਤੇ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਹਨਾ ਨੇ ਇੱਕ ਰਾਸ਼ਟਰੀ ਅਵਾਰਡ 'ਸਦੀ ਦਾ ਹੌਸਲਾ ਅਤੇ ਬਹਾਦੁਰੀ ਦਾ ਸਨਮਾਨ' ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ 'ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਹਨਾ ਨੂੰ ਮਰਨ ਉਪਰੰਤ 'ਪੰਜਾਬ ਰਤਨ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ। ਇਸ ਵਿੱਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਿਲ ਹੋਣ ਕਰਕੇ ਹੀ ਉਹਨਾ ਦੇ ਪਰਵਾਰ ਨੇ ਇਸ ਨੂੰ ਸਵੀਕਾਰ ਕੀਤਾ।

ਬਾਬਾ ਭਗਤ ਸਿੰਘ ਬਿਲਗਾ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕਰ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਆਪਣੀ ਨਿਗਰਾਨੀ ਹੇਠ ਇਸ ਵਿਸ਼ਾਲ ਯਾਦਗਾਰ ਦਾ ਨਿਰਮਾਣ ਕਰਵਾਇਆ ਤੇ ਫਿਰ ਇਸ ਨੂੰ ਅਗਾਂਹਵਧੂ ਤੇ ਧਰਮ-ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਤ ਕੀਤਾ।

ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਲਈ ਸੁਹਿਰਦਤਾ ਨਾਲ ਕੰਮ ਕੀਤਾ, ਉੱਥੇ ਉਹਨਾ ਆਪਣੇ ਆਲੇ-ਦੁਆਲੇ ਦੇ ਸਰਬਪੱਖੀ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਉਹਨਾ ਆਪਣੀ ਜਵਾਨੀ ਵਿੱਚ ਹੀ ਭਾਵ 1935-36 ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ ਖੁੱਲ੍ਹਵਾਇਆ ਅਤੇ ਖੁਦ ਉਸ ਦੀ ਨਿਗਰਾਨੀ ਕੀਤੀ। ਉਹਨਾ 1953 ਵਿੱਚ ਬਿਲਗਾ ਵਿਖੇ ਲੜਕਿਆਂ ਦਾ ਹਾਈ ਸਕੂਲ ਖੁੱਲ੍ਹਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ। ਉਹਨਾ ਇਲਾਕੇ ਵਿੱਚ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ 'ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਤੇ ਗੁਰੂ ਗੋਬਿੰਦ ਸਿੰਘ ਕਾਲਜ, ਜੰਡਿਆਲਾ ਮੰਜਕੀ ਦੇ ਨਿਰਮਾਣ ਤੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ-ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਕਰੋੜਾਂ ਰੁਪਇਆਂ ਦੀ ਲਾਗਤ ਵਾਲਾ ਵੱਡ-ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ-ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸ ਦਾ ਨੀਂਹ ਪੱਥਰ 13 ਅਪ੍ਰੈਲ 2000 ਈਸਵੀ ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ।

ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਦੀ ਲੜਾਈ ਅਤੇ ਲੋਕ ਹਿਤੈਸ਼ੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਉਹਨਾ ਨੇ ਲੋਕ ਹਿਤੈਸ਼ੀ ਲਹਿਰ ਅਤੇ ਇਸ ਦੇ ਨਾਇਕਾਂ ਨਾਲ ਸੰਬੰਧਤ ਇਤਿਹਾਸਿਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ। ਉਹਨਾ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ' ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ' ਅਤੇ ਅਖ਼ਬਾਰਾਂ, ਰਸਾਲਿਆਂ ਵਿੱਚ ਛਪਣ ਵਾਲੇ ਉਹਨਾ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸੰਬੰਧਤ ਮਹੱਤਵਪੂਰਨ ਦਸਤਾਵੇਜ ਹਨ।

*# ਸੰਪਰਕ : 99150-05814*

# ਲੋਕ ਮੋਰਚਾ ਪੰਜਾਬ ਵੱਲੋਂ ਖੇਤੀ ਮੰਡੀ ਖਰੜੇ ਖਿਲਾਫ ਰੋਸ ਮਾਰਚ ਤੇ ਨਾਹਰੇਬਾਜ਼ੀ


ਲੋਕ ਮੋਰਚਾ ਪੰਜਾਬ (ਸਮਰਾਲਾ) ਦੇ ਆਗੂ ਕੁਲਵੰਤ ਸਿੰਘ ਤਰਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ।

**ਸਮਰਾਲਾ (ਸੁਰਜੀਤ ਸਿੰਘ)**-ਲੋਕ ਮੋਰਚਾ ਪੰਜਾਬ ਵੱਲੋਂ ਡੇਹਲੋਂ ਵਿਖੇ ਸੰਘਰਸ਼ਸ਼ੀਲ ਕਿਸਾਨਾਂ, ਸਨਅਤੀ ਮਜ਼ਦੂਰਾਂ, ਮੁਲਾਜ਼ਮਾਂ, ਅਧਿਆਪਕਾਂ, ਨੌਜਵਾਨਾਂ ਨਾਲ ਮੀਟਿੰਗ ਕੀਤੀ ਗਈ ਤੇ ਬਜ਼ਾਰ ਤੋਂ ਬੱਸ ਅੱਡੇ ਤੱਕ ਮਾਰਚ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਲੋਕ ਮੋਰਚਾ ਪੰਜਾਬ ਦੇ ਆਗੂ ਕੁਲਵੰਤ ਸਿੰਘ ਤਰਕ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰੀ ਹਕੂਮਤ ਦੁਆਰਾ ਭੇਜੇ ਖੇਤੀ ਮੰਡੀਕਰਨ ਦੇ ਖਰੜੇ ਦੀ ਲੋਕ ਦੋਖੀ ਖ਼ਸਲਤ ਉਭਾਰੀ ਗਈ ਤੇ ਖਰੜਾ ਰੱਦ ਕਰਨ ਦੀ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਗਿਆ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾ ਸਕੱਤਰ ਜਗਮੇਲ ਸਿੰਘ ਨੇ ਕਿਹਾ ਕਿ ਇਹ ਖਰੜਾ ਭਾਵੇਂ ਪੰਜਾਬ ਵਿਧਾਨ ਸਭਾ ਨੇ ਰੱਦ ਕਰ ਦਿੱਤਾ ਹੈ, ਪਰ ਇਹ ਕੇਂਦਰ ਦਾ ਹੈ ਤੇ ਉਹ ਇਸ ਨੂੰ ਲਾਗੂ ਕਰਨ ਲਈ ਕਾਹਲੀ ਵਿੱਚ ਹੈ।ਇਹ ਖਰੜਾ ਸਰਕਾਰੀ ਮੰਡੀਆਂ ਦੀ ਥਾਂ ਦੇਸੀ ਵਿਦੇਸ਼ੀ ਕੰਪਨੀਆਂ ਦੇ ਸਾਇਲੋ ਤੇ ਕੋਲਡ ਸਟੋਰਾਂ ਨੂੰ ਹੀ ਮੰਡੀਆਂ ਬਣਾਉਣ ਤੇ ਕੰਪਨੀਆਂ ਨੂੰ ਖੇਤ 'ਚੋਂ ਸਿੱਧੀ ਖ਼ਰੀਦ ਕਰਨ ਦੀ ਖੁੱਲ੍ਹ ਦੇਣ ਦਾ ਹੁਕਮਨਾਮਾ ਹੈ, ਜੋ ਜਿਣਸਾਂ ਨੂੰ ਸਟੋਰ ਕਰਨ ਤੇ ਵੇਚਣ ਦੇ ਅਧਿਕਾਰ ਦਿੰਦਾ ਹੈ।ਵੱਡੀਆਂ ਵਿਦੇਸ਼ੀ ਕੰਪਨੀਆਂ ਦਾ ਦੁਨੀਆਂ 'ਚ ਅਨਾਜ ਵਪਾਰ ਦੇ 70 ਪ੍ਰਤੀਸ਼ਤ ਉੱਤੇ ਕਬਜ਼ਾ ਹੈ। ਸੂਬਾ ਸਕੱਤਰ ਨੇ ਅੱਗੇ ਕਿਹਾ ਕਿ ਖਰੜੇ ਦੇ ਲਾਗੂ ਹੋਣ ਨਾਲ ਕਿਸਾਨਾਂ ਦੀ ਫਸਲ ਦੀ ਲੁੱਟ ਤੇ ਮੰਡੀਆਂ ਵਿੱਚੋਂ ਮੁਲਾਜ਼ਮਾਂ ਤੇ ਮਜ਼ਦੂਰਾਂ ਦੀ ਛਾਂਟੀ ਹੋਵੇਗੀ।ਖੇਤੀ ਪੈਦਾਵਾਰ ਕੌਡੀਆਂ ਦੇ ਭਾਅ ਲੁੱਟੀ ਜਾਣੀ ਹੈ।ਖੁੰਘਲ ਹੋਈ ਕਿਸਾਨੀ ਸੂਦਖੋਰੀ ਕਰਜ਼ੇ ਦੇ ਤੰਦੂਏ ਜਾਲ ਵਿੱਚ ਫਸ ਜਾਣ ਦੇ ਹਾਲਤ ਬਣੇਗੀ। ਜਨਤਕ ਵੰਡ ਪ੍ਰਣਾਲੀ ਦਾ ਪੂਰੀ ਤਰ੍ਹਾਂ ਗਲ਼ ਘੁੱਟਿਆ ਜਾਵੇਗਾ।ਮੰਡੀਆਂ ਵਿੱਚ ਕੰਮ ਕਰਦੇ ਪੱਲੇਦਾਰ ਮਜ਼ਦੂਰ ਬੇਰੁਜ਼ਗਾਰੀ ਮੂੰਹ ਧੱਕੇ ਜਾਣਗੇ।ਨੌਜਵਾਨਾਂ ਵਿਚ ਬੇਰੁਜ਼ਗਾਰਾਂ ਦੀ ਨਫ਼ਰੀ ਵਧੇਗੀ।ਖੇਤੀ ਪੈਦਾਵਾਰ ਨਾਲ ਜੁੜੇ ਕਰੋੜਾਂ ਕਾਰੋਬਾਰੀਆਂ ਦੇ ਕਾਰੋਬਾਰ ਉਜੜਨਗੇ।ਟਰੱਕਾਂ ਵਾਲਿਆਂ ਦੇ ਕਿੱਤੇ 'ਤੇ ਵੀ ਮਾੜਾ ਅਸਰ ਪਵੇਗਾ।ਘੱਟ ਤਨਖਾਹਾਂ ਵਾਲੇ ਠੇਕਾ ਮੁਲਾਜ਼ਮ ਹੋਰ ਵਧੇਰੇ ਗਰੀਬੀ ਮੂੰਹ ਧੱਕੇ ਜਾਣਗੇ।ਪ੍ਰਚੂਨ ਖੇਤਰ ਵਿੱਚ ਇਨ੍ਹਾਂ ਦੇ ਆਉਣ ਨਾਲ ਅਨੇਕਾਂ ਦੁਕਾਨਾਂ ਨੂੰ ਤਾਲੇ ਲੱਗ ਜਾਣ ਦੀ ਨੌਬਤ ਆ ਜਾਣੀ ਹੈ।ਦੂਜੇ ਪਾਸੇ ਕੰਪਨੀਆਂ ਖੇਤੀ ਪੈਦਾਵਾਰ ਨੂੰ ਮਨ ਆਏ ਭਾਅ ਖਰੀਦ ਕਰਨਗੀਆਂ ਤੇ ਮਨ ਚਾਹੇ ਭਾਅ ਵੇਚਣਗੀਆਂ।

ਇਕੱਤਰਤਾ ਦੇ ਅੰਤ 'ਤੇ ਸਕੱਤਰ ਨੇ ਇਕੱਤਰ ਹੋਏ ਲੋਕਾਂ ਨੂੰ ਇਸ ਖਰੜੇ ਨੂੰ ਰੱਦ ਕਰਾਉਣ ਤੇ ਮੰਡੀਆਂ 'ਚ ਲੋਕ ਪੱਖੀ ਸੁਧਾਰ ਕਰਵਾਉਣ ਲਈ ਵਿਸ਼ਾਲ ਏਕਾ ਤੇ ਮਜ਼ਬੂਤ ਸੰਘਰਸ਼ ਦੇ ਅਖਾੜੇ ਭਖਾਉਣ ਦੀ ਲੋੜ ਨੂੰ ਭਰਵਾਂ ਹੁੰਗਾਰਾ ਭਰਨ ਦਾ ਸੱਦਾ ਦਿੱਤਾ ਹੈ।ਉਨ੍ਹਾਂ ਮੰਗ ਕੀਤੀ ਕਿ ਬਜਟਾਂ ਦਾ ਵੱਡਾ ਹਿੱਸਾ ਖੇਤੀ ਤੇ ਲੋਕ ਭਲਾਈ 'ਤੇ ਲਾਇਆ ਜਾਣਾ ਚਾਹੀਦਾ ਹੈ।ਦੇਸ਼ ਲਈ ਮਿਹਨਤ ਮਜ਼ਦੂਰੀ ਕਰਦੇ ਕਿਸਾਨਾਂ 'ਤੇ ਕਿਰਤੀਆਂ ਨੂੰ ਬੱਝਵੀਂ ਤਨਖ਼ਾਹ ਮਿਲਣੀ ਚਾਹੀਦੀ ਹੈ।ਇਨਕਲਾਬੀ ਜ਼ਮੀਨੀ ਸੁਧਾਰ ਹੋਣੇ ਚਾਹੀਦੇ ਹਨ।ਜ਼ਮੀਨਾਂ ਨੂੰ ਜੋਕ ਬਣ ਚਿੰਬੜੇ ਜਾਗੀਰਦਾਰਾਂ ਦੀ ਜ਼ਮੀਨ ਤੇ ਸੰਦ ਸਾਧਨ ਸਾਰੇ ਖੇਤ ਮਜ਼ਦੂਰ ਪਰਿਵਾਰਾਂ, ਬੇਜ਼ਮੀਨੇ ਤੇ ਥੁੜ-ਜ਼ਮੀਨੇ ਕਿਸਾਨਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ।ਸਾਮਰਾਜੀ ਕੰਪਨੀਆਂ ਦੀਆਂ ਜਾਇਦਾਦਾਂ ਤੇ ਪੂੰਜੀ ਜ਼ਬਤ ਕਰਕੇ ਖੇਤੀ ਵਿਕਾਸ ਵਿੱਚ ਤੇ ਲੋਕ ਭਲਾਈ ਲਈ ਖਰਚੇ ਜਾਣ ਦੀ ਜ਼ਰੂਰਤ ਹੈ।ਮਾਈਕਰੋ ਫਾਈਨਾਂਸ ਕੰਪਨੀਆਂ ਤੇ ਸੂਦਖੋਰਾਂ ਦੇ ਕਰਜ਼ਿਆਂ 'ਤੇ ਕਾਟਾ ਮਾਰਿਆ ਜਾਣਾ ਚਾਹੀਦਾ ਹੈ।ਜ਼ਿੰਦਗੀ ਦੇ ਹਰੇਕ ਖੇਤਰ ਵਿੱਚੋਂ ਜਗੀਰਦਾਰੀ ਤੇ ਸਾਮਰਾਜੀ ਲੁੱਟ ਦੇ ਮੁਕੰਮਲ ਖਾਤਮੇ ਦੀ ਆਵਾਜ਼ ਉਠਾਉਣ ਦੀ ਲੋੜ ਹੈ।ਇਸ ਮੌਕੇ ਅੰਦੋਲਨਕਾਰੀ ਕਿਸਾਨਾਂ, ਆਦਿਵਾਸੀਆਂ 'ਤੇ ਜਾਬਰ ਪੁਲਸ/ਫੌਜੀ ਹਮਲਿਆਂ ਤੇ ਕਾਲ਼ੇ ਕਾਨੂੰਨਾਂ ਖਿਲਾਫ਼ ਮਤੇ ਪਾਸ ਕੀਤੇ ਗਏ।ਇਸ ਇਕੱਤਰਤਾ ਵਿੱਚ ਹਰਜਿੰਦਰ ਸਿੰਘ, ਕਸਤੂਰੀ ਲਾਲ, ਤਰਸੇਮ ਲਾਲ, ਚਰਨ ਸਿੰਘ ਨੂਰਪੁਰਾ, ਭਰਪੂਰ ਸਿੰਘ, ਮੇਜਰ ਸਿੰਘ, ਸੁਰਜੀਤ ਸਿੰਘ, ਸੁਦਾਗਰ ਸਿੰਘ ਘੁਡਾਣੀ ਕਲਾਂ, ਹਿੰਮਤ ਸਿੰਘ, ਸੁਰਿੰਦਰ ਸਿੰਘ ਧਾਂਦਰਾ, ਬਲਵੰਤ ਸਿੰਘ, ਜਗਤਾਰ ਸਿੰਘ ਜੱਸੋਵਾਲ ਸੂਦਾਂ, ਜਗਦੀਸ਼ ਕੁਮਾਰ, ਸ਼ੈਰੀ ਸਿਹੋੜਾ, ਗੁਰਮੀਤ ਸਿੰਘ ਕਿਲ੍ਹਾ ਰਾਏਪੁਰ ਆਦਿ ਨੇ ਸਰਗਰਮੀ ਨਾਲ ਹਿੱਸਾ ਲਿਆ।

ਸਟੇਜ ਦੀ ਕਾਰਵਾਈ ਕੁਲਵੰਤ ਸਿੰਘ ਤਰਕ ਸਮਰਾਲਾ ਨੇ ਨਿਭਾਈ। ਅਖੀਰ ਉਨ੍ਹਾਂ ਇਕੱਤਰਤਾ ਵਿੱਚ ਸ਼ਾਮਲ ਸਾਥੀਆਂ ਦਾ ਧੰਨਵਾਦ ਕੀਤਾ।

# ਵਿਧਾਇਕਾ ਅਮਨਦੀਪ ਅਰੋੜਾ ਦੇ ਘਰ ਅੱਗੇ ਕਿਸਾਨਾਂ ਵੱਲੋਂ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਪ੍ਰੈੱਸ ਸਕੱਤਰ ਜਗਮੋਹਨ ਸਿੰਘ ਕੰਗ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਅੱਜ ਐੱਸ.ਕੇ.ਐੱਮ. (ਗੈਰ-ਰਾਜਨੀਤਕ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਸਾਂਝੇ ਸੱਦੇ 'ਤੇ ਕਿਸਾਨਾਂ ਨੇ ਮੋਗਾ ਦੀ ਵਿਧਾਇਕਾ ਅਮਨਦੀਪ ਕੌਰ ਅਰੋੜਾ ਦੇ ਘਰ ਅੱਗੇ ਧਰਨਾ ਦਿੱਤਾ।ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਵੀ ਹਮਾਇਤ ਕੀਤੀ। ਘਰ ਦੇ ਅੱਗੇ ਧਰਨੇ ਨੂੰ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਜਗਮੋਹਨ ਸਿੰਘ ਕੰਗ, ਜੀਤ ਸਿੰਘ ਮਹੇਸਰੀ, ਬੀ.ਕੇ.ਯੂ. (ਆਜ਼ਾਦ) ਦੇ ਸੂਬਾ ਆਗੂ ਲਖਬੀਰ ਸਿੰਘ ਦੌਧਰ, ਬੀ ਕੇ ਯੂ ਖੋਸਾ ਦੇ ਸੂਬਾ ਮੀਤ ਪ੍ਰਧਾਨ ਗੁਰਦਰਸ਼ਨ ਸਿੰਘ ਕਾਲੇਕੇ, ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਜਗਜੀਤ ਸਿੰਘ ਖੋਸਾ ਬੀ.ਕੇ.ਯੂ. ਉਗਰਾਹਾਂ ਦੇ ਬਲੌਰ ਸਿੰਘ ਘਾਲੀ ਨੇ ਸੰਬੋਧਨ ਕੀਤਾ। ਦੋਨਾਂ ਫੋਰਮਾਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਮੋਦੀ ਹਕੂਮਤ ਨਾਲ ਮਿਲ ਕੇ ਸ਼ੰਭੂ ਤੇ ਖਨੌਰੀ ਬਾਰਡਰਾਂ ਤੋਂ ਪੁਲਸ ਦੇ ਜ਼ੋਰ 'ਤੇ, ਜੋ ਧਰਨਾ ਉਖੇੜਿਆ ਹੈ ਤੇ ਕਰੀਬ 25 ਕਰੋੜ ਰੁਪਏ ਦੇ ਸਾਮਾਨ ਨੂੰ ਬਰਬਾਦ ਕੀਤਾ ਅਤੇ ਲੁੱਟਿਆ ਹੈ ਅਤੇ ਕਿਸਾਨਾਂ ਤੇ ਔਰਤਾਂ ਨੂੰ ਜੇਲ੍ਹਾਂ 'ਚ ਬੰਦ ਕੀਤਾ ਹੈ, ਉਸ ਦੇ ਰੋਸ ਵਜੋਂ ਦਿੱਤਾ ਗਿਆ ਸੀ।

ਇਸੇ ਦੌਰਾਨ ਧਰਮਕੋਟ ਵਿੱਚ ਉੱਥੋਂ ਦੇ ਵਿਧਾਇਕ ਲਾਡੀ ਢੋਸ ਨੇ ਧਰਨਾ ਦੇ ਰਹੇ ਕਿਸਾਨਾਂ ਨਾਲ ਪੁਲਸ ਨੂੰ ਨਾਲ ਲੈ ਕੇ ਦੁਰਵਿਹਾਰ ਕੀਤਾ, ਜਿਸ ਦੀ ਜ਼ੋਰਦਾਰ ਸ਼ਬਦਾਂ ਵਿੱਚ ਆਗੂਆਂ ਨੇ ਨਿੰਦਾ ਕੀਤੀ। ਆਗੂਆਂ ਨੇ ਐਲਾਨ ਕੀਤਾ ਕਿ ਇਸ ਸੰਘਰਸ਼ ਨੂੰ ਪਹਿਲਾਂ ਨਾਲੋਂ ਹੋਰ ਜ਼ਿਆਦਾ ਜ਼ੋਰ ਨਾਲ ਸ਼ੁਰੂ ਕੀਤਾ ਜਾਵੇਗਾ ਤੇ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਐੱਮ.ਐੱਸ.ਪੀ, ਕਰਜ਼ਾ ਮਾਫੀ ਸਮੇਤ 12 ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ।ਇਸ ਮੌਕੇ ਕ੍ਰਾਂਤੀਕਾਰੀ ਈ ਰਿਕਸ਼ਾ ਯੂਨੀਅਨ ਦੇ ਪ੍ਰਧਾਨ ਸਰਬਣ ਸਿੰਘ ਬਰਾੜ ਤੇ ਉਸ ਦੀ ਟੀਮ ਨੇ ਇਸ ਧਰਨੇ ਵਿੱਚ ਮਦਦ ਕੀਤੀ, ਚਾਹ-ਪਾਣੀ ਦਾ ਪ੍ਰਬੰਧ ਵੀ ਕਿਸਾਨਾਂ ਲਈ ਉਨ੍ਹਾਂ ਨੇ ਕੀਤਾ।

# ਰਾਹੁਲ ਗਾਂਧੀ ਖਿਲਾਫ ਟਿੱਪਣੀ ਨੂੰ ਲੈ ਕੇ ਕਾਂਗਰਸ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ

## ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਕਾਂਗਰਸ ਦੇ ਵਰਕਰ ਤੇ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਵੱਲੋਂ ਜ਼ਿੰਮੇਦਾਰ ਅਹੁਦੇ ਤੇ ਹੁੰਦੇ ਹੋਏ ਰਾਹੁਲ ਗਾਂਧੀ ਤੇ ਅਜਿਹੇ ਟਿੱਪਣੀ ਕਰਨਾ ਸ਼ੋਭਾ ਨਹੀਂ ਦਿੰਦਾ ਉਹਨਾਂ ਨੇ ਕਿਹਾ ਕਿ ਜੋ ਵਿਅਕਤੀ 4 ਹਜ਼ਾਰ ਕਿਲੋਮੀਟਰ ਯਾਤਰਾ ਕਰਕੇ ਹਰ ਗਰੀਬ ਤੇ ਅਮੀਰ ਦੇ ਨਾਲ ਖੜੇ ਉਸ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕਹਿ ਰਹੇ ਹਨ ਕਿ ਉਹ ਲੀਡਰ ਬਣਨ ਯੋਗ ਨਹੀਂ ਉਹਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਹਜੇ ਤੱਕ ਪਤਾ ਹੀ ਨਹੀਂ ਲੱਗਿਆ ਕਿ ਉਹ ਮੁੱਖ ਮੰਤਰੀ ਹਨ ਤਿੰਨ ਸਾਲ ਹੋ ਗਏ ਸਟੇਜਾਂ ਵਾਲੀਆਂ ਗੱਲਾਂ ਕਰ ਰਿਹਾ ਹੈ।ਉਹਨਾਂ ਨੇ ਕਿਹਾ ਕਿ ਸਟੇਜ ਦੀ ਕਾਰਵਾਈ ਤੇ ਸਰਕਾਰ ਚਲਾਉਣ ਦੇ ਵਿੱਚ ਬਹੁਤ ਅੰਤਰ ਹੈ ਉਹਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਅੱਜ ਵੀ ਭੰਡਾਂ ਤੇ ਭੰਡੇ ਅਮਲੀ ਦੀ ਤਰ੍ਹਾਂ ਹੀ ਬੋਲ ਰਹੇ ਹਨ ਕਦੇ ਉਹ ਸਾਡੇ ਲੀਡਰ ਰਾਹੁਲ ਗਾਂਧੀ ਨੂੰ ਬੋਲਦੇ ਹਨ ਤੇ ਕਦੇ ਪ੍ਰਤਾਪ ਸਿੰਘ ਬਾਜਪਾ ਤੇ ਟਿੱਪਣੀ ਕਰਦੇ ਹਨ ਉਹਨਾਂ ਨੇ ਕਿਹਾ ਕਿ ਆਪ ਸਰਕਾਰ ਦੇ ਵੱਲੋਂ ਨਸ਼ਾ ਖਤਮ ਕਰਨ ਦੀ ਗੱਲ ਆਖੀ ਗਈ ਸੀ ਕੀ ਪੰਜਾਬ ਦੇ ਵਿੱਚ ਨਸ਼ਾ ਖਤਮ ਹੋ ਗਿਆ, ਇਸ ਦਾ ਜਵਾਬ ਕੌਣ ਦੇਵੇਗਾ ਆਪ ਸਰਕਾਰ ਦੇ ਵੱਲੋਂ ਕਿਹਾ ਗਿਆ ਕਿ ਪੰਜਾਬ ਵਿੱਚੋਂ ਭਰਿਸ਼ਟਾਚਾਰ ਗੁੰਡਾਗਰਦੀ ਰੋਕਾਂਗੇ ਕਿ ਇਹ ਸਭ ਕੁਝ ਖਤਮ ਹੋ ਗਿਆ ਉਹਨਾਂ ਨੇ ਕਿਹਾ ਕਿ ਆਪ ਸਰਕਾਰ ਦੇ ਕਰੀਬ ਇੱਕ ਸਾਲ ਤੇ ਅੱਠ ਕੁ ਮਹੀਨੇ ਰਹਿ ਗਏ ਹਨ ਭਗਵੰਤ ਮਾਨ ਨੂੰ ਆਮ ਲੋਕਾਂ ਨੂੰ ਜਵਾਬ ਦੇਣਾ ਪਵੇਗਾ। ਕਾਂਗਰਸੀ ਆਗੂਆਂ ਨੇ ਕਿਹਾ ਕਿ ਰਾਹੁਲ ਗਾਂਧੀ ਪ੍ਰਤੀ ਪੰਜਾਬ ਦੇ ਮੁੱਖ ਮੰਤਰੀ ਦੇ ਵੱਲੋਂ ਅਜਿਹੀ ਟਿੱਪਣੀ ਕਰਨਾ ਨਿੰਦਣਯੋਗ ਹੈ ਤੇ ਅਸੀਂ ਭਗਵੰਤ ਮਾਨ ਨੂੰ ਅਹਿਸਾਸ ਕਰਾਉਣਾ ਚਾਹੁੰਦੇ ਹਾਂ, ਜਿਸ ਕਾਰਨ ਅੱਜ ਪੂਰੇ ਪੰਜਾਬ ਦੇ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਉਥੇ ਹੀ ਜਦ ਪੁਤਲਾ ਫੂਕਣ ਦੇ ਲਈ ਡੀ ਸੀ ਦਫਤਰ ਦੇ ਸਾਹਮਣੇ ਕਾਂਗਰਸੀ ਵਰਕਰ ਪਹੁੰਚੇ ਤਾਂ ਡੀਐੱਸਪੀ ਤੇ ਕਾਂਗਰਸੀ ਵਰਕਰਾਂ ਦੇ ਵਿੱਚ ਹਲਕੀ ਤਕਰਾਰਬਾਜ਼ੀ ਦੇਖਣ ਨੂੰ ਮਿਲੀ ਡੀ ਐੱਸ ਪੀ ਵੱਲੋਂ ਸੜਕ ਤੇ ਬੈਠਣ ਨੂੰ ਲੈ ਕੇ ਕਾਂਗਰਸੀ ਵਰਕਰਾਂ ਨੂੰ ਰੋਕਿਆ ਗਿਆ, ਜਿਸ ਤੋਂ ਬਾਅਦ ਤਕਰਾਰਬਾਜ਼ੀ ਹੋਈ ਤੇ ਕਾਂਗਰਸੀ ਵਰਕਰਾਂ ਦੇ ਵੱਲੋਂ ਜੰਮ ਕੇ ਨਾਰੇਬਾਜ਼ੀ ਕੀਤੀ ਗਈ ਤੇ ਸੜਕ 'ਤੇ ਹੀ ਬੈਠ ਕੇ ਰੋਸ ਪ੍ਰਦਰਸ਼ਨ ਕੀਤਾ।

## ਕਾਤਰਾਂ

### ਸਾਲਾਨਾ ਯੱਗ ਸਮਾਗਮ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਗੁਰਦੁਆਰਾ ਟਿਕਾਣਾ ਮਹੰਤ ਗੁਲਾਬ ਸਿੰਘ ਜੀ ਸੇਵਾ ਪੰਥੀ ਵਿਖੇ ਸਾਲਾਨਾ ਯੱਗ ਸਮਾਗਮ 2 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਵਰਿੰਦਰ ਸਿੰਘ ਵਾਸੂ ਨੇ ਦੱਸਿਆ ਕਿ ਇਹ ਯੱਗ ਸਮਾਗਮ ਮਹੰਤ ਭਾਈ ਗੁਲਾਬ ਸਿੰਘ ਸੇਵਾ ਪੰਥੀ, ਮਹੰਤ ਭਾਈ ਤੀਰਥ ਸਿੰਘ ਸੇਵਾ ਪੰਥੀ, ਸੰਤ ਬਾਬਾ ਹਰਨਾਮ ਸਿੰਘ ਰੰਗੂਪੁਰ ਵਾਲਿਆਂ ਅਤੇ ਸੰਤ ਭਾਈ ਹਰੀ ਸਿੰਘ ਸੇਵਾ ਪੰਥੀ ਦੀ ਮਿੱਠੀ ਯਾਦ ਨੂੰ ਸਮਰਪਤ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਉਪਰੰਤ ਸੰਤ, ਮਹਾਂਪੁਰਸ਼ਾਂ ਵੱਲੋਂ ਸੰਗਤ ਨੂੰ ਬਾਣੀ ਨਾਲ ਜੋੜਿਆ ਜਾਵੇਗਾ।

### ਪੱਤਰਕਾਰ ਕੁਲਵਿੰਦਰ ਸੰਧੂ ਨੂੰ ਸਦਮਾ, ਪਿਤਾ ਦਾ ਦਿਹਾਂਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੱਤਰਕਾਰ ਕੁਲਵਿੰਦਰ ਸਿੰਘ ਸੰਧੂ ਦੇ ਪਿਤਾ ਸੇਵਾਮੁਕਤ ਇੰਸਪੈਕਟਰ ਜਗੀਰ ਸਿੰਘ ਸੰਧੂ, ਜੋ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 25 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ ਸਨ।ਸੇਵਾ ਮੁਕਤ ਇੰਸਪੈਕਟਰ ਜਗੀਰ ਸਿੰਘ ਸੰਧੂ ਦੀ ਆਤਮਿਕ ਸ਼ਾਂਤੀ ਲਈ ਰਖਾਏ ਗਏ ਪਾਠ ਦਾ ਭੋਗ ਤੇ ਅੰਤਿਮ ਅਰਦਾਸ 3 ਅਪ੍ਰੈਲ ਨੂੰ ਗੁਰਦੁਆਰਾ ਕਲਗੀਧਰ ਸਾਹਿਬ ਗਲੀ ਨੰਬਰ 7 ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ। ਇਸ ਮੌਕੇ ਪੱਤਰਕਾਰ ਕੁਲਵਿੰਦਰ ਸਿੰਘ ਸੰਧੂ ਨਾਲ ਪੱਤਰਕਾਰ ਸਤਿੰਦਰ ਪਾਲ ਸਿੰਘ, ਪੱਤਰਕਾਰ ਗੁਰਪ੍ਰੀਤ ਸਿੰਘ ਗੋਪੀ, ਪੱਤਰਕਾਰ ਇਕਬਾਲ ਸਿੰਘ ਖਹਿਰਾ, ਪੱਤਰਕਾਰ ਦਿਲਬਾਗ ਦਾਨਿਸ਼, ਪੱਤਰਕਾਰ ਵਕੀਲ ਮਹਿਰੋਂ, ਅਮਜ਼ਦ ਅਲੀ ਖਾਨ, ਪੱਤਰਕਾਰ ਸੁਰਿੰਦਰ ਸਿੰਘ ਮਾਨ, ਨਵਦੀਪ ਮਹੇਸਰੀ, ਸਰਬਜੀਤ ਸਿੰਘ ਰੌਲੀ, ਦੀਪਕ ਸਿੰਗਲਾ, ਦਲੀਪ ਸਿੰਘ, ਸੰਜੀਵ ਅਰੋੜਾ ਤਜਿੰਦਰ ਸਿੰਘ ਜਸ਼ਨ, ਜਸਪਾਲ ਸਿੰਘ ਬੱਬੀ, ਓ ਪੀ ਆਜ਼ਾਦ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

### ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਕ੍ਰਿਪਾਲ ਸਿੰਘ ਵਾਲਾ ਵਿਖੇ ਪਹਿਲੀ ਤੋਂ ਪੰਜਵੀ ਤੱਕ ਦੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਪੀਆਂ, ਕਿਤਾਬਾਂ, ਪੈਨ, ਵਾਟਰ ਬੋਤਲਾਂ ਸਨਮਾਨ ਦੇ ਰੂਪ ਵਿੱਚ ਦਿੱਤੀਆਂ ਗਈਆਂ।ਭਾਜਪਾ ਦੇ ਪਰਮਜੀਤ ਸਿੰਘ ਨੇ ਸਕੂਲ ਸਟਾਫ਼ ਨੂੰ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਵੱਲੋਂ ਸਕੂਲਾਂ ਲਈ ਚਲਾਈਆ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਦਿਵਾਇਆ ਜਾਵੇਗਾ।

### ਬਾਬਾ ਬਾਲਕ ਨਾਥ ਦਾ ਪ੍ਰਕਾਸ਼ ਪੁਰਬ 5 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**-ਬਾਬਾ ਬਾਲਕ ਨਾਥ ਜੀ ਦਾ ਪ੍ਰਕਾਸ਼ ਪੁਰਬ 5 ਅਪ੍ਰੈਲ ਨੂੰ ਸ਼ਹੀਦੀ ਪਾਰਕ ਨੇੜੇ ਗੋਲਡਨ ਢਾਬਾ ਧਰਮਸ਼ਾਲਾ ਮੋਗਾ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਦੇ ਸੱਦਾ ਪੱਤਰ ਸ੍ਰੀ ਸਾਲਾਸਰ ਧਾਮ ਚੈਰੀਟੇਬਲ ਸੁਸਾਇਟੀ, ਸਾਲਾਸਰ ਧਾਮ ਮੰਦਿਰ ਮੋਗਾ ਵਿਖੇ ਜਾਰੀ ਕੀਤੇ ਗਏ ਹਨ।ਇਸ ਮੌਕੇ ਪੰਡਤ ਜੈ ਨਰਾਇਣ, ਪੰਡਤ ਸੁਰਿੰਦਰ ਸ਼ੁਕਲਾ, ਮਹੰਤ ਸ਼ੇਰ ਗਿਰੀ ਮਹਾਰਾਜ, ਗੁਨੀਤ ਕਰਵਲ, ਰਾਜੀਵ ਤਾਗਰੀ, ਸ਼ੰਕਰ ਯਾਦਵ, ਰੋਹਿਤ ਗੋਇਲ, ਕਾਕਾ ਪੇਂਟਰ, ਨਰਿੰਦਰ ਕੁਮਾਰ, ਸਾਹਿਲ, ਨਰਿੰਦਰ ਕੁਮਾਰ ਤੇ ਹੋਰ ਮੈਂਬਰ ਹਾਜ਼ਰ ਸਨ।

# ਪੁਲਸ ਚੌਕੀ ਬਾਦਸ਼ਾਹਪੁਰ 'ਚ ਧਮਾਕਾ, ਬੱਬਰ ਖਾਲਸਾ ਗਰੁੱਪ ਨੇ ਲਈ ਜ਼ਿੰਮੇਵਾਰੀ

**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪਟਿਆਲਾ ਜ਼ਿਲ੍ਹੇ ਦੀ ਪੁਲਸ ਚੌਕੀ ਬਾਦਸ਼ਾਹਪੁਰ ਵਿੱਚ ਬੀਤੇ ਦੇਰ ਰਾਤ ਨੂੰ ਜ਼ੋਰਦਾਰ ਧਮਾਕਾ ਹੋਇਆ।ਧਮਾਕੇ ਨਾਲ ਦਫ਼ਤਰ ਦੇ ਸ਼ੀਸ਼ੇ ਟੁੱਟ ਗਏ ਹਨ। ਧਮਾਕਾ ਹੋਣ ਤੋਂ ਬਾਅਦ ਉੱਚ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।ਪੁਲਸ ਚੌਕੀ ਬਾਦਸ਼ਾਹਪੁਰ ਵਿੱਚ ਜ਼ਿਲ੍ਹੇ ਦੇ ਐੱਸ ਐੱਸ ਪੀ ਨਾਨਕ ਸਿੰਘ ਵੀ ਮੌਕੇ ਉੱਤੇ ਪਹੁੰਚੇ।ਐੱਸ ਐੱਸ ਪੀ ਨਾਨਕ ਸਿੰਘ ਨੇ ਦੱਸਿਆ ਕਿ ਬੀਤੇ ਰਾਤ ਕਰੀਬ 2 ਵਜੇ ਧਮਾਕਾ ਸੁਣਿਆ ਗਿਆ।ਇਸ ਦਾ ਪਤਾ ਲੱਗਣ ਉੱਤੇ ਜਾਂਚ ਸ਼ੁਰੂ ਕਰ ਦਿੱਤੀ ਸੀ, ਪਰ ਅਜੇ ਤੱਕ ਕੋਈ ਚੀਜ਼ ਨਹੀਂ ਮਿਲੀ, ਜਿਸ ਤੋਂ ਗ੍ਰਨੇਡ ਲੱਗੇ।ਐੱਸ ਐੱਸ ਪੀ ਨੇ ਲੋਕਾਂ ਨੂੰ ਵਿਸ਼ਵਾਸ ਦਿੱਤਾ ਕਿ ਜੇਕਰ ਅਜਿਹੀ ਕੋਈ ਵਾਰਦਾਤ ਹੋਈ ਹੈ ਤਾਂ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇਗੀ। ਇਸ ਘਟਨਾ ਤੋਂ ਬਾਅਦ ਬੱਬਰ ਖਾਲਸਾ ਨਾਮ ਦੇ ਇੱਕ ਫੇਸਬੁੱਕ ਪੇਜ 'ਤੇ ਪੋਸਟ ਪਾਈ ਗਈ ਹੈ।ਇਸ ਪੋਸਟ ਵਿੱਚ, ਬੱਬਰ ਖਾਲਸਾ ਗਰੁੱਪ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ ਤੇ ਲਿਖਿਆ ਹੈ ਕਿ ਬਾਦਸ਼ਾਹਪੁਰ ਪੁਲਸ ਸਟੇਸ਼ਨ 'ਤੇ ਦੋਹਰਾ ਗ੍ਰਨੇਡ ਹਮਲਾ ਹੋਇਆ ਹੈ।ਹਮਲੇ ਦੀ ਜ਼ਿੰਮੇਵਾਰੀ ਹੈਪੀ ਪਛੀਆ, ਗੋਪੀ ਨਵਾਂ ਸ਼ਹਿਰੀਆ ਤੇ ਜ਼ੀਸ਼ਾਨ ਅਖਤਰ ਨੇ ਲੈਂਦਿਆਂ ਲਿਖਿਆ ਹੈ ਕਿ ਇਹ ਹਮਲਾ ਪਿਛਲੇ ਗ੍ਰਨੇਡ ਹਮਲਿਆਂ ਦਾ ਹਿੱਸਾ ਹੈ, ਜਿਸ ਤਰ੍ਹਾਂ ਪੁਲਸ 1978 ਤੋਂ ਨੌਜਵਾਨਾਂ ਤੇ ਉਨ੍ਹਾਂ ਦੇ ਪਰਵਾਰਾਂ 'ਤੇ ਜ਼ੁਲਮ ਕਰ ਰਹੀ ਹੈ, ਉਸੇ ਤਰ੍ਹਾਂ ਅਜਿਹੇ ਹਮਲੇ ਵੀ ਉਸੇ ਸੰਦਰਭ ਵਿੱਚ ਜਾਰੀ ਰਹਿਣਗੇ।ਪੋਸਟ ਵਿੱਚ ਲਿਖਿਆ ਹੈ ਕਿ ਮਾਝੇ ਤੋਂ ਦੁਆਬਾ, ਮਾਲਵੇ ਤੋਂ ਦਿੱਲੀ ਤੱਕ ਅਜਿਹੇ ਹਮਲੇ ਜਾਰੀ ਰਹਿਣਗੇ, ਜਦੋਂ ਤੱਕ ਇਹ ਲੋਕ ਖਾਲਸਾ ਰਾਜ ਸਥਾਪਤ ਨਹੀਂ ਹੋ ਜਾਂਦਾ।

# ਉਸਾਰੀ ਕਿਰਤੀ ਮਜ਼ਦੂਰ ਯੂਨੀਅਨ ਤੇ ਏ ਆਈ ਵਾਈ ਐੱਫ ਵੱਲੋਂ ਰੋਸ ਪ੍ਰਦਰਸ਼ਨ

## ਮਜ਼ਦੂਰਾਂ ਨਾਲ ਦੁਰਵਿਹਾਰ ਕਰਨ ਵਾਲੇ ਡੀਲਿੰਗ ਕਲਰਕ ਨੂੰ ਮੁਅੱਤਲ ਕੀਤਾ ਜਾਵੇ : ਛਾਂਗਾ ਰਾਏ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਇਥੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰ ਵੈੱਲਫ਼ੇਅਰ ਬੋਰਡ ਅਧੀਨ ਸਥਾਪਤ ਲੇਬਰ ਇੰਸਪੈਕਟਰ ਦੇ ਦਫਤਰ ਅੱਗੇ ਉਸਾਰੀ ਕਿਰਤੀ ਮਜ਼ਦੂਰ ਯੂਨੀਅਨ ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਲੇਬਰ ਇੰਸਪੈਕਟਰ ਤੇ ਦਫ਼ਤਰ ਦੇ ਡੀਲਿੰਗ ਕਲਰਕ ਰਾਜ ਕੁਮਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਉਸਾਰੀ ਕਿਰਤੀ ਯੂਨੀਅਨ ਦੇ ਪੰਜੇ ਕੇ ਜ਼ੋਨ ਦੇ ਪ੍ਰਧਾਨ ਅਮਰਜੀਤ ਨੂਰੇ ਕੇ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕੀਤੀ।ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਚਰਨਜੀਤ ਛਾਂਗਾ ਰਾਏ ਤੇ ਅਮਰਜੀਤ ਨੂਰੇ ਕੇ ਨੇ ਕਿਹਾ ਕਿ ਆਪਣੇ ਬੱਚਿਆਂ ਦੇ ਵਜ਼ੀਫੇ ਦੇ ਫਾਰਮਾਂ ਤੇ ਆਪਣੀਆਂ ਲਾਭਪਾਤਰੀ ਕਾਪੀਆਂ ਰੀਨਿਊ ਕਰਵਾਉਣ ਤੇ ਕਲੇਮ ਸੰਬੰਧੀ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਲਗਾਤਾਰ ਦਫਤਰ ਦੇ ਗੇੜੇ ਮਾਰ ਰਹੇ ਹਨ, ਪਰ ਉਕਤ ਦਫਤਰ ਵਿੱਚ ਤਾਇਨਾਤ ਲੇਬਰ ਇੰਸਪੈਕਟਰ ਰਾਜਬੀਰ ਸਿੰਘ ਅਕਸਰ ਹੀ ਗ਼ੈਰਹਾਜ਼ਰ ਰਹਿੰਦਾ ਹੈ ਤੇ ਇੱਕ ਡੀਲਿੰਗ ਕਲਰਕ ਰਾਜ ਕੁਮਾਰ ਵੀ ਦਫਤਰ ਵਿੱਚ ਹਾਜ਼ਰ ਨਹੀਂ ਹੁੰਦਾ ਅਤੇ ਦਫਤਰ ਨੂੰ ਤਾਲਾ ਲੱਗਿਆ ਹੁੰਦਾ ਹੈ।ਰੋਜ਼ ਸੈਂਕੜੇ ਉਸਾਰੀ ਕਿਰਤੀ ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਦਫਤਰ ਆਉਂਦੇ ਹਨ, ਪਰ ਉਨ੍ਹਾਂ ਨੂੰ ਖਾਲੀ ਮੁੜਨਾ ਪੈਂਦਾ ਹੈ।ਆਗੂਆਂ ਨੇ ਇਹ ਵੀ ਕਿਹਾ ਕਿ ਕਿਸੇ ਦਿਨ ਜੇਕਰ ਉਕਤ ਮੁਲਾਜ਼ਮ ਦਫਤਰ ਹਾਜ਼ਰ ਵੀ ਹੋਵੇ ਤਾਂ ਵੀ ਕਿਸੇ ਦਾ ਕੋਈ ਕੰਮ ਨਹੀਂ ਹੁੰਦਾ ਤੇ ਉਸਾਰੀ ਕਿਰਤੀਆਂ ਨਾਲ ਅਕਸਰ ਹੀ ਦੁਰ ਵਿਹਾਰ ਕਰਦਾ ਹੈ।

ਕਿਰਤੀਆਂ ਨੂੰ ਦਫਤਰੋਂ ਬਾਹਰ ਕੱਢ ਦਿੰਦਾ ਹੈ।ਉਨ੍ਹਾਂ ਕਿਹਾ ਕਿ ਉਕਤ ਮੁਲਾਜ਼ਮ ਮਜ਼ਦੂਰਾਂ ਤੋਂ ਕਥਿਤ ਰਿਸ਼ਵਤ ਲੈਣ ਤੋਂ ਵੀ ਗੁਰੇਜ਼ ਨਹੀਂ ਕਰਦਾ।ਕਿਰਤੀਆਂ ਦੇ ਆਗੂਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜ਼ੀਫੇ ਤੇ ਕਲੇਮ ਪਿਛਲੇ ਚਾਰ ਤੇ ਪੰਜ ਸਾਲਾਂ ਤੋਂ ਰੁਕੇ ਪਏ ਹਨ, ਜਿਨ੍ਹਾਂ ਦੇ ਸਿੱਧੇ ਰੂਪ ਵਿੱਚ ਜ਼ਿੰਮੇਵਾਰ ਉਕਤ ਮੁਲਾਜ਼ਮ ਹਨ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਸੱਚਮੁੱਚ ਭ੍ਰਿਸ਼ਟਾਚਾਰ ਖਿਲਾਫ ਜ਼ੀਰੋ ਟੋਲਰੈਂਸ ਹੈ ਤਾਂ ਅਜਿਹੇ ਮੁਲਾਜ਼ਮਾਂ ਨੂੰ ਜਲਦੀ ਤੋਂ ਜਲਦੀ ਮੁਅੱਤਲ ਕਰੇ।ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਉਸਾਰੀਆਂ ਕਿਰਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਤੁਰੰਤ ਹੱਲ ਕੀਤਾ ਜਾਵੇ ਤੇ ਉਨ੍ਹਾਂ ਬੱਚਿਆਂ ਦੇ ਵਜ਼ੀਫੇ ਜਾਰੀ ਕੀਤੇ ਜਾਣ ਤਾਂ ਕਿ ਬੱਚੇ ਆਪਣੀ ਪੜ੍ਹਾਈ ਜਾਰੀ ਰੱਖ ਸਕਣ।ਅੰਤ ਵਿੱਚ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਕਤ ਮੁਲਾਜ਼ਮ ਨੂੰ ਸਸਪੈਂਡ ਨਾ ਕੀਤਾ ਤੇ ਉਸਾਰੀ ਕਿਰਤੀਆਂ ਦੀਆਂ ਮੁਸ਼ਕਲਾਂ ਤੁਰੰਤ ਹੱਲ ਨਾ ਕੀਤੀਆਂ ਤਾਂ ਸਰਬ ਭਾਰਤ ਨੌਜਵਾਨ ਸਭਾ ਤੇ ਉਸਾਰੀ ਕਿਰਤੀ ਮਜ਼ਦੂਰ ਯੂਨੀਅਨ ਤਿੱਖਾ ਸੰਘਰਸ਼ ਕਰਨ ਤੋਂ ਗੁਰੇਜ਼ ਨਹੀਂ ਕਰੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ, ਰਾਜ ਕੁਮਾਰ ਬਹਾਦਰ ਕੇ ਬਲਾਕ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਕਰਨੈਲ ਸਿੰਘ ਸਵਾਇਆ ਰਾਏ, ਪ੍ਰੇਮ ਖੈਰੇ ਕੇ, ਅਮਰੀਕ ਸਿੰਘ ਨੂਰੇ ਕੇ, ਗੁਰਮੀਤ ਖੈਰੇ ਕੇ ਰਾਕੇਸ਼ ਟੱਪਰੀ, ਸੁਖਵਿੰਦਰ ਟਾਈਲਾਂ, ਪਰਮਜੀਤ ਕੌਰ, ਗੁਰਬਖ਼ਸ਼ ਸਿੰਘ ਛਾਂਗਾ ਰਾਏ, ਸੁਰਜੀਤ ਸਿੰਘ ਮੇਘਾ ਵੀਰਾਨ, ਮੰਗਤ ਸਿੰਘ ਛਿੱਲੀਆਂ ਆਦਿ ਹਾਜ਼ਰ ਸਨ।

# ਆਂਗਣਵਾੜੀ ਮੁਲਾਜ਼ਮਾਂ ਵੱਲੋਂ ਸਰਕਾਰ ਵਿਰੁੱਧ ਬਲਾਕ ਪੱਧਰੀ ਧਰਨਾ, ਬਜਟ ਦੀਆਂ ਸਾੜੀਆਂ ਕਾਪੀਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਇੱਥੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੇ ਸੂਬਾਈ ਸੱਦੇ 'ਤੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਦੇ ਵਿਰੋਧ ਵਿੱਚ ਸੈਂਕੜੇ ਆਂਗਣਵਾੜੀ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜੀਆਂ ਤੇ ਦੋਸ਼ ਲਾਇਆ ਕਿ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ।ਆਂਗਣਵਾੜੀ ਮੁਲਾਜ਼ਮਾਂ ਨੇ ਸਰਕਾਰ ਵਿਰੁੱਧ ਰੋਹ ਭਰਪੂਰ ਨਾਅਰੇਬਾਜ਼ੀ ਵੀ ਕੀਤੀ। ਇਸ ਮੌਕੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਸੂਬਾਈ ਆਗੂ ਤੇ ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਕਿਹਾ ਕਿ ਇਹ ਬਜਟ ਲੋਕਾਂ ਦੇ ਅੱਖਾਂ ਵਿੱਚ ਘੱਟਾ ਪਾਉਣ ਵਾਲਾ ਤੇ ਲੋਕ ਸਮੱਸਿਆਵਾਂ ਨੂੰ ਦਰਕਿਨਾਰ ਕਰਨ ਵਾਲਾ ਹੈ।ਉਨ੍ਹਾਂ ਕਿਹਾ ਕਿ ਵਿਭਾਗ ਦੀ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਆਂਗਣਵਾੜੀ ਮੁਲਾਜ਼ਮਾਂ ਦੇ ਕੰਮ ਘੰਟੇ ਸਿਰਫ ਚਾਰ ਘੰਟੇ ਦੱਸਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਤੇ ਕਿਹਾ ਕਿ ਆਂਗਣਵਾੜੀ ਮੁਲਾਜ਼ਮਾਂ 'ਤੇ ਵਾਧੂ ਕੰਮ ਦਾ 12-12 ਤੋਂ ਵੱਧ ਸਮੇਂ ਦਾ ਬੋਝ ਹੈ।ਮਾਣਭੱਤਾ ਨਿਗੂਣਾ ਦਿੱਤਾ ਜਾ ਰਿਹਾ ਹੈ।ਆਂਗਣਵਾੜੀ ਮੁਲਾਜ਼ਮ ਆਗੂ ਨੇ ਕਿਹਾ ਕਿ ਹੁਣ ਉਹ ਸਿਰਫ਼ ਚਾਰ ਘੰਟੇ ਹੀ ਡਿਊਟੀ ਕਰਨਗੀਆਂ।ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਦਿੱਤੀਆਂ ਗਰੰਟੀਆਂ ਤੋਂ ਭਗੌੜੀ ਹੋਈ ਸਰਕਾਰ ਦਾ ਇਹ ਬਜਟ ਪੰਜਾਬ ਸਿਰ ਕਰਜ਼ ਹੋਰ ਵਧਾਵੇਗਾ। ਉਨ੍ਹਾਂ ਕਿਹਾ ਕਿ ਸਾਰੀਆਂ ਬਾਲਗ ਔਰਤਾਂ ਨੂੰ ਇੱਕ ਹਜ਼ਾਰ ਨਗਦ ਮਾਲੀ ਮੱਦਦ ਦੀ ਗਰੰਟੀ ਦੇਣ ਤੋਂ ਵੀ ਇਸ ਬਜਟ ਵਿੱਚ ਪਾਸਾ ਵੱਟਿਆ ਗਿਆ ਹੈ। ਸਰਕਾਰੀ ਵਿਭਾਗਾਂ ਨਿਗਮਾਂ ਅਤੇ ਬੋਰਡਾਂ ਵਿੱਚ ਕੰਮ ਕਰਦੇ ਲੱਖਾਂ ਕੱਚੇ ਮੁਲਾਜ਼ਮਾਂ ਨੂੰ ਸਥਾਈ ਕਰਨ ਦੀ ਆਲਾਟ ਕਰਨ ਵਾਲਿਆਂ ਰਕਮਾਂ ਵਿੱਚ ਕੋਈ ਵਾਧੂ ਵਿਵਸਥਾ ਨਹੀਂ ਕੀਤੀ ਗਈ।ਉਨ੍ਹਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜਥੇਬੰਦੀ ਆਉਂਦੇ ਦਿਨਾਂ ਵਿੱਚ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ਾਂ ਦੀ ਰੂਪ ਰੇਖਾ ਤਿਆਰ ਕਰੇਗੀ।

ਇਸ ਮੌਕੇ ਧਰਨੇ ਨੂੰ ਜਥੇਬੰਦੀ ਦੀਆਂ ਆਗੂਆਂ ਤੇਜਿੰਦਰ ਕੌਰ ਵਾਲੀਆ, ਸੁਮਨ ਲਤਾ, ਸੁਖਪਾਲ ਕੌਰ, ਮਨਜੀਤ ਕੌਰ ਬੀਰੋਕੇ ਪ੍ਰੈੱਸ ਸਕੱਤਰ, ਬਲਵਿੰਦਰ ਕੌਰ, ਭੋਲੀ ਕੌਰ, ਸੁਖਵਿੰਦਰ ਕੌਰ, ਸੁਮਨ ਗਰਗ, ਬੇਅੰਤ ਕੌਰ, ਨੀਲਮ ਮੰਡੇਰ ਆਦਿ ਨੇ ਵੀ ਸੰਬੋਧਨ ਕੀਤਾ।

# ਆਸ਼ੂ ਬੰਗੜ ਦੀ ਅਗਵਾਈ 'ਚ ਕਾਂਗਰਸੀਆਂ ਮੁੱਖ ਮੰਤਰੀ ਦਾ ਫੂਕਿਆ ਪੁਤਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗਰਬਚਨ ਸਿੰਘ)**

ਪਿਛਲੇ ਦਿਨੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਾਂਗਰਸ ਪਾਰਟੀ ਦੇ ਨੈਸ਼ਨਲ ਲੀਡਰ ਰਾਹੁਲ ਗਾਂਧੀ ਖਿਲਾਫ ਬੇਤੁਕੀ ਤੇ ਭੱਦੀ ਸ਼ਬਦਾਵਲੀ ਵਰਤੀ ਗਈ ਸੀ, ਜਿਸ ਦੇ ਵਿਰੁੱਧ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ ਦੀ ਯੋਗ ਅਗਵਾਈ ਵਿੱਚ ਮੰਗਲਵਾਰ ਨੂੰ ਸਥਿਤ ਚੌਂਕ ਤਲਵੰਡੀ ਭਾਈ ਵਿੱਚ ਕਾਂਗਰਸ ਪਾਰਟੀ ਦੇ ਵੱਡੀ ਗਿਣਤੀ ਵਿੱਚ ਵਰਕਰਾਂ ਦੀ ਹਾਜ਼ਰੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਸ਼ੂ ਬੰਗੜ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਬੀ ਟੀਮ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਹ ਬੁਖਲਾਹਟ ਦੀਆਂ ਨਿਸ਼ਾਨੀਆਂ ਹਨ ਜੋ ਬੀਜੇਪੀ ਦੇ ਇਸ਼ਾਰਿਆਂ 'ਤੇ ਉਨ੍ਹਾਂ ਦੀਆਂ ਪੈੜਾਂ 'ਤੇ ਕੰਮ ਕਰਦੀ ਹੋਈ ਕਾਂਗਰਸ ਪਾਰਟੀ ਦੇ ਲੀਡਰਾਂ 'ਤੇ ਲਗਾਤਾਰ ਇਤਰਾਜ਼ ਯੋਗ ਟਿੱਪਣੀਆਂ ਕਰਨ ਵਿੱਚ ਰੁੱਝੀ ਹੋਈ, ਜਿਸ ਨੂੰ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਸਮੁੱਚੀ ਕਾਂਗਰਸ ਪਾਰਟੀ ਕਦੇ ਬਰਦਾਸ਼ਤ ਨਹੀਂ ਕਰੇਗੀ ਅਤੇ ਸਮੇਂ ਸਮੇਂ 'ਤੇ ਦੇਸ਼ ਦੇ ਲੋਕਾਂ ਪ੍ਰਤੀ ਪੰਜਾਬ ਦੇ ਲੋਕਾਂ ਪ੍ਰਤੀ ਇਨ੍ਹਾਂ ਦੀ ਝੂਠੀ ਰਾਜਨੀਤੀ ਦੀਆਂ ਪੰਡਾਂ ਖੋਲ੍ਹਦੀ ਰਹੇਗੀ।ਇਸ ਮੌਕੇ ਸਰਬਜੀਤ ਕੌਰ ਬਰਾੜ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਸੁਖਜੀਤ ਸਿੰਘ ਗੋਗੀ ਪਿਆਰਿਆਣਾ, ਪ੍ਰਧਾਨ ਕਮਲਪ੍ਰੀਤ ਸਿੰਘ ਗਿੱਲ ਬਲਾਕ ਘੱਲ ਖੁਰਦ, ਕਮਲ ਅਗਰਵਾਲ ਬਲਾਕ ਪ੍ਰਧਾਨ ਮੁੱਦਕੀ, ਦੇਸਰਾਜ ਅਹੂਜਾ ਬਲਾਕ ਪ੍ਰਧਾਨ ਤਲਵੰਡੀ ਭਾਈ, ਜਿਪਸੀਰ ਸਿੰਘ ਖੋਸਾ ਕੋਟ ਕਰੋੜ, ਸਰਪੰਚ ਰਾਜ ਗਗਨਦੀਪ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਮਨੀਸ਼ ਸੁਲਿਹਾਣੀ, ਯੂਥ ਆਗੂ ਸੁਲੱਖਣ ਸਿੰਘ ਸੁਲਹਾਣੀ, ਜੁਗਿੰਦਰ ਸਿੰਘ, ਫਕੀਰ ਸਿੰਘ, ਪਿਆਰਾ ਸਿੰਘ, ਸਰਪੰਚ ਗੁਰਨਾਮ ਸਿੰਘ ਸ਼ੇਰ ਖਾਂ, ਸਰਪੰਚ ਹਰਪ੍ਰੀਤ ਸਿੰਘ ਹੈਪੀ ਫਿਰੋਜ਼ ਸ਼ਾਹ, ਸਰਪੰਚ ਕੁਲਵੰਤ ਸਿੰਘ ਮੱਲ, ਜੋਬਨਜੀਤ ਸਿੰਘ ਧਾਲੀਵਾਲ, ਭੁਪਿੰਦਰ ਸਿੰਘ ਭਿੰਦਾ ਨੰਬਰਦਾਰ, ਕਮਲਜੀਤ ਸਿੰਘ ਸੰਧੂ ਬਲਾਕ ਪ੍ਰਧਾਨ ਯੂਥ ਕਾਂਗਰਸ , ਸਰਪੰਚ ਜਗਦੀਸ਼ ਸਿੰਘ ਦੀਸ਼ਾ, ਬਲਜੀਤ ਸਿੰਘ ਬਰਾੜ, ਗੁਰਪ੍ਰੀਤ ਸਿੰਘ ਭੰਗਾਲੀ, ਕੁਲਬੀਰ ਸਿੰਘ ਠੇਠਰ, ਗੁਰਭੈ ਸਿੰਘ, ਹਰਜਿੰਦਰ ਸਿੰਘ, ਸ਼ੀਰਾ ਮਾਛੀ ਬੁਗਰਾ, ਪੀਏ ਤਰਨ ਬੁੱਟਰ ਤੋਂ ਇਲਾਵਾ ਨਿੱਜੀ ਸਕੱਤਰ ਕਮਲ ਗਿੱਲ ਸੋਨੂੰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।



# ਕਿਸਾਨ ਜਥੇਬੰਦੀਆਂ ਵੱਲੋਂ ਵਿਧਾਇਕ ਪੰਡੋਰੀ ਦੀ ਰਿਹਾਇਸ਼ ਮੂਹਰੇ ਰੋਸ ਧਰਨਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਤੇ ਕਿਸਾਨ ਮਜ਼ਦੂਰ ਮੋਰਚਾ (ਕੇ ਐਮ ਐਮ ) ਦੇ ਸੱਦੇ ਉੱਪਰ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਪਿੰਡ ਪੰਡੋਰੀ ਵਿਖੇ ਆਪ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਰਿਹਾਇਸ਼ ਮੂਹਰੇ ਰੋਸ ਪ੍ਰਦਰਸ਼ਨ ਕਰਕੇ ਧਰਨਾ ਦਿੱਤਾ ਗਿਆ।ਕਿਸਾਨ ਆਗੂਆਂ ਬੁੱਕਣ ਸਿੰਘ ਸੱਦੋਵਾਲ, ਕਰਨੈਲ ਸਿੰਘ ਗਾਂਧੀ, ਨਛੱਤਰ ਸਿੰਘ ਸਹੌਰ, ਜਗਪਾਲ ਸਿੰਘ ਸਹਿਜੜਾ, ਜਸਪਾਲ ਸਿੰਘ ਕਲਾਲ ਮਾਜਰਾ, ਗਿਆਨ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਨੇ ਮਿਲ ਕੇ ਜਮਹੂਰੀਅਤ ਦਾ ਕਤਲ ਕੀਤਾ ਹੈ। ਸੰਘਰਸ਼ ਕਰ ਰਹੇ ਸ਼ੰਘਰਸ਼ਸ਼ੀਲ ਕਿਸਾਨਾਂ ਦੀਆਂ ਹੱਕੀ ਜਾਇਜ ਮੰਗਾਂ ਲਾਗੂ ਕਰਨ ਦੀ ਥਾਂ ਹੱਕ ਮੰਗਦੇ ਕਿਸਾਨਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਦਾ ਭਰਮ ਪਾਲਿਆ ਜਾ ਰਿਹਾ ਹੈ।ਪਿਛਲੇ 13 ਮਹੀਨੇ ਤੋਂ ਸੰਭੂ ਤੇ ਖਨੌਰੀ ਬਾਰਡਰ ਉਪਰ ਕਿਸਾਨਾਂ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨ ਆਗੂਆਂ ਨੂੰ ਗੱਲਬਾਤ ਲਈ ਬੁਲਾ ਕੇ ਧੋਖੇ ਨਾਲ ਗ੍ਰਿਫ਼ਤਾਰ ਕਰਨ ਤੋਂ ਬਾਅਦ ਸੰਭੂ, ਖਨੌਰੀ ਬਾਰਡਰਾਂ ਉਪਰ ਪੱਕੇ ਮੋਰਚੇ ਲਾਈ ਬੈਠੇ ਕਿਸਾਨਾਂ ਉਪਰ ਜਬਰ ਢਾਹ ਕੇ ਉਥੇ ਉਠਾਇਆ ਗਿਆ।ਧਰਨੇ ਵਾਲੀ ਥਾਂ ਤੋਂ ਕਿਸਾਨਾਂ ਦੀਆਂ ਟਰਾਲੀਆਂ, ਏ ਸੀ, ਪੱਖੇ ਤੇ ਹੋਰ ਕੀਮਤੀ ਸਾਮਾਨ ਚੋਰੀ ਕਰ ਲਿਆ ਗਿਆ ਹੈ, ਜੋ ਬਰਦਾਸ਼ਤ ਯੋਗ ਨਹੀਂ।ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸੰਭੂ, ਖਨੌਰੀ ਬਾਰਡਰਾਂ ਉਪਰੋਂ ਕਿਸਾਨਾਂ ਦਾ ਸਾਮਾਨ ਚੋਰੀ ਕਰਨ ਵਾਲੇ ਚੋਰਾਂ ਨੂੰ ਤੁਰੰਤ ਫੜ ਕੇ ਸਖਤ ਸ਼ਜ਼ਾਵਾਂ ਦਿੱਤੀਆਂ ਜਾਣ।ਸੂਬਾ ਸਰਕਾਰ ਵਲੋਂ ਪੇਸ਼ ਕੀਤੇ ਗਏ ਬੱਜਟ ਵਿੱਚ ਕਿਸਾਨਾਂ ਨੂੰ ਕੋਈ ਰਾਹਤ ਨਾ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆ ਕਿਸਾਨ ਆਗੂਆਂ ਨੇ ਸ਼ਪੱਸ਼ਟ ਕੀਤਾ ਹੱਕੀ ਮੰਗਾਂ ਦੀ ਪ੍ਰਾਪਤੀ ਤੱਕ ਸ਼ੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਪਿੰਗਲਵਾੜਾ ਸ਼ਾਖਾ ਸੰਗਰੂਰ ਦਾ ਸਥਾਪਨਾ ਦਿਵਸ ਸ਼ਰਧਾ ਨਾਲ ਮਨਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ਼ਾਖਾ ਸੰਗਰੂਰ ਦਾ ਸਥਾਪਨਾ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਡਾ: ਇੰਦਰਜੀਤ ਕੌਰ, ਤਰਲੋਚਨ ਸਿੰਘ ਚੀਮਾ, ਹਰਜੀਤ ਸਿੰਘ, ਮਾ: ਸਤਪਾਲ ਸ਼ਰਮਾ ਤੇ ਸੁਰਿੰਦਰਪਾਲ ਸਿੰਘ ਸਿਦਕੀ ਦੀ ਦੇਖ-ਰੇਖ ਹੇਠ ਮਨਾਇਆ ਗਿਆ। ਰਾਜਵਿੰਦਰ ਸਿੰਘ ਤੇ ਸਮਰਪ੍ਰੀਤ ਸਿੰਘ ਰਾਹੀਂ ਸਟੇਜ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਸੁਸ਼ੋਭਿਤ ਕੀਤਾ ਗਿਆ। ਉਪਰੰਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਹਰਭਜਨ ਸਿੰਘ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਰੇਖਾ ਰਾਣੀ ਤੇ ਕਿਰਨ ਦੂਆ ਦੀ ਨਿਗਰਾਨੀ ਵਿੱਚ ਤੇ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ।

ਰਾਜਵੀਰ ਸਿੰਘ ਪਿੰਗਲਵਾੜਾ ਟਰੱਸਟੀ ਦੇ ਮੰਚ ਸੰਚਾਲਨ ਦੌਰਾਨ ਪ੍ਰਸਿੱਧ ਵਿਦਵਾਨ ਤੇ ਚਿੰਤਕ ਪਿਆਰੇ ਲਾਲ ਗਰਗ, ਦਵਿੰਦਰ ਸ਼ਰਮਾ ਐਗਰੀਕਲਚਰ ਇਕਨਾਮਿਕਸ ਤੇ ਡਾ: ਦੀਪਤੀ ਨੇ ਕਿਹਾ ਕਿ ਕਾਰਪੋਰੇਟ ਮਾਡਲ ਵਿਕਾਸ ਦੇਸ਼ ਅੰਦਰ ਕਿਰਤੀਆਂ ਨੂੰ ਹੋਰ ਕੰਗਾਲ ਬਣਾਉਣ ਦੇ ਨਾਲ ਨਾਲ ਪੰਜਾਬ ਦੇ ਵਾਤਾਵਰਨ ਨੂੰ ਮੁੱਢੋਂ ਹੀ ਵਿਗਾੜ ਦੇਵੇਗਾ। ਉਨ੍ਹਾਂ ਹਾਜ਼ਰੀਨ ਨੂੰ ਭਗਤ ਜੀ ਦੇ ਵਿਚਾਰਾਂ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਗ੍ਰਾਂਮ ਪੰਚਾਇਤ ਦੇ ਸੰਵਿਧਾਨ ਨੂੰ ਲਾਗੂ ਕਰਕੇ ਲੋਕਤੰਤਰ ਨੂੰ ਤਕੜਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ ਪਿੰਗਲਵਾੜਾ ਵਿਰਾਸਤ ਨੂੰ ਸੰਭਾਲਣ ਦੇ ਕਾਰਜਾਂ ਦਾ ਜ਼ਿਕਰ ਕੀਤਾ ਤੇ ਭਾਵਪੂਰਤ ਵਿਚਾਰ ਸਾਂਝੇ ਕੀਤੇ। ਪ੍ਰਸਿੱਧ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਨਿਰਮਲ ਸਿੰਘ ਰਾਜੇਵਾਲ ਨੇ ਡਾ: ਇੰਦਰਜੀਤ ਕੌਰ ਤੇ ਤਰਲੋਚਨ ਸਿੰਘ ਚੀਮਾ ਦੀ ਸੁਚੱਜੀ ਅਗਵਾਈ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਤੇ ਸਿਹਤ ਦੇ ਕੀਤੇ ਜਾ ਰਹੇ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਅਤੇ ਇਲਾਕਾ ਨਿਵਾਸੀਆਂ ਨੂੰ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਦੌਰਾਨ ਪਿੰਗਲਵਾੜਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਸਬੰਧੀ ਜਾਣਕਾਰੀ ਮੈਡਮ ਰਿੱਤੂ, ਡਾ: ਦੀਪਤੀ ਤੇ ਐੱਸ. ਐੱਸ. ਛੀਨਾ ਨੇ ਦਿੱਤੀ। ਉਪਰੰਤ ਪੁਸਤਕਾਂ ਲੋਕ ਅਰਪਣ ਦੀ ਰਸਮ ਪ੍ਰਬੰਧਕਾਂ ਦੇ ਨਾਲ ਡਾ: ਅਮਰਜੀਤ ਸਿੰਘ ਮਾਨ, ਕੈਪਟਨ ਨਰਿੰਦਰ ਸਿੰਘ, ਗੁਰਮੀਤ ਕੌਰ, ਸੁਖਦਰਸ਼ਨ ਸਿੰਘ, ਕੁਲਵੰਤ ਸਿੰਘ, ਗੋਬਿੰਦ ਸਿੰਘ, ਜਸਪਾਲ ਸਿੰਘ ਆਦਿ ਨੇ ਨਿਭਾਈ। ਡਾ: ਇੰਦਰਜੀਤ ਕੌਰ ਨੇ ਭਗਤ ਪੂਰਨ ਸਿੰਘ ਜੀ ਦੀਆਂ ਯਾਦਾਂ ਦੀ ਸਾਂਝ ਪਾਉਂਦਿਆਂ ਵਾਤਾਵਰਣ ਦੀ ਸੰਭਾਲ ਕਰਨ ਦੇ ਨਾਲ ਨਾਲ ਹੋਰ ਵਿਚਾਰਾਂ ਦੀ ਵੀ ਸਾਂਝ ਕੀਤੀ। ਇਸ ਮੌਕੇ ਸ੍ਰੀ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਰਾਜਵਿੰਦਰ ਸਿੰਘ ਦੇ ਨਾਲ ਗਿਆਨੀ ਮਨਦੀਪ ਸਿੰਘ, ਹਰਪ੍ਰੀਤ ਸਿੰਘ, ਬਲਵੰਤ ਸਿੰਘ ਨੇ ਬੀਬੀ ਇੰਦਰਜੀਤ ਕੌਰ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

# ਏ ਆਈ ਮੀਡੀਆ ਉਦਯੋਗ 'ਚ ਕ੍ਰਾਂਤੀ ਲਿਆਵੇਗਾ : ਪ੍ਰੋ. ਸੰਜੇ ਦਿਵੇਦੀ

**ਜੈਤੋ (ਸਤੀਸ਼ ਕੁਮਾਰ ਭੀਰੀ)**

ਇੰਡੀਅਨ ਇੰਸਟੀਚਿਊਟ ਆਫ਼ ਮਾਸ ਕਮਿਊਨੀਕੇਸ਼ਨ ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ. ਸੰਜੇ ਦਿਵੇਦੀ ਦਾ ਕਹਿਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮੀਡੀਆ ਇੰਡਸਟਰੀ ਵਿੱਚ ਕ੍ਰਾਂਤੀ ਲਿਆਵੇਗੀ।ਪ੍ਰੋ. ਦਿਵੇਦੀ ਬਨਾਸਥਲੀ ਵਿਦਿਆਪੀਠ, ਰਾਜਸਥਾਨ ਦੇ ਮੀਡੀਆ ਵਿਦਿਆਰਥੀਆਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਏ.ਆਈ ਨੇ ਨਾ ਸਿਰਫ਼ ਮੀਡੀਆ ਦੇ ਕੰਮਕਾਜ ਨੂੰ ਸਰਲ ਬਣਾਇਆ ਹੈ, ਸਗੋਂ ਹੁਣ ਸਮੱਗਰੀ ਬਣਾਉਣਾ, ਉਪਭੋਗਤਾਵਾਂ ਦੇ ਡੇਟਾ ਦਾ ਵਿਸ਼ਲੇਸ਼ਣ ਕਰਨਾ ਤੇ ਉਨ੍ਹਾਂ ਦੀਆਂ ਤਰਜੀਹਾਂ ਦਾ ਸਹੀ ਅੰਦਾਜ਼ਾ ਲਾਉਣਾ ਆਸਾਨ ਹੋ ਗਿਆ ਹੈ।

ਪ੍ਰੋ. ਦਿਵੇਦੀ ਨੇ ਕਿਹਾ ਕਿ ਏ.ਆਈ ਸੰਚਾਲਿਤ ਟੂਲ ਸਮੱਗਰੀ ਸਿਰਜਣਹਾਰਾਂ ਦੇ ਸਮੇਂ ਤੇ ਲਾਗਤ ਦੋਵਾਂ ਦੀ ਬੱਚਤ ਕਰ ਰਹੇ ਹਨ।ਏ ਆਈ ਐਲਗੋਰਿਦਮ ਉਪਭੋਗਤਾਵਾਂ ਦੀ ਖੋਜ ਤੇ ਬ੍ਰਾਊਜ਼ਿੰਗ ਆਦਤਾਂ ਦਾ ਵਿਸ਼ਲੇਸ਼ਣ ਕਰਕੇ ਵਿਅਕਤੀਗਤ ਇਸ਼ਤਿਹਾਰ ਤਿਆਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਏ.ਆਈ ਦੁਆਰਾ ਪੈਦਾ ਹੋਈਆਂ ਚੁਣੌਤੀਆਂ ਜਿਵੇਂ ਕਿ ਫ਼ਰਜ਼ੀ ਖ਼ਬਰਾਂ, ਡੂੰਘੀ ਥ੍ਰੋਅ ਤਕਨਾਲੋਜੀ ਤੇ ਮਨੁੱਖੀ ਸਰੋਤਾਂ ਦੇ ਵਿਸਥਾਪਨ ਵਰਗੇ ਮੁੱਦਿਆਂ ਨਾਲ ਜੂਝਦੇ ਹੋਏ, ਸਾਨੂੰ ਸਾਵਧਾਨੀ ਤੇ ਸਾਰਥਕਤਾ ਨਾਲ ਇਸ ਦੀ ਵਰਤੋਂ ਕਰਨਾ ਸਿੱਖਣਾ ਹੋਵੇਗਾ।ਇਸ ਮੌਕੇ ਪ੍ਰੋ. ਸੰਜੇ ਦਿਵੇਦੀ ਨੇ ਕਿਹਾ ਕਿ ਭਾਰਤ ਏ.ਆਈ ਦੀ ਵਰਤੋਂ ਵਿੱਚ ਮੋਹਰੀ ਦੇਸ਼ ਹੈ। 2025 ਦੇ ਅੰਤ ਤੱਕ, ਦੇਸ਼ ਵਿੱਚ ਏ ਆਈ ਬਾਜ਼ਾਰ 12 ਬਿਲੀਅਨ ਹੋਣ ਦੀ ਸੰਭਾਵਨਾ ਹੈ।ਭਾਰਤੀ ਏ.ਆਈ ਸੈਕਟਰ ਵਿੱਚ ਸਾਲਾਨਾ ਵਿਕਾਸ ਦਰ ਲਗਭਗ 20 ਤੋਂ 25 ਪ੍ਰਤੀਸ਼ਤ ਹੈ।ਵਰਤਮਾਨ ਵਿੱਚ ਇਸ ਖੇਤਰ ਵਿੱਚ ਲਗਭਗ 4 ਲੱਖ ਪੇਸ਼ੇਵਰ ਕੰਮ ਕਰ ਰਹੇ ਹਨ।ਇਸ ਸਾਲ ਦੇ ਅੰਤ ਤੱਕ ਇਸ 'ਚ 30 ਫੀਸਦੀ ਦਾ ਵਾਧਾ ਹੋਣ ਦੀ ਉਮੀਦ ਹੈ।ਜਨ ਸੰਚਾਰ ਵਿਦਵਾਨ ਪ੍ਰੋ. ਦਿਵੇਦੀ ਨੇ ਕਿਹਾ ਕਿ ਇਹ ਭਾਰਤੀ ਭਾਸ਼ਾਵਾਂ ਦੀ ਅਮਰਤਾ ਹੈ।ਡਿਜ਼ੀਟਲ ਸੰਸਾਰ ਵਿੱਚ, ਭਾਰਤੀ ਭਾਸ਼ਾਵਾਂ ਵਿੱਚ ਸਮੱਗਰੀ ਦੀ ਮੰਗ ਵਧੇਗੀ, ਜੋ ਖੇਤਰੀ ਮੀਡੀਆ ਕੰਪਨੀਆਂ ਨੂੰ ਬੇਅੰਤ ਮੌਕੇ ਪ੍ਰਦਾਨ ਕਰੇਗੀ। ਸੰਭਾਵਨਾ ਹੈ ਕਿ 60 ਫੀਸਦੀ ਤੋਂ ਵੱਧ ਸਮੱਗਰੀ ਭਾਰਤੀ ਭਾਸ਼ਾਵਾਂ ਵਿੱਚ ਹੋਵੇਗੀ।ਇਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਸਵੀਕਾਰ ਕੀਤਾ ਜਾਵੇਗਾ। ਉਨ੍ਹਾਂ ਸੰਭਾਵਨਾ ਪ੍ਰਗਟਾਈ ਕਿ ਭਾਰਤੀ ਮੀਡੀਆ ਕੰਪਨੀਆਂ ਵਿਸ਼ਵ ਪੱਧਰ ਤੇ ਆਪਣੀ ਪਛਾਣ ਮਜ਼ਬੂਤ ਕਰਨਗੀਆਂ।ਪ੍ਰੋ. ਦਿਵੇਦੀ ਨੇ ਸਰਕਾਰ ਨੂੰ ਨੈਤਿਕਤਾ, ਡਾਟਾ ਸੁਰੱਖਿਆ, ਜਾਅਲੀ ਖ਼ਬਰਾਂ ਤੇ ਮੀਡੀਆ ਦੀ ਪਾਰਦਰਸ਼ਤਾ ਵੱਲ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਕੀਤੀ।

# ਟ੍ਰਾਂਸਪੋਰਟ ਵਿਭਾਗ ਦੀ ਹਾਲਤ ਨਿੱਘਰੀ, ਟਾਇਰਾਂ ਤੇ ਸਪੇਅਰ ਪਾਰਟਸ ਖੁਣੋਂ ਬੱਸਾਂ ਖੜ੍ਹੀਆਂ

## ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦੇ ਸੂਬਾਈ ਅਹੁਦੇਦਾਰਾਂ ਦੀ ਇਕੱਤਰਤਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦੇ ਸੂਬਾਈ ਅਹੁਦੇਦਾਰਾਂ ਦੀ ਇਕੱਤਰਤਾ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬੱਜਟ ਵੱਲੋਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਪੱਲੇ ਨਿਰਾਸ਼ਾ ਹੀ ਪਈ ਹੈ।ਇਸ ਮੌਕੇ ਕਾਮਰੇਡ ਜਗਦੀਸ਼ ਸਿੰਘ ਚਾਹਲ, ਗੁਰਜੰਟ ਸਿੰਘ ਕੋਕਰੀ, ਦੀਦਾਰ ਸਿੰਘ ਮੰਡ ਤੇ ਅਵਤਾਰ ਸਿੰਘ ਤਾਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬੱਜਟ ਵਿੱਚ ਔਰਤਾਂ ਦੇ ਲਈ ਫਰੀ ਸਫ਼ਰ ਲਈ 450 ਕਰੋੜ ਰੁਪਏ ਰੱਖੇ ਗਏ ਹਨ, ਜਿਸ ਵਿੱਚੋਂ ਪੰਜਾਬ ਰੋਡਵੇਜ਼ ਦੇ ਪੱਲੇ 225 ਕਰੋੜ ਹੀ ਪਵੇਗਾ, ਜਦਕਿ 225 ਕਰੋੜ ਰੁਪਏ ਪੀ ਆਰ ਟੀ ਸੀ ਦੇ ਹਿੱਸੇ ਆਉਣਗੇ।ਅਸਲੀਅਤ ਇਹ ਹੈ ਕਿ ਇਕੱਲੇ ਪੰਜਾਬ ਰੋਡਵੇਜ਼ ਦਾ ਔਰਤਾਂ ਲਈ ਫਰੀ ਸਫ਼ਰ ਦਾ ਬਕਾਇਆ ਹੀ 500 ਕਰੋੜ ਰੁਪਏ ਤੋਂ ਉੱਪਰ ਸਰਕਾਰ ਵੱਲ ਖੜ੍ਹਾ ਹੈ ਅਤੇ ਲਗਭਗ ਅਜਿਹੀ ਹਾਲਤ ਹੀ ਪੀ ਆਰ ਟੀ ਸੀ ਦੀ ਬਕਾਏ ਵੱਲੋਂ ਹੈ।

ਉਨ੍ਹਾਂ ਕਿਹਾ ਕਿ ਇਹ ਬੱਜਟ ਤਾਂ ਅਗਲੇ ਸਾਲ ਲਈ ਹੈ ਇਸ ਨਾਲ ਤਾਂ ਪਿਛਲੇ ਸਾਲਾਂ ਦਾ ਬਕਾਇਆ ਵੀ ਪੂਰਾ ਨਹੀਂ ਹੁੰਦਾ।ਪੰਜਾਬ ਰੋਡਵੇਜ਼/ਪਨਬੱਸ ਦੀ ਪੈਸੇ ਵੱਲੋਂ ਅਜਿਹੀ ਹਾਲਤ ਹੈ ਕਿ ਹਰੇਕ ਡਿੱਪੂ ਅੰਦਰ 20-25 ਬੱਸਾਂ ਟਾਇਰ ਨਾ ਹੋਣ ਕਾਰਨ ਖੜ੍ਹੀਆਂ ਹਨ।ਉਨ੍ਹਾਂ ਦੇ ਟਾਇਰਾਂ ਦੀ ਹਾਲਤ ਏਨੀ ਮਾੜੀ ਹੈ ਕਿ ਰੇਹੜਿਆਂ ਦੇ ਲਾਉਣ ਦੇ ਯੋਗ ਵੀ ਨਹੀਂ ਹਨ।ਟਾਇਰ ਫਟਣ ਕਾਰਨ ਸਵਾਰੀਆਂ ਦੇ ਜ਼ਖਮੀ ਹੋਣ ਦੀਆਂ ਖਬਰਾਂ ਆਮ ਹੀ ਅਖਬਾਰਾਂ ਵਿੱਚ ਲਗਦੀਆਂ ਰਹਿੰਦੀਆਂ ਹਨ।ਟਾਇਰ ਪਲਾਂਟ, ਜਿੱਥੇ ਟਾਇਰ ਰੀਸੋਲ ਹੁੰਦੇ ਹਨ, ਮਟੀਰੀਅਲ ਨਾ ਮਿਲਣ ਕਰਕੇ ਲੰਬੇ ਸਮੇਂ ਤੋਂ ਬੰਦ ਪਿਆ ਹੈ।ਸਪੇਅਰ ਪਾਰਟਸ ਖ੍ਰੀਦਣ ਲਈ ਪੈਸੇ ਨਹੀਂ ਹਨ, ਮਾਮੂਲੀ ਸਪੇਅਰ ਪਾਰਟਸ ਨਾ ਮਿਲਣ ਕਾਰਨ ਬੱਸਾਂ ਖੜ੍ਹੀਆਂ ਰਹਿੰਦੀਆਂ ਹਨ।ਪੰਜਾਬ ਸਰਕਰ ਦੇ ਕਾਰਜਕਾਲ ਦਾ ਸਮਾਂ ਤਿੰਨ ਸਾਲ ਤੋਂ ਉੱਪਰ ਹੋ ਚੁੱਕਾ ਹੈ, ਪਰ ਅਜੇ ਤੱਕ ਇੱਕ ਵੀ ਬੱਸ ਸਰਕਾਰ ਨੇ ਪੰਜਾਬ ਰੋਡਵੇਜ਼/ਪਨਬੱਸ ਜਾਂ ਪੀ ਆਰ ਟੀ ਸੀ ਵਿੱਚ ਨਹੀਂ ਪਾਈ।ਮੀਟਿੰਗਾਂ ਵਿੱਚ ਟ੍ਰਾਂਸਪੋਰਟ ਮੰਤਰੀ ਤੇ ਮਹਿਕਮੇ ਦੇ ਉੱਚ ਅਧਿਕਾਰੀਆਂ ਵੱਲੋਂ ਵਿਸ਼ਵਾਸ ਦੁਆਇਆ ਗਿਆ ਸੀ ਕਿ ਬੱਜਟ ਵਿੱਚ ਪੰਜਾਬ ਰੋਡਵੇਜ਼ ਵਿੱਚ ਨਵੀਆਂ ਬੱਸਾਂ ਪਾਉਣ ਲਈ 100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ, ਪਰ ਉਹ ਵੀ ਜੁਮਲਾ ਹੀ ਸਾਬਿਤ ਹੋਇਆ।ਟ੍ਰਾਂਸਪੋਰਟ ਮੰਤਰੀ ਤੇ ਉੱਚ ਅਧਿਕਾਰੀਆਂ ਨਾਲ 2 ਜਨਵਰੀ ਦੀ ਮੀਟਿੰਗ ਵਿੱਚ ਕਿਹਾ ਗਿਆ ਸੀ ਕਿ ਦਿੱਲੀ ਰੂਟ ਉੱਪਰ ਚੱਲਣ ਵਾਲੀਆਂ ਵਾਲਵੋ ਬੱਸਾਂ ਹੀ ਕਿਲੋਮੀਟਰ ਸਕੀਮ ਅਧੀਨ ਪਾਈਆਂ ਜਾਣਗੀਆਂ।ਉਸ ਤੋਂ ਬਾਅਦ 19 ਮਾਰਚ ਦੀ ਮੀਟਿੰਗ ਵਿੱਚ 90 ਐੱਚ.ਵੀ.ਏ.ਸੀ. ਕਿਲੋਮੀਟਰ ਸਕੀਮ ਅਧੀਨ ਪਾਉਣ ਬਾਰੇ ਦੱਸਿਆ ਗਿਆ, ਪਰ ਹੁਣ ਸਰਕਾਰ ਵੱਲੋਂ ਪਨਬੱਸ ਵਿੱਚ ਆਰਡੀਨਰੀ ਕਿਲੋਮੀਟਰ ਸਕੀਮ ਅਧੀਨ ਪਾਉਣ ਬਾਰੇ ਫੈਸਲਾ ਲਿਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਸਰਕਾਰ ਦੇ ਝੂਠੇ ਦਾਅਵਿਆਂ ਦੀ ਪੋਲ ਟ੍ਰਾਂਸਪੋਰਟ ਵਿਭਾਗ ਦੀ ਇਸ ਨਿੱਘਰ ਰਹੀ ਹਾਲਤ ਤੋਂ ਸਾਫ਼ ਹੋ ਜਾਂਦੀ ਹੈ। ਪੰਜਾਬ ਸਰਕਾਰ ਦੇ ਇਸ ਕਿਲੋਮੀਟਰ ਸਕੀਮ ਅਧੀਨ ਬੱਸਾਂ ਪਾਉਣ ਦੀ ਸਕੀਮ ਬਾਰੇ ਪੰਜਾਬ ਰੋਡਵੇਜ਼/ ਪਨਬੱਸ ਵਿੱਚ ਕੰਮ ਕਰਦੀਆਂ ਸਮੁੱਚੀਆਂ ਜਥੇਬੰਦੀਆਂ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀਆਂ ਹਨ ਕਿ ਇਸ ਨਿੱਘਰਦੀ ਹਾਲਤ ਵੱਲ ਪੰਜਾਬ ਸਰਕਾਰ ਉਚੇਚਾ ਧਿਆਨ ਦੇ ਕੇ ਸਰਕਾਰ ਮਹਿਕਮੇ ਲਈ ਯੋਗ ਫੰਡਜ਼ ਮੁਹੱਈਆ ਕਰਵਾਏ।ਅੱਜ ਦੀ ਇਸ ਇਕੱਤਰਤਾ ਵਿੱਚ ਸੁਰਿੰਦਰ ਬਰਾੜ, ਗੁਰਦੀਪ ਸਿੰਘ, ਮਨਦੀਪ ਮਖੂ, ਰਣਦੀਪ ਸਿੰਘ ਰਾਣਾ, ਮੱਖਣ ਸਿੰਘ, ਗੁਰਪ੍ਰੀਤ ਸਿੰਘ ਤੇ ਜਗਪਾਲ ਸਿੰਘ ਹਾਜ਼ਰ ਸਨ।

# ਛੁੱਟੀ ਦੇ ਬਾਵਜੂਦ ਕੰਮ ਕਰਨ ਵਾਲੇ ਨਿਗਮ ਅਧਿਕਾਰੀਆਂ ਦੀ ਹੋਈ ਤਾਰੀਫ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਨਗਰ ਨਿਗਮ ਵੱਲੋਂ ਮਾਰਚ ਮਹੀਨੇ *ਚ ਪ੍ਰਾਪਰਟੀ ਟੈਕਸ ਡਿਫਾਲਟਰਾਂ ਨੂੰ ਬਚਾਉਣ ਲਈ ਜੋ ਸਕੀਮ ਚਲਾਈ ਗਈ ਸੀ, ਉਸ ਤਹਿਤ 31 ਮਾਰਚ ਤੱਕ 25.63 ਕਰੋੜ ਰੁਪਏ ਇਕੱਠੇ ਹੋਏ ਹਨ।ਨਿਗਮ ਦੇ ਮੁਲਾਜ਼ਮਾਂ ਤੇ ਅਫਸਰ ਸਾਹਿਬਾਨਾਂ ਨੇ ਐਤਵਾਰ ਤਾਂ ਕੀ ਈਦ ਦੇ ਮੁਬਾਰਕ ਮੌਕੇ ਸਰਕਾਰੀ ਛੁੱਟੀ ਵਾਲੇ ਦਿਨ ਵੀ ਇਮਾਨਦਾਰੀ ਨਾਲ ਕੰਮ ਕਰਦਿਆਂ ਕਰੋੜਾਂ ਦੇ ਟਾਰਗੈਟ ਨੂੰ ਪੂਰਾ ਕੀਤਾ ਹੈ।ਇਹ ਪ੍ਰਗਟਾਵਾ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਛੁੱਟੀ ਵਾਲੇ ਦਿਨ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਤਾਰੀਫ਼ ਕਰਦਿਆਂ ਕੀਤਾ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਛੁੱਟੀ ਦੇ ਬਾਵਜੂਦ ਕੰਮ ਕਰਨ ਵਾਲੇ ਨਿਗਮ ਅਧਿਕਾਰੀਆਂ ਦੇ ਇਸ ਸ਼ਲਾਘਾਯੋਗ ਕੰਮ ਦੀ ਪੰਜਾਬ ਸਰਕਾਰ ਵਲੋਂ ਵੀ ਵਾਹ-ਵਾਹ ਕੀਤੀ ਜਾ ਰਹੀ ਹੈ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਐਤਵਾਰ ਵਾਲੇ ਦਿਨ ਵੀ ਪਟਿਆਲਾ ਦੇ ਲੋਕਾਂ ਨੇ 30 ਲੱਖ ਰੁਪਏ ਦੇ ਕਰੀਬ ਪ੍ਰਾਪਰਟੀ ਟੈਕਸ ਭਰੇ ਤੇ ਸੋਮਵਾਰ ਈਦ ਮੌਕੇ ਸੋਮਵਾਰ ਦੀ ਛੁੱਟੀ ਹੁੰਦੇ ਹੋਏ ਵੀ ਦੇ ਪ੍ਰਾਪਟੀ ਟੈਕਸ ਦੀ ਕੁਲੈਕਸ਼ਨ ਕੀਤੀ ਗਈ।ਛੁੱਟੀ ਹੋਣ ਦੇ ਬਾਵਜੂਦ ਲੋਕਾਂ ਦੀ ਸਹੂਲਤ ਲਈ ਪ੍ਰਾਪਰਟੀ ਟੈਕਸ ਬ੍ਰਾਂਚ ਨੂੰ ਖੁੱਲ੍ਹਾ ਰੱਖਿਆ, ਤਾਂ ਜੁ ਟੈਕਸ ਭਰਨ ਆਏ ਕਿਸੇ ਵੀ ਵਿਅਕਤੀ ਦੀ ਖੱਜਲ ਖੁਆਰੀ ਨਾ ਹੋ ਸਕੇ।ਉਨ੍ਹਾਂ ਆਖਿਆ ਕਿ ਕਿਸੇ ਦੀ ਵੀ ਬਿਲਡਿੰਗ ਜਾਂ ਦੁਕਾਨ ਸੀਲ ਕਰਨਾ ਨਿਗਮ ਦਾ ਮੰਤਵ ਨਹੀਂ, ਬਲਕਿ ਲੋਕਾਂ ਨੂੰ ਜਾਗਰੂਕ ਕਰ ਸਮੇਂ ਸਿਰ ਆਪਣਾ ਬਣਦਾ ਟੈਕਸ ਜਮ੍ਹਾਂ ਕਰਾ ਕੇ ਸ਼ਹਿਰ ਦੇ ਵਿਕਾਸ ਵਿੱਚ ਸਾਥ ਦੇਣ ਦਾ ਸੁਨੇਹਾ ਦੇਣਾ ਹੈ।

ਮੇਅਰ ਨੇ ਕਿਹਾ ਕਿ 1 ਅਪ੍ਰੈਲ ਤੋਂ ਨਗਰ ਨਿਗਮ ਵੱਲੋਂ ਡਿਫਾਟਲਰਾਂ ਪ੍ਰਤੀ ਸਖਤੀ ਕੀਤੀ ਗਈ ਹੈ, ਜਿਸ ਵਿੱਚ ਡਿਫਾਟਲਰਾ ਨੂੰ 20 ਫ਼ੀਸਦੀ ਪਨੈਲਟੀ ਅਤੇ 18 ਫੀਸਦੀ ਵਿਆਜ ਵੀ ਲਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਲੰਘੇ ਸਾਲ ਦੇ ਬਜਟ ਚ ਪ੍ਰਾਪਰਟੀ ਟੈਕਸ ਦਾ ਟਾਰਗੈਟ 25 ਕਰੋੜ ਰੱਖਿਆ ਗਿਆ ਸੀ, ਜਿਸ ਨੂੰ ਨਿਗਮ ਦੇ ਮੁਲਾਜ਼ਮਾਂ ਦੀ ਸਖਤ ਮਿਹਨਤ ਸਦਕਾ ਪੂਰਾ ਹੀ ਨਹੀਂ, ਸਗੋਂ ਵੱਧ ਕਰ ਲਿਆ ਹੈ।ਹੁਣ ਜਿਹੜੇ ਲੋਕ ਰਹਿ ਗਏ ਹਨ, ਉਨ੍ਹਾਂ ਨੂੰ ਵੀ ਬੇਨਤੀ ਕਰਦੀ ਹੈ ਕਿ ਉਹ ਜਲਦ ਮੋਟੇ ਜੁਰਮਾਨੇ ਤੋਂ ਬਚਣ ਲਈ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਲਦ ਭਰਵਾਉਣ।

## ਯਾਦਗਾਰੀ ਹੋ ਨਿੱਬੜਿਆ ਪ੍ਰਾਇਮਰੀ ਸਕੂਲ ਕਾਲੀਏ ਵਾਲਾ ਦਾ ਸਾਲਾਨਾ ਇਨਾਮ ਵੰਡ ਸਮਾਰੋਹ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿੱਖਿਆ ਵਿਭਾਗ ਪੰਜਾਬ ਤੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਫ਼ਿਰੋਜ਼ਪੁਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਘੱਲ ਖੁਰਦ ਅੰਮ੍ਰਿਤਪਾਲ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਹੇਠਾਂ ਗ੍ਰੈਜੂਏਸ਼ਨ ਸੈਰੇਮਨੀ, ਸਾਲਾਨਾ ਨਤੀਜਾ ਤੇ ਇਨਾਮ ਵੰਡ ਸਮਾਗਮ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਕਾਲੀਏ ਵਾਲਾ ਵਿਖੇ ਕਰਵਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਬੀ ਆਰ ਸੀ ਘੱਲ ਖੁਰਦ ਜਸਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ 'ਤੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਗਿਆ ਤੇ ਸਕੂਲ ਦੀ ਪ੍ਰਗਤੀ ਰਿਪੋਰਟ ਰਾਹੀਂ ਸਕੂਲ ਦੀਆਂ ਸਾਲਾਨਾ ਉਪਲਬਧੀਆਂ ਬਾਰੇ ਜਾਣੂ ਕਰਵਾਇਆ ਗਿਆ।ਸਕੂਲ ਮੁਖੀ ਪਰਮਜੀਤ ਕੌਰ ਤੇ ਸਕੂਲ ਸਟਾਫ ਵੱਲੋਂ ਵਧੀਆ ਕਾਰਗੁਜ਼ਾਰੀ ਵਾਲੇ ਪਹਿਲੀ, ਦੂਸਰੀ ਤੇ ਤੀਸਰੀ ਪੁਜ਼ੀਸ਼ਨ ਪ੍ਰਾਪਤ ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਪੁਜ਼ੀਸ਼ਨਾਂ ਪ੍ਰਾਪਤ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਸਕਾਊਟਿੰਗ ਦੇ ਖੇਤਰ ਵਿੱਚ ਨੈਸ਼ਨਲ ਗੋਲਡਨ ਐਰੋ ਐਵਾਰਡ ਪ੍ਰਾਪਤ ਕਰਨ 'ਤੇ ਵਿਸ਼ੇਸ਼ ਤੌਰ 'ਤੇ ਕੱਬ ਮਾਸਟਰ ਜਸਵਿੰਦਰ ਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਸਕੂਲ ਦੇ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਕੰਚਨ ਬਾਲਾ ਤੇ ਸੁਖਮੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਨਵੇਂ ਸੈਸ਼ਨ ਲਈ ਵੱਧ ਤੋਂ ਵੱਧ ਵਿਦਿਆਰਥੀ ਪਿੰਡ ਦੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਉਣ ਲਈ ਭਾਈਚਾਰੇ ਨੂੰ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਸਟਾਫ ਤੋਂ ਇਲਾਵਾ ਐੱਸ ਐੱਮ ਸੀ ਕਮੇਟੀ ਮੈਂਬਰ, ਆਂਗਣਵਾੜੀ ਵਰਕਰ ਨਿਰਮਲ ਕੌਰ, ਗੁਰਦੇਵ ਕੌਰ, ਚਰਨਜੀਤ ਕੌਰ, ਸਰਵਜੀਤ ਕੌਰ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੀਆਂ ਵਿਖੇ ਸਾਲਾਨਾ ਪ੍ਰੋਗਰਾਮ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੀਆਂ ਵਿਖੇ ਸਾਲਾਨਾ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਬੱਚਿਆਂ ਦਾ ਨਤੀਜਾ ਵੀ ਘੋਸ਼ਿਤ ਕੀਤਾ ਗਿਆ ਤੇ ਪ੍ਰੀ ਪ੍ਰਾਇਮਰੀ ਜਮਾਤਾਂ ਦੀ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ ਗਈ।ਬੱਚਿਆਂ ਨੂੰ ਜਮਾਤਾਂ ਅਨੁਸਾਰ ਪੁਜ਼ੀਸ਼ਨਾਂ ਹਾਸਲ ਕਰਨ ਲਈ ਸਨਮਾਨਤ ਕੀਤਾ ਗਿਆ ਤੇ ਨਾਲ ਹੀ ਹਰੇਕ ਬੱਚੇ ਨੂੰ ਉਨ੍ਹਾਂ ਦੇ ਵਿਸ਼ੇਸ਼ ਗੁਣਾਂ ਦੇ ਅਧਾਰ 'ਤੇ ਸਨਮਾਨਤ ਕੀਤਾ ਗਿਆ।ਨਵੋਦਿਆ ਪ੍ਰੀਖਿਆ ਵਿੱਚੋਂ ਪਾਸ ਹੋਏ ਦੋ ਬੱਚੇ ਜਸਨੂਰ ਸਿੰਘ ਤੇ ਹਰਜੋਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬਲਵੀਰ ਸਿੰਘ ਮੀਆਂ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਪਹਿਲੀ ਪਿਰਤ ਨੂੰ ਅੱਗੇ ਤੋਰਦਿਆਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਤੇ ਸਟੇਸ਼ਨਰੀ ਦੇ ਕੇ ਸਨਮਾਨਤ ਕੀਤਾ ਗਿਆ।ਸਰਪੰਚ ਦੇ ਪ੍ਰਤੀਨਿਧ ਵਜੋਂ ਸ੍ਰ. ਹਰਮੇਲ ਸਿੰਘ ਨੇ ਪੰਚਾਇਤ ਵੱਲੋਂ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ।ਇਸ ਮੌਕੇ ਸਕੂਲ ਸਟਾਫ 'ਚੋਂ ਸੁਸ਼ੀਲ ਕੁਮਾਰ, ਸੁਖਪ੍ਰੀਤ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਜਰਨੈਲ ਕੌਰ, ਰਾਜ ਕੌਰ, ਮਨਜੀਤ ਕੌਰ, ਗੋਬਿੰਦ ਕੌਰ ਨੇ ਪ੍ਰੋਗਰਾਮ ਦੇ ਪ੍ਰਬੰਧਕ ਵਜੋਂ ਵਿਸ਼ੇਸ਼ ਭੂਮਿਕਾ ਨਿਭਾਈ।ਇਸ ਮੌਕੇ ਖੇਡਾਂ 'ਚ ਵਿਸ਼ੇਸ਼ ਪ੍ਰਾਪਤੀ ਵਾਲੇ ਬੱਚਿਆਂ ਤੇ ਕੋਚ ਗੋਰਾ ਸਿੰਘ ਨੂੰ ਵੀ ਸਨਮਾਨਤ ਕੀਤਾ ਗਿਆ।ਸਕੂਲ ਮੁਖੀ ਦਰਸ਼ਨ ਸਿੰਘ ਨੇ ਮਾਪਿਆਂ ਤੇ ਵਿਸ਼ੇਸ਼ ਸਹਿਯੋਗੀਆਂ ਦਾ ਧੰਨਵਾਦ ਕੀਤਾ ਤੇ ਸਕੂਲ ਦੀ ਪ੍ਰਗਤੀ ਰਿਪੋਰਟ ਪੜ੍ਹੀ।ਸੀ ਐੱਚ ਟੀ ਗੁਰਮੇਲ ਸਿੰਘ ਨੇ ਪ੍ਰੋਗਰਾਮ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਮਾਪਿਆਂ ਨੂੰ ਸੰਬੋਧਨ ਕੀਤਾ।ਸਕੂਲ ਚੇਅਰਮੈਨ ਨਾਜਮ ਸਿੰਘ ਨੇ ਸਕੂਲ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ।ਇਸ ਮੌਕੇ ਬੱਚਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਤੇ ਕੋਰੀਓਗ੍ਰਾਫੀ ਪੇਸ਼ ਕੀਤੇ ਗਏ।ਸਟੇਜ ਸੰਚਾਲਨ ਸਮੇਂ ਵਰਿੰਦਰਜੀਤ ਸਿੰਘ ਸਿੱਧੂ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਇਸ ਮੌਕੇ ਰੇਖਾ ਰਾਣੀ, ਸਰਬਦੀਪ ਕੌਰ, ਅਰਸ਼ਦੀਪ ਕੌਰ, ਰਮਨਦੀਪ ਕੌਰ, ਹਰਦੇਵ ਸਿੰਘ ਨੈਣ, ਜਗਦੇਵ ਸਿੰਘ ਸਿੱਧੂ, ਐੱਨ. ਡੀ. ਤਨੇਜਾ, ਜਰਨੈਲ ਸਿੰਘ, ਗੁਰਇਕਬਾਲ ਸਿੰਘ, ਗੁਰਜੰਟ ਸਿੰਘ ਨੈਣ, ਤੋਤਾ ਸਿੰਘ ਨੈਣ, ਬਲਵੰਤ ਸਿੰਘ, ਜਗਜੀਤ ਸਿੰਘ, ਗੁਰਵਿੰਦਰ ਸਿੰਘ, ਬਾਬਾ ਸੋਹਣ ਸਿੰਘ, ਗੁਰਸੇਵਕ ਸਿੰਘ, ਕੁਲਦੀਪ ਕੌਰ, ਬੋਘਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ।

# ਭਲਕ ਦੇ ਮੁਹਾਲੀ ਧਰਨੇ 'ਚ ਨਰੇਗਾ ਕਾਮੇ ਵੀ ਹੋਣਗੇ ਸ਼ਾਮਲ : ਖੋਸਾ, ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੇਂਦਰ ਦੀ ਭਾਜਪਾ ਸਰਕਾਰ ਨੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਗਨਰੇਗਾ 2005) ਤਹਿਤ ਕਾਮਿਆਂ ਦੀਆਂ ਰੋਜ਼ਾਨਾ ਉਜ਼ਰਤਾਂ ਵਿੱਚ ਨਿਗੁਣਾ ਜਿਹਾ ਵਾਧਾ ਕਰਕੇ ਊਠ ਦੇ ਮੂੰਹ ਵਿੱਚ ਜ਼ੀਰਾ ਦੇਣ ਵਾਲੀ ਕਹਾਵਤ ਨੂੰ ਸੱਚ ਕਰ ਵਿਖਾਇਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ) ਏਟਕ ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਤੇ ਜ਼ਿਲ੍ਹਾ ਮੋਗਾ ਦੇ ਕਨਵੀਨਰ ਸ਼ੇਰ ਸਿੰਘ ਦੌਲਤਪੁਰਾ ਨੇ ਪਿੰਡ ਡਰੋਲੀ ਭਾਈ ਦੇ ਨਰੇਗਾ ਕਾਮਿਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਦੀ ਉਜ਼ਰਤ ਨਵੇਂ ਵਾਧੇ ਨਾਲ 400 ਰੁਪਏ ਹੋਈ ਹੈ।ਹਰਿਆਣਾ 'ਚ ਪਹਿਲੀ ਦਿਹਾੜੀ 374 ਸੀ।ਪੰਜਾਬ ਵਿੱਚ ਨਰੇਗਾ ਕਾਮਿਆਂ ਦੀਆਂ ਉਜ਼ਰਤਾਂ 'ਚ 24 ਰੁਪਏ ਦੇ ਵਾਧੇ ਨਾਲ ਰੋਜ਼ਾਨਾ ਉਜ਼ਰਤ 346 ਰੁਪਏ ਕੀਤੀ ਗਈ।ਇਸ ਵਾਧੇ ਲਈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਜ਼ਿੰਮੇਵਾਰ ਹੈ, ਕਿਉਂਕਿ ਪੰਜਾਬ ਸਰਕਾਰ ਨੇ ਦੋ ਤਿੰਨ ਸਾਲਾਂ ਤੋਂ ਕੇਂਦਰ ਸਰਕਾਰ ਨੂੰ ਉਜ਼ਰਤ ਵਾਧੇ ਲਈ ਕੋਈ ਸਿਫਾਰਸ਼ ਹੀ ਨਹੀਂ ਕੀਤੀ, ਜਿਸ ਕਰਕੇ ਪੰਜਾਬ ਨੂੰ ਅਣਗੌਲਿਆ ਕਰਕੇ ਸਿਰਫ਼ 24 ਰੁਪਏ ਦਾ ਹੀ ਵਾਧਾ ਕੀਤਾ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ 3 ਅਪ੍ਰੈਲ ਨੂੰ ਕਿਰਤ ਕਮਿਸ਼ਨਰ ਦਫ਼ਤਰ ਮੁਹਾਲੀ ਵਿਖੇ ਏਟਕ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਵੀ ਨਰੇਗਾ ਕਾਮੇ ਵੱਡੀ ਗਿਣਤੀ ਵਿੱਚ ਹਾਜ਼ਰ ਹੋਣਗੇ।ਪਿਛਲੇ ਸਾਲਾਂ ਤੋਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ) ਏਟਕ ਪੰਜਾਬ ਸਰਕਾਰ ਨੂੰ ਦਰਜਨਾਂ ਵਾਰੀ ਮੰਗ ਪੱਤਰ ਦੇ ਕੇ ਮੰਗ ਕਰ ਚੁੱਕੀ ਹੈ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰੇ ਕਿ ਪੰਜਾਬ ਦੇ ਨਰੇਗਾ ਕਾਮਿਆਂ ਲਈ 437 ਰੁਪਏ ਦਿਹਾੜੀ (ਜੋ ਬਿਨਾਂ ਰੋਟੀ ਤੋਂ ਕੰਮ ਕਰਨ ਵਾਲੇ ਕਾਮੇਂ ਦੀ ਹੈ) ਦੀ ਸਿਫਾਰਸ਼ ਕੀਤੀ ਜਾਵੇ, ਪਰ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ।ਇਸ ਲਈ ਨਰੇਗਾ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਨਿਗੁਣੇ ਜਿਹੇ ਲਈ ਇਸ ਸਰਕਾਰ ਨੂੰ ਵੀ ਬਰੀ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਨਰੇਗਾ ਕਾਮਿਆਂ ਦੀ ਸਿਰਮੌਰ ਜਥੇਬੰਦੀ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਕੇਂਦਰ ਸਰਕਾਰ ਵੱਲੋਂ ਕੀਤੇ ਇਸ ਨਿਗੂਣੇ ਜਿਹੇ ਨੂੰ ਰੱਦ ਕਰਦੀ ਹੈ ਤੇ ਸੰਘਰਸ਼ਾਂ 'ਤੇ ਟੇਕ ਰੱਖਦਿਆ ਸੱਦਾ ਦਿੰਦੀ ਹੈ ਕਿ 1000 ਰੁਪਏ ਦਿਹਾੜੀ ਤੇ ਸਾਲ 'ਚ 200 ਦਿਨ ਕੰਮ ਦੀ ਗਾਰੰਟੀ ਮਿਲਣ ਤੱਕ ਸੰਘਰਸ਼ਾਂ ਨੂੰ ਤੇਜ਼ ਕਰਨ ਨਾਲ ਹੀ ਹੱਕ ਪ੍ਰਾਪਤ ਕੀਤੇ ਜਾ ਸਕਦੇ ਹਨ।

# ਪੰਜਾਬੀ ਹਾਸ-ਵਿਅੰਗ ਅਕਾਦਮੀ ਦਾ ਸਮਾਗਮ ਯਾਦਗਾਰੀ ਹੋ ਨਿੱਬੜਿਆ

### ਪਿਆਰਾ ਸਿੰਘ ਦਾਤਾ ਯਾਦਗਾਰੀ 19ਵਾਂ ਪੁਰਸਕਾਰ ਸੋਹਲ ਤੇ ਮੌਜੀ ਨੂੰ ਭੇਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ ਵੱਲੋਂ ਪਿਆਰਾ ਸਿੰਘ ਦਾਤਾ ਯਾਦਗਾਰੀ ਸਾਲਾਨਾ ਸਮਾਗਮ ਐੱਸ ਡੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ ਅਕਾਦਮੀ ਦੇ ਪ੍ਰਧਾਨ ਕੇ ਐੱਲ ਗਰਗ ਦੀ ਰਹਿਨੁਮਾਈ ਹੇਠ ਤੇ ਪਿਆਰਾ ਸਿੰਘ ਦਾਤਾ ਦੇ ਪਰਿਵਾਰਕ ਮੈਂਬਰਾਂ ਪਰਮਜੀਤ ਸਿੰਘ ਦਿੱਲੀ, ਸਤਿੰਦਰ ਸਿੰਘ ਰਿੱਕੂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਕੇ ਐੱਲ ਗਰਗ, ਜੋਧ ਸਿੰਘ ਮੋਗਾ, ਪ੍ਰਿੰਸੀਪਲ ਸੁਰੇਸ਼ ਕੁਮਾਰ ਬਾਂਸਲ, ਅਸ਼ੋਕ ਚੱਟਾਨੀ, ਰਘਬੀਰ ਸਿੰਘ ਸੋਹਲ, ਪ੍ਰਦੀਪ ਸਿੰਘ ਮੌਜੀ ਸੁਸ਼ੋਭਤ ਸਨ। ਸਮਾਗਮ ਦੀ ਸ਼ੁਰੂਆਤ ਸੋਨੀ ਮੋਗਾ ਦੇ ਖੂਬਸੂਰਤ ਪੇਸ਼ ਕੀਤੇ ਗਏ ਗੀਤ ਨਾਲ ਹੋਈ ਅਤੇ ਮੰਚ ਸੰਚਾਲਕ ਦਵਿੰਦਰ ਗਿੱਲ ਮੋਗਾ, ਪ੍ਰਧਾਨ ਕੇ ਐੱਲ ਗਰਗ ਤੇ ਅਸ਼ੋਕ ਚੱਟਾਨੀ ਵੱਲੋਂ ਪਿਆਰਾ ਸਿੰਘ ਦਾਤਾ ਦੀ ਸਾਹਿਤਕ ਜੀਵਨੀ ਤੇ ਅਕਾਦਮੀ ਦੀਆਂ ਪਿਛਲੀਆਂ ਸਰਗਰਮੀਆਂ ਬਾਰੇ ਵਿਚਾਰ ਸਾਂਝੇ ਕੀਤੇ ਗਏ ਅਤੇ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਜੀ ਆਇਆਂ ਆਖਿਆ ਗਿਆ।ਇਸ ਦੇ ਨਾਲ ਹੀ ਉਕਤ ਪ੍ਰਧਾਨਗੀ ਮੰਡਲ ਵੱਲੋਂ ਪਿਆਰਾ ਸਿੰਘ ਦਾਤਾ ਯਾਦਗਾਰੀ 19ਵਾਂ ਪੁਰਸਕਾਰ ਵਿਅੰਗਕਾਰ ਰਘਬੀਰ ਸਿੰਘ ਸੋਹਲ ਤੇ ਵਿਅੰਗ ਕਵੀ ਪ੍ਰਦੀਪ ਸਿੰਘ ਮੌਜੀ ਨੂੰ ਭੇਟ ਕਰਦਿਆਂ ਲੋਈਆਂ, ਸਨਮਾਨ ਚਿੰਨ੍ਹ ਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।ਰਘਬੀਰ ਸਿੰਘ ਸੋਹਲ ਵੱਲੋਂ ਆਪਣੇ ਸਾਹਿਤਕ ਸਫ਼ਰ ਬਾਰੇ ਚਾਨਣਾ ਪਾਇਆ ਗਿਆ ਤੇ ਪ੍ਰਦੀਪ ਸਿੰਘ ਮੌਜੀ ਦੇ ਸਾਹਿਤਕ ਸਫ਼ਰ ਬਾਰੇ ਰਾਕੇਸ਼ ਕੁਮਾਰ ਵੱਲੋਂ ਵਿਚਾਰ ਸਾਂਝੇ ਕੀਤੇ ਗਏ।ਇਸ ਮੌਕੇ ਅਕਾਦਮੀ ਵੱਲੋਂ ਮੋਗਾ ਦੇ ਜੰਮਪਲ ਜੋਧ ਸਿੰਘ ਮੋਗਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਚੰਗੇ-ਚੰਗੇ' ਤੇ ਰਘਬੀਰ ਸਿੰਘ ਸੋਹਲ ਦੀ ਪੁਸਤਕ 'ਯਾਦਾਂ ਦਾ ਝਰੋਖਾ' ਦੀ ਘੁੰਡ ਚੁਕਾਈ ਵੀ ਕੀਤੀ ਗਈ।ਜੋਧ ਸਿੰਘ ਮੋਗਾ ਵੱਲੋਂ ਆਪਣੇ ਹੱਥੀਂ ਪੇਂਟਿੰਗ ਕੀਤੀਆਂ ਗਈਆਂ ਤਸਵੀਰਾਂ ਵੱਖ ਵੱਖ ਲੇਖਕਾਂ ਨੂੰ ਭੇਟ ਕੀਤੀਆਂ ਗਈਆਂ।ਪ੍ਰਿੰਸੀਪਲ ਸੁਰੇਸ਼ ਕੁਮਾਰ ਬਾਂਸਲ, ਪ੍ਰਿੰਸੀਪਲ ਅਵਤਾਰ ਸਿੰਘ ਕਰੀਰ ਤੇ ਜੋਧ ਸਿੰਘ ਮੋਗਾ ਵੱਲੋਂ ਅਕਾਦਮੀ ਨੂੰ ਆਰਥਿਕ ਤੌਰ 'ਤੇ ਨਕਦ ਰਾਸ਼ੀ ਦਿੱਤੀ ਗਈ।ਉਪਰੰਤ ਹੋਏ ਕਵੀ ਦਰਬਾਰ ਵਿੱਚ ਸੋਢੀ ਸੱਤੋਵਾਲੀ, ਹਰਭਜਨ ਸਿੰਘ ਨਾਗਰਾ, ਜੰਗੀਰ ਸਿੰਘ ਖੋਖਰ, ਮੱਖਣ ਭੈਣੀ ਵਾਲਾ, ਬਲਵੰਤ ਰਾਏ ਗੋਇਲ, ਬਲਵਿੰਦਰ ਸਿੰਘ ਕੈਂਥ, ਕੰਵਲਜੀਤ ਭੋਲਾ ਲੰਡੇ, ਡਾ. ਸਾਧੂ ਰਾਮ ਲੰਗੇਆਣਾ, ਦਵਿੰਦਰ ਸਿੰਘ ਗਿੱਲ, ਲਾਲੀ ਕਰਤਾਰਪੁਰੀ, ਸਰਬਜੀਤ ਕੌਰ ਮਾਹਲਾ, ਵਰਿੰਦਰ ਕੌੜਾ, ਗੁਰਮੇਲ ਸਿੰਘ ਬੌਡੇ, ਅਵਤਾਰ ਸਿੰਘ ਕਰੀਰ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਵੱਲੋਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।ਸਮਾਗਮ ਵਿੱਚ ਪ੍ਰਦੀਪ ਭੰਡਾਰੀ, ਜੋਗਿੰਦਰ ਸਿੰਘ ਲੋਹਾਮ, ਰਾਜਿੰਦਰ ਕੁਮਾਰ ਗੁਪਤਾ, ਕ੍ਰਿਸ਼ਨ ਸਿੰਗਲਾ, ਡਾ. ਚੇਤੰਨ, ਨਿਰਮਲ ਸਿੰਘ, ਚਮਨ ਲਾਲ, ਬਲਬੀਰ ਸਿੰਘ ਰਾਮੂੰਵਾਲਾ, ਵਜ਼ੀਰ ਚੰਦ, ਅਮਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

# 10 ਰੋਜ਼ਾ ਪੁਸਤਕ ਐਕਸਚੇਂਜ ਮੇਲੇ ਦੀ ਸੰਧਵਾਂ ਵੱਲੋਂ ਰਸਮੀ ਸ਼ੁਰੂਆਤ



**ਕੋਟਕਪੂਰਾ (ਰਛਪਾਲ ਭੁੱਲਰ)**

ਗੁੱਡ ਮੌਰਨਿੰਗ ਵੈਲਫੇਅਰ ਕਲੱਬ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਸਾਂਝੇ ਤੌਰ 'ਤੇ ਸਿੱਖਾਂਵਾਲਾ ਰੋਡ 'ਤੇ ਸਥਿਤ ਜ਼ੋਨਲ ਦਫਤਰ ਵਿੱਚ ਚਲਾਏ ਜਾ ਰਹੇ ਗੁਰੂ ਨਾਨਕ ਮੋਦੀਖਾਨਾ ਵਿਖੇ ਲਾਏ ਗਏ 10 ਰੋਜ਼ਾ 'ਪੁਸਤਕ ਐਕਸਚੇਂਜ ਮੇਲੇ' ਦੀ ਰਸਮੀ ਸ਼ੁਰੂਆਤ ਕਰਨ ਮੌਕੇ ਬਤੌਰ ਮੁੱਖ ਮਹਿਮਾਨ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਨੇ ਆਖਿਆ ਕਿ ਇਸ ਤਰ੍ਹਾਂ ਦੇ ਪੁਸਤਕ ਐਕਸਚੇਂਜ ਮੇਲੇ ਪੰਜਾਬ ਭਰ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਸਥਿੱਤ ਸਕੂਲਾਂ ਵਿੱਚ ਲਾਉਣੇ ਯਕੀਨੀ ਬਣਾਏ ਜਾਣ ਤਾਂ ਕੋਈ ਵੀ ਬੱਚਾ ਪੜਾਈ ਤੋਂ ਵਾਂਝਾ ਨਹੀਂ ਰਹੇਗਾ, ਕਿਉਂਕਿ ਬਹੁਤ ਸਾਰੇ ਬੱਚੇ ਪੜਾਈ ਵਿੱਚ ਹੁਸ਼ਿਆਰ ਹੋਣ ਦੇ ਬਾਵਜੂਦ ਆਰਥਿਕ ਕਮਜ਼ੋਰੀ ਕਾਰਨ ਪੜਾਈ ਤੋਂ ਵਾਂਝੇ ਰਹਿ ਜਾਂਦੇ ਹਨ।ਉਨ੍ਹਾਂ ਆਪਣੇ ਵੱਲੋਂ ਜਥੇਬੰਦੀ ਨੂੰ ਇਸ ਸ਼ੁਭ ਕਾਰਜ ਲਈ 50 ਹਜ਼ਾਰ ਰੁਪਏ ਦਾ ਯੋਗਦਾਨ ਪਾਉਣ ਦਾ ਐਲਾਨ ਕੀਤਾ।

ਸਪੀਕਰ ਸੰਧਵਾਂ ਨੇ ਅੰਤਰਰਾਸ਼ਟਰੀ ਸਾਈਕਲਿਸਟ ਗੁਰਪ੍ਰੀਤ ਸਿੰਘ ਕਮੋ ਦੇ ਬੇਟੇ ਰਬਾਬ ਸਿੰਘ ਤੇ ਉਸਦੇ ਸਾਥੀ ਤਰਸੇਮ ਮੱਤਾ ਨਾਟਕਕਾਰ ਵੱਲੋਂ 'ਰੱਦੀ ਤੋਂ ਸਿੱਖਿਆ ਵੱਲ' ਸੁਨੇਹਾ ਦੇਣ ਲਈ ਬਣਾਈ 'ਸ਼ਾਰਟ ਮੂਵੀ' ਬਦਲੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਦਾਅਵਾ ਕੀਤਾ ਕਿ ਰਬਾਬ ਸਿੰਘ ਨੇ ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲਾ ਸੁਪਨਾ ਸਾਕਾਰ ਕਰ ਲਿਆ ਹੈ।ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਨੇ ਸਪੀਕਰ ਸੰਧਵਾਂ ਸਮੇਤ ਇਲਾਕੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਰਸਮੀ ਤੌਰ 'ਤੇ ਜੀ ਆਇਆਂ ਆਖਿਆ।

ਮੋਦੀਖਾਨੇ ਦੇ ਸੰਚਾਲਕ ਹਰਪ੍ਰੀਤ ਸਿੰਘ ਖਾਲਸਾ ਤੇ ਕਲੱਬ ਦੇ ਜਨਰਲ ਸਕੱਤਰ ਪ੍ਰੋ. ਐਚ.ਐਸ. ਪਦਮ ਮੁਤਾਬਿਕ ਪੁਰਾਣੀਆਂ ਕਿਤਾਬਾਂ ਦਾ ਉਕਤ ਪੁਸਤਕ ਐਕਸਚੇਂਜ ਮੇਲਾ 1 ਅਪ੍ਰੈਲ ਤੋਂ 10 ਅਪ੍ਰੈਲ ਤੱਕ ਬਾਅਦ ਦੁਪਹਿਰ 2:00 ਵਜੇ ਤੋਂ ਸ਼ਾਮ 7:00 ਵਜੇ ਤੱਕ ਰੋਜ਼ਾਨਾ ਲੱਗੇਗਾ।ਮੰਚ ਸੰਚਾਲਨ ਕਰਦਿਆਂ ਗੁੱਡ ਮੌਰਨਿੰਗ ਕਲੱਬ ਦੇ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਉਕਤ ਪੁਸਤਕ ਮੇਲੇ ਵਿੱਚ ਸੀ.ਬੀ.ਐਸ.ਈ, ਪੰਜਾਬ ਸਕੂਲ ਸਿੱਖਿਆ ਬੋਰਡ ਸਮੇਤ ਪੰਜਾਬੀ ਯੂਨੀਵਰਸਿਟੀ ਜਾਂ ਹੋਰ ਪ੍ਰੋਫੈਸ਼ਨਲ ਕਾਲਜਾਂ ਦੇ ਕੋਰਸਾਂ ਨਾਲ ਸਬੰਧਤ ਸਾਰੀਆਂ ਹੀ ਪੁਰਾਣੀਆਂ ਕਿਤਾਬਾਂ ਦੀ ਅਦਲਾ-ਬਦਲੀ ਬੱਚਿਆਂ ਦੀ ਲੋੜ ਅਨੁਸਾਰ ਕਰਵਾਈ ਜਾਵੇਗੀ।ਕੋਈ ਵਿਦਿਆਰਥੀ, ਜਿਸ ਕੋਲ ਵੀ ਕਿਸੇ ਕਿਸਮ ਦੇ ਕੋਰਸ ਨਾਲ ਸਬੰਧਤ ਪੜਨਯੋਗ ਕਿਤਾਬਾਂ, ਪਾਣੀ ਵਾਲੀਆਂ ਬੋਤਲਾਂ, ਬੈਗ, ਜਮੈਟਰੀ ਬਾਕਸ, ਰੋਟੀ ਵਾਲੇ ਟਿਫਨ, ਬੂਟ ਆਦਿ ਸਮਾਨ ਉੱਥੇ ਜਮ੍ਹਾਂ ਕਰਾ ਕੇ ਉੱਥੇ ਮੌਜੂਦ ਸਮਾਨ ਵਿੱਚੋਂ ਆਪਣੀ ਲੋੜ ਅਨੁਸਾਰ ਵਸਤੂਆਂ ਘਰ ਲਿਜਾ ਸਕਦੇ ਹਨ।

ਕਲੱਬ ਦੇ ਚੇਅਰਮੈਨ ਵਿਨੋਦ ਕੁਮਾਰ ਪੱਪੂ ਲਹੌਰੀਆ ਨੇ ਦੱਸਿਆ ਕਿ ਕਲੱਬ ਵੱਲੋਂ ਨਾਸ਼ਤੇ ਅਤੇ ਠੰਡੀ ਖੀਰ ਦਾ ਪ੍ਰਬੰਧ ਕੀਤਾ ਗਿਆ ਸੀ।ਬੱਚਿਆਂ ਦੀ ਸਟੇਸ਼ਨਰੀ, ਫੀਸਾਂ, ਵਰਦੀਆਂ ਜਾਂ ਹੋਰ ਕਿਸਮ ਦੀ ਮੱਦਦ ਲਈ ਸਪੀਕਰ ਸੰਧਵਾਂ ਤੋਂ ਇਲਾਵਾ ਮਲਕੀਤ ਸਿੰਘ ਭੋਲਾ ਖੁਰਮੀ (10,000), ਦਰਸ਼ਨ ਸਿੰਘ ਘੋਲੀਆ (5100), ਠੇਕੇਦਾਰ ਪ੍ਰੇਮ ਮੈਣੀ (5000), ਦਿਨੇਸ਼ ਗੁਪਤਾ (5000), ਕੁਲਬੀਰ ਸਿੰਘ ਮੱਕੜ (2500) ਨੇ ਨਕਦ ਰਾਸ਼ੀ ਜਮ੍ਹਾਂ ਕਰਵਾਈ।

## ਡਾ. ਦੀਪਿਕਾ ਸੂਰੀ ਆਇਰਨ ਲੇਡੀ ਐਵਾਰਡ ਨਾਲ ਸਨਮਾਨਤ



**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**

ਡਾ. ਦੀਪਿਕਾ ਸੂਰੀ ਨੂੰ ਉਨ੍ਹਾਂ ਦੀ ਸ਼ਾਨਦਾਰ ਉਦਯਮਸ਼ੀਲਤਾ ਤੇ ਸਫਲਤਾ ਲਈ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਆਇਰਨ ਲੇਡੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਹ ਐਵਾਰਡ ਉਨ੍ਹਾਂ ਦੀ ਮਿਹਨਤ, ਸੰਘਰਸ਼ ਤੇ ਪ੍ਰਾਪਤੀਆਂ ਦੀ ਪਛਾਣ ਹੈ। ਡਾ. ਦੀਪਿਕਾ ਸੂਰੀ ਨੇ ਡਾ. ਹਤਿੰਦਰ ਸੂਰੀ ਦੇ ਨਾਲ ਮਿਲਕੇ ਰਾਣਾ ਹਸਪਤਾਲ ਨੂੰ ਉੱਤਰੀ ਭਾਰਤ ਵਿੱਚ ਪਾਈਲਸ ਇਲਾਜ ਲਈ ਭਰੋਸੇਯੋਗ ਨਾ ਬਣਾਇਆ।ਉਨ੍ਹਾਂ ਦੇ ਨੇਤ੍ਰਤਵ ਹੇਠ ਹਸਪਤਾਲ ਨੇ ਪ੍ਰੋਕਟੋਲੋਜੀ ਖੇਤਰ ਵਿੱਚ ਨਵੀਂ ਪਛਾਣ ਬਣਾਈ।ਆਪਣੀ ਉਦਯਮਸ਼ੀਲਤਾ ਨੂੰ ਹੋਰ ਵਧਾਉਂਦੇ ਹੋਏ, ਡਾ. ਦੀਪਿਕਾ ਸੂਰੀ ਨੇ ਰਾਣਾ ਹੈਰੀਟੇਜ ਅਤੇ ਰਿਆਸਤ-ਏ-ਰਾਣਾ ਵਜੋਂ ਦੋ ਵਧੀਆ ਹੋਸਪਿਟੈਲਿਟੀ ਵੈਂਚਰ ਸਥਾਪਤ ਕੀਤੇ।ਪੰਜਾਬ ਟੂਰਿਜ਼ਮ ਵਿਭਾਗ ਨੇ ਹਾਲ ਹੀ ਵਿੱਚ ਰਾਣਾ ਹੈਰੀਟੇਜ ਨੂੰ ਪੰਜਾਬ ਦਾ ਸਭ ਤੋਂ ਵਧੀਆ ਬੈਂਕਵਿਟ ਹਾਲ ਐਲਾਨਿਆ ਹੈ।ਆਪਣੀ ਸਫਲਤਾ ਨੂੰ ਮਨਾਉਣ ਤੇ ਨਵਰਾਤਰੇ ਦੇ ਸ਼ੁਭ ਮੌਕੇ 'ਤੇ ਪ੍ਰਭੂ ਦੇ ਦਰਸ਼ਨ ਕਰਕੇ ਆਸ਼ੀਰਵਾਦ ਲੈਣ ਲਈ ਡਾ. ਦੀਪਿਕਾ ਸੂਰੀ ਨੇ ਰਾਣਾ ਹਸਪਤਾਲ ਦੀ ਮਹਿਲਾ ਸਟਾਫ ਨਾਲ ਮਿਲਕੇ ਮੰਦਰ ਵਿਖੇ ਪ੍ਰਾਰਥਨਾ ਕੀਤੀ।

## ਹਰਚੰਦ ਬਰਸਟ ਨੇ ਧਬਲਾਨ ਵਿਖੇ ਈਦ ਸਮਾਰੋਹ 'ਚ ਕੀਤੀ ਸ਼ਿਰਕਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਿੰਡ ਧਬਲਾਨ ਵਿਖੇ ਈਦ-ਉੱਲ-ਫ਼ਿਤਰ ਦੇ ਪਵਿੱਤਰ ਮੌਕੇ ਦਰਗਾਹ ਪੰਜ ਪੀਰ ਵਿਖੇ ਵਿਸ਼ੇਸ਼ ਸਮਾਰੋਹ ਕੀਤਾ ਗਿਆ, ਜਿਸ ਵਿੱਚ ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ ਪੰਜਾਬ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਰੋਹ ਵਿੱਚ ਸ੍ਰ. ਬਰਸਟ ਨੇ ਸਾਰਿਆਂ ਨੂੰ ਈਦ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਬਰਸਟ ਨੇ ਭਾਈਚਾਰਕ ਸਾਂਝ ਨੂੰ ਵਧਾਉਣ ਤੇ ਸੱਭਿਆਚਾਰਕ ਵਿਰਸੇ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਤਿਉਹਾਰ ਸਾਡੇ ਸੱਭਿਆਚਾਰ ਦਾ ਅਹਿਮ ਹਿੱਸਾ ਹਨ, ਜੋ ਸਾਨੂੰ ਆਪਸੀ ਭਾਈਚਾਰਾ, ਸਾਂਝ ਤੇ ਏਕਤਾ ਨਾਲ ਰਹਿਣ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਧਰਮ ਦੇ ਨਾਮ 'ਤੇ ਨਫਰਤ ਫੈਲਾਉਣ ਵਾਲੇ ਲੋਕ ਧਾਰਮਿਕ ਨਹੀਂ ਹਨ ਤੇ ਆਪਣੇ ਰਾਜਨੀਤਕ ਹਿੱਤ ਪੂਰੇ ਕਰਨ ਵਾਸਤੇ ਧਰਮ ਦੀ ਵਰਤੋਂ ਕਰਦੇ ਹਨ। ਅਜਿਹੇ ਲੋਕਾਂ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਇਸ ਦੌਰਾਨ ਸਮੂਹ ਇਲਾਕਾ ਨਿਵਾਸੀਆਂ ਵੱਲੋਂ ਹਰਚੰਦ ਸਿੰਘ ਬਰਸਟ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਗਗਨਇੰਦਰ ਸਿੰਘ ਬਰਸਟ, ਮੇਜਰ ਖਾਨ ਕਾਦਰੀ, ਹਰਿੰਦਰ ਸਿੰਘ ਧਬਲਾਨ, ਬਲਵਿੰਦਰ ਖਾਨ ਪ੍ਰਧਾਨ, ਗੁਲਜ਼ਾਰ ਖਾਨ ਪ੍ਰਧਾਨ ਮਸਜਿਦ ਕਮੇਟੀ, ਪਰਵਿੰਦਰ ਖਾਨ, ਲੱਖਾ ਖਾਨ, ਯਾਸੀਨ, ਹਰਮੇਲ ਸਿੰਘ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

## ਸਰਕਾਰੀ ਕਾਲਜ ਅਬੋਹਰ ਵਿਖੇ ਸਲਾਨਾ ਖੇਡ ਸਮਾਰੋਹ ਕਰਵਾਇਆ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪ੍ਰਿੰਸੀਪਲਰਾਜੇਸ਼ ਕੁਮਾਰ ਖਨਗਵਾਲ ਦੀ ਯੋਗ ਅਗਵਾਈ ਹੇਠ ਸਰਕਾਰੀ ਕਾਲਜ ਅਬੋਹਰ ਵਿਖੇ ਦੂਜਾ ਸਾਲਾਨਾ ਖੇਡ ਸਮਾਰੋਹ ਕਰਵਾਇਆ ਗਿਆ।ਇਸ ਖੇਡ ਸਮਾਰੋਹ ਵਿੱਚ ਅਬੋਹਰ ਸਹਿਰ ਦੇ ਉੱਘੇ ਉਦਯੋਗਪਤੀ ਆਰ ਡੀ ਗਰਗ ਉੱਚੇਚੇ ਤੌਰ ਉੱਪਰ ਸ਼ਾਮਲ ਹੋਏ।ਇਸ ਖੇਡ ਮੇਲੇ ਵਿੱਚ 100 ਮੀਟਰ ਦੌੜ, ਲੌਂਗ ਜੰਪ, ਸ਼ਾਟਪੁੱਟ, ਰੱਸਾਕਸ਼ੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਜੇਤੂ ਖਿਡਾਰੀਆਂ ਨੂੰ ਮੁੱਖ ਮਹਿਮਾਨ ਆਰ ਡੀ ਗਰਗ ਨੇ ਇਨਾਮਾਂ ਦੀ ਵੰਡ ਕੀਤੀ।ਇਸ ਖੇਡ ਮੇਲੇ ਦਾ ਬੈਸਟ ਐਥਲੀਟ ਲੜਕੇ ਗੌਰਵ ਬੀ. ਏ ਭਾਗ ਪਹਿਲਾ ਤੇ ਬੈਸਟ ਐਥਲੀਟ ਲੜਕੀ ਕੋਮਲ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਰਹੇ।ਇਸ ਖੇਡ ਸਮਾਰੋਹ ਨੂੰ ਸਫਲਤਾਪੂਰਣ ਬਣਾਉਣ ਲਈ ਸਹਾਇਕ ਪ੍ਰੋਫੈਸਰ ਡਾ. ਅਨੁਰਾਗ ਚੌਧਰੀ (ਫਿਜ਼ੀਕਲ ਐਜੂਕੇਸ਼ਨ) ਦਾ ਅਹਿਮ ਯੋਗਦਾਨ ਰਿਹਾ, ਜਿਨ੍ਹਾਂ ਨੇ ਰਾਤ ਦਿਨ ਇੱਕ ਕਰਦੇ ਹੋਏ ਇਸ ਖੇਡ ਮੇਲੇ ਨੂੰ ਕਾਮਯਾਬ ਬਣਾਇਆ।ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਰਿਹਾ। ਅੰਤ ਵਿੱਚ ਪ੍ਰਿੰਸੀਪਲ ਰਾਜੇਸ਼ ਕੁਮਾਰ ਖਨਗਵਾਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਐਥਲੈਟਿਕ ਮੀਟ ਦੇ ਕਨਵੀਨਰ ਡਾ. ਅਨੁਰਾਗ ਚੌਧਰੀ ਨੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਰੁਚੀ ਵਧਾਉਣ ਲਈ ਪ੍ਰੇਰਿਤ ਕੀਤਾ।

# ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ, ਤਿੰਨ ਗੰਭੀਰ ਜ਼ਖ਼ਮੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨ ਸ਼ਹਿਰ ਦੇ ਆਸ-ਪਾਸ ਦੇ ਖੇਤਰਾਂ ਵਿੱਚ ਹੋਏ ਐਕਸੀਡੈਂਟਾਂ ਵਿੱਚ ਦੋ ਦੀ ਮੌਤ ਤੇ ਤਿੰਨ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਜ਼ਖ਼ਮੀਆਂ ਨੂੰ ਸਹਾਰਾ ਸਮਾਜ ਸੇਵਾ ਦੀਆਂ ਐਂਬੂਲੈਂਸਾਂ ਰਾਹੀਂ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ। ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਮੁਖੀ ਸੰਦੀਪ ਵਰਮਾ ਨੇ ਦੱਸਿਆ ਕਿ ਭੂਸ਼ਣ ਕੁਮਾਰ ਉਮਰ 50 ਸਾਲ ਪੁੱਤਰ ਪਵਨ ਕੁਮਾਰ ਤੇ ਇਸ ਦਾ ਬੇਟਾ ਅਸ਼ੋਕ ਕੁਮਾਰ ਉਮਰ 30 ਸਾਲ ਵਾਸੀ ਰਾਮਪੁਰਾ ਜੋ ਕਿ ਆਪਣੇ ਈ ਰਿਕਸ਼ਾ 'ਤੇ ਰਾਮਪੁਰਾ ਸਾਈਡ ਤੋਂ ਬਠਿੰਡਾ ਸਾਈਡ ਜਾ ਰਹੇ ਸੀ ਤਾਂ ਅਚਾਨਕ ਡਰੀਮਲੈਂਡ ਦੇ ਨਜ਼ਦੀਕ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ, ਜਿਸ ਵਿੱਚ ਭੂਸ਼ਣ ਕੁਮਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਅਸ਼ੋਕ ਕੁਮਾਰ ਗੰਭੀਰ ਜ਼ਖ਼ਮੀ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਉਮਰ 30 ਸਾਲ ਪੁੱਤਰ ਬੂਟਾ ਸਿੰਘ ਵਾਸੀ ਰਾਮਪੁਰਾ ਫੂਲ ਜੋ ਕਿ ਰਾਮਪੁਰਾ ਫੂਲ ਤੋਂ ਪਿੰਡ ਲਹਿਰਾਂ ਮਹੁੱਬਤ ਮੋਟਰਸਾਈਕਲ 'ਤੇ ਜਾ ਰਿਹਾ ਸੀ, ਨੂੰ ਵੀ ਕਿਸੇ ਅਣਪਛਾਤੇ ਵਾਹਨ ਨੇ ਡਿਸਕਵਰੀ ਸਕੂਲ ਦੇ ਨਜ਼ਦੀਕ ਫੇਟ ਮਾਰ ਦਿੱਤੀ ਤਾਂ ਇਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ। ਮਨਜਿੰਦਰ ਸਿੰਘ ਉਮਰ 29 ਸਾਲ ਪੁੱਤਰ ਜਗਜੀਤ ਸਿੰਘ ਵਾਸੀ ਰਾਮਪੁਰਾ ਤੇ ਜਸਪ੍ਰੀਤ ਸਿੰਘ ਉਮਰ 22 ਸਾਲ ਪੁੱਤਰ ਰਤਨਪਾਲ ਸਿੰਘ ਵਾਸੀ ਮਹਿਰਾਜ ਜੋ ਕਿ ਮੋਟਰਸਾਈਕਲ 'ਤੇ ਰਾਮਪੁਰਾ ਫੂਲ ਤੋਂ ਫੂਲ ਰੋਡ ਬਾਈਪਾਸ ਜਾ ਰਹੇ ਸੀ ਤਾਂ ਸਟੈਲਕੋ ਫੈਕਟਰੀ ਦੇ ਨਜ਼ਦੀਕ ਦਸਮੇਸ਼ ਧਰਮ ਕੰਡਾ ਦੇ ਸਾਹਮਣੇ ਬਲੈਰੋ ਪਿਕੱਪ ਨਾਲ ਟੱਕਰ ਹੋ ਗਈ, ਜਿਸ ਵਿੱਚ ਦੋਨੋਂ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਹਾਰਾ ਦੀਆਂ ਐਂਬੂਲੈਂਸਾਂ ਰਾਹੀਂ ਸਿਵਲ ਹਸਪਤਾਲ ਰਾਮਪੁਰਾ ਵਿਖੇ ਦਾਖਲ ਕਰਵਾਇਆ ਗਿਆ। ਮਨਿੰਦਰ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ। ਲਾਸ਼ ਨੂੰ ਸਿਵਲ ਹਸਪਤਾਲ ਰਾਮਪੁਰਾ ਫੂਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ।

## ਮਾਤਾ ਸੁਖਦੇਵ ਕੌਰ ਨਮਿੱਤ ਅੰਤਿਮ ਅਰਦਾਸ 4 ਨੂੰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਗਰੁੱਪ ਆਫ਼ ਇੰਸਟੀਚਿਊਸ਼ਨ ਲਹਿਰਾ ਮੁਹੱਬਤ (ਬਠਿੰਡਾ) ਦੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ, ਸੁਖਵੀਰ ਸਿੰਘ ਤੇ ਕੁਲਵੀਰ ਸਿੰਘ ਦੇ ਦਾਦੀ ਮਾਤਾ ਸੁਖਦੇਵ ਕੌਰ (95) ਪਤਨੀ ਸਵ: ਬੂਟਾ ਸਿੰਘ ਸਿੱਧੂ 'ਰਜ਼ਿਆਂ ਦੇ' ਬੀਤੇ 27 ਮਾਰਚ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਦਿਹਾਂਤ 'ਤੇ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਨੇ ਸਿੱਧੂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੂੰਘੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਸਵ: ਮਾਤਾ ਸੁਖਦੇਵ ਕੌਰ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 4 ਅਪ੍ਰੈਲ ਸ਼ੁੱਕਰਵਾਰ ਨੂੰ ਡੇਰਾ ਬਾਬਾ ਬਹਾਲੀ ਰਾਮ ਜੀ, ਦੌਲਾ ਪੱਤੀ, ਪਿੰਡ ਲਹਿਰਾ ਮੁਹੱਬਤ (ਜ਼ਿਲ੍ਹਾ ਬਠਿੰਡਾ) ਵਿਖੇ ਬਾਅਦ ਦੁਪਹਿਰ 12:30 ਵਜੇ ਹੋਵੇਗੀ।

## ਸਰਕਾਰੀ ਪ੍ਰਾਇਮਰੀ ਸਕੂਲ ਬੋਹਾ (ਮੁੰਡੇ) ਦੇ ਨਾਂਅ 'ਤੇ ਡਾਕ ਟਿਕਟ ਜਾਰੀ



**ਬੋਹਾ (ਨਿਰੰਜਣ ਬੋਹਾ)**

ਡਾਕ ਵਿਭਾਗ ਭਾਰਤ ਸਰਕਾਰ ਵੱਲੋਂ ਸਮਾਜਿਕ ਖੇਤਰ ਸ਼ਲਾਘਾਯੋਗ ਕਾਰਜ ਕਰਨ ਵਾਲੀਆਂ ਵੱਖ-ਵੱਖ ਸੰਸਥਾਵਾਂ ਜਾ ਵਿਅਕਤੀਆਂ ਦੇ ਸਨਮਾਨ ਵਿੱਚ ਜਾਰੀ ਕੀਤੇ ਜਾਣ ਵਾਲੀਂ ਡਾਕ ਟਿਕਟ ਦੀ ਲੜੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬੋਹਾ ਦੇ ਨਾਂਅ 'ਤੇ ਡਾਕ ਟਿਕਟ ਜਾਰੀ ਕੀਤੀ ਗਈ।ਇਸ ਟਿਕਟ ਨੂੰ ਜਾਰੀ ਕਰਦਿਆਂ ਡਾਕਘਰ ਬੋਹਾ ਦੇ ਸਬ ਪੋਸਟ ਮਾਸਟਰ ਪ੍ਰਸ਼ੋਤਮ ਕੁਮਾਰ ਜੋਗੀ ਨੇ ਦੱਸਿਆ ਕਿ ਸਕੂਲ ਮੁਖੀ ਹਰਫੂਲ ਸਿੰਘ ਦੀ ਅਗਵਾਈ ਹੇਠ ਇਹ ਸਕੂਲ ਵਿੱਦਿਅਕ ਖੇਤਰ ਵਿੱਚ ਬਹੁਤ ਚੰਗੇ ਨਤੀਜੇ ਦੇ ਰਿਹਾ ਹੈ। ਇਸ ਲਈ ਡਾਕ ਵਿਭਾਗ ਵੱਲੋਂ 'ਮਾਈ ਸਟੈਂਪ' ਸਕੀਮ ਅਧੀਨ ਇਹ ਟਿਕਟ ਜਾਰੀ ਕੀਤੀ ਗਈ ਹੈ।ਟਿਕਟ ਜਾਰੀ ਕਰਨ ਦੀ ਰਸਮ ਅਦਾ ਕਰਦਿਆਂ ਡੀ.ਆਰ.ਸੀ, (ਸੈਕੰਡਰੀ) ਨਵਨੀਤ ਕੱਕੜ ਅਤੇ ਡੀ.ਆਰ.ਸੀ (ਪ੍ਰਾਇਮਰੀ) ਅਮ੍ਰਿਤਵੀਰ ਸਿੰਘ ਨੇ ਕਿਹਾ ਕਿ ਡਾਕ ਵਿਭਾਗ ਨੇ ਇਹ ਟਿਕਟ ਜਾਰੀ ਕਰਕੇ ਸਕੂਲ ਮੁਖੀ ਹਰਫੂਲ ਸਿੰਘ ਤੇ ਸਕੂਲ ਦੇ ਸਾਰੇ ਸਟਾਫ ਵੱਲੋਂ ਕੀਤੀ ਮਿਹਨਤ ਦਾ ਸਹੀ ਮੁੱਲ ਪਾਇਆ ਹੈ। ਰੰਗਕਰਮੀ ਸੰਤੋਖ ਸਾਗਰ ਨੇ ਕਿਹਾ ਕਿ ਇਸ ਟਿਕਟ ਦੇ ਜਾਰੀ ਹੋਣ ਨਾਲ ਸਾਰੇ ਬੋਹਾ ਖੇਤਰ ਦਾ ਮਾਣ ਵਧਿਆ ਹੈ।

# ਪੁਲਸ ਚੌਕੀ ਬਾਦਸ਼ਾਹਪੁਰ 'ਚ ਧਮਾਕਾ, ਖਿੜਕੀਆਂ ਦੇ ਸ਼ੀਸ਼ੇ ਟੁੱਟੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਵੀਜ਼ਨ ਅਧੀਨ ਆਉਂਦੇ ਕਸਬਾ ਬਾਦਸ਼ਾਹਪੁਰ ਪੁਲਿਸ ਚੌਕੀ ਦੇ ਨਜ਼ਦੀਕ ਬੀਤੀ ਅੱਧੀ ਰਾਤ ਦੇ ਜ਼ੋਰਦਾਰ ਧਮਾਕਾ ਹੋਇਆ।ਇਸ ਧਮਾਕੇ ਵਿੱਚ ਪੁਲਿਸ ਚੌਂਕੀ ਦੇ ਨਾਲ ਬਣੇ ਕੋਆਪ੍ਰੇਟਿਵ ਸੁਸਾਇਟੀ ਦੇ ਦਫਤਰ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਘਟਨਾ ਦਾ ਪਤਾ ਲੱਗਦਿਆ ਹੀ ਪੁਲਸ ਅਧਿਕਾਰੀਆਂ ਨੂੰ ਸੂਚਿਤ ਕੀਤੇ ਜਾਣ ਮਗਰੋਂ ਐਸਐਸਪੀ ਪਟਿਆਲਾ ਡਾਕਟਰ ਨਾਨਕ ਸਿੰਘ ਤੇ ਐਸਪੀਡੀ ਯੋਗੇਸ਼ ਸ਼ਰਮਾ ਵੱਲੋਂ ਮੌਕੇ ਉੱਤੇ ਪਹੁੰਚ ਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ, ਪਰ ਹਾਲੇ ਤੱਕ ਕਿਸੇ ਵੀ ਤਰ੍ਹਾਂ ਦਾ ਕੋਈ ਸੁਰਾਗ ਪੁਲਿਸ ਦੇ ਹੱਥ ਨਹੀਂ ਲੱਗਾ ਇਸ ਘਟਨਾ ਨੂੰ ਲੈ ਕੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ।ਪੁਲਿਸ ਚੌਂਕੀ ਦੇ ਦੌਰੇ ਉਪਰੰਤ ਜਾਣਕਾਰੀ ਦਿੰਦਿਆਂ ਐਸਐਸਪੀ ਪਟਿਆਲਾ ਨਾਨਕ ਸਿੰਘ ਨੇ ਦੱਸਿਆ ਕਿ ਬਾਦਸ਼ਾਹਪੁਰ ਵਿਖੇ ਪੁਲਿਸ ਚੌਂਕੀ ਵਿੱਚ ਬੀਤੀ ਅੱਧੀ ਰਾਤ ਦੇ ਕਰੀਬ ਧਮਾਕਾ ਹੋਣ ਦੀ ਸੂਚਨਾ ਮਿਲੀ ਸੀ, ਜਿਸ ਮਗਰੋਂ ਐਸਪੀਡੀ ਪਟਿਆਲਾ ਯੋਗੇਸ਼ ਸ਼ਰਮਾ ਤੇ ਡੀਐਸਪੀ ਇੰਦਰਪਾਲ ਸਿੰਘ ਚੌਹਾਨ ਨੇ ਮੌਕੇ ਉੱਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਹੁਣ ਉਹ ਖੁਦ ਮਾਮਲੇ ਦੀ ਪੜਤਾਲ ਲਈ ਮੌਕੇ ਉੱਤੇ ਪਹੁੰਚੇ ਹਨ ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਕੀਤੀ ਗਈ ਮੁੱਢਲੀ ਪੜਤਾਲ ਦੌਰਾਨ ਪੁਲਿਸ ਚੌਕੀ ਦੇ ਆਸਪਾਸ ਦੇ ਖੇਤਾਂ ਤੇ ਖਾਲੀ ਪਏ ਪਲਾਟਾਂ ਵਿੱਚ ਬਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ, ਪਰ ਹਾਲੇ ਤੱਕ ਕੋਈ ਵੀ ਸੁਰਾਗ ਪੁਲਿਸ ਦੇ ਹੱਥ ਨਹੀਂ ਲੱਗਾ, ਜਿਸ ਤੋਂ ਇਹ ਸਪਸ਼ਟ ਹੁੰਦਾ ਹੋਵੇ ਕਿ ਇਹ ਪੁਲਿਸ ਚੌਕੀ ਵਿੱਚ ਕੀਤਾ ਗਿਆ ਗ੍ਰਿਨੇਡ ਹਮਲਾ ਹੈ।ਉਨ੍ਹਾਂ ਦੱਸਿਆ ਕਿ ਧਮਾਕੇ ਨਾਲ ਪੁਲਿਸ ਚੌਂਕੀ ਦੇ ਨਾਲ ਲੱਗਦੇ ਕੋਆਪਰੇਟਿਵ ਸੁਸਾਇਟੀ ਦੇ ਦਫਤਰ ਦਾ ਸ਼ੀਸ਼ਾ ਟੁੱਟਿਆ ਹੋਇਆ ਪਾਇਆ ਗਿਆ ਹੈ।ਪੁਲਸ ਚੌਕੀ ਵਿੱਚ ਹੋਏ ਇਸ ਧਮਾਕੇ ਪਿੱਛੇ ਕਿਸੇ ਅੱਤਵਾਦੀ ਹਮਲੇ ਦੀਆਂ ਸੰਭਾਵਨਾਵਾਂ ਨੂੰ ਪੁਲਿਸ ਦੇ ਆਹਲਾ ਅਧਿਕਾਰੀਆਂ ਨੇ ਨਕਾਰਿਆ ਹੈ, ਪਰ ਸੋਸ਼ਲ ਮੀਡੀਆ ਦੇ ਇੱਕ ਹਿੱਸੇ ਵਿੱਚ ਖਾਲਿਸਤਾਨੀ ਦਹਿਸ਼ਤਗਰਦ ਜਥੇਬੰਦੀ ਬੱਬਰ ਖਾਲਸਾ ਵੱਲੋਂ ਹਮਲੇ ਦੀ ਜ਼ਿੰਮੇਵਾਰੀ ਲੈਣ ਨੇ ਕਈ ਤਰ੍ਹਾਂ ਦੇ ਸਵਾਲ ਖੜੇ ਕਰ ਦਿੱਤੇ ਹਨ।

ਇਸ ਦੌਰਾਨ ਐਸਐਸਪੀ ਡਾਕਟਰ ਨਾਨਕ ਸਿੰਘ ਨੇ ਦਾਅਵਾ ਕੀਤਾ ਹੈ ਕਿ ਪੁਲਿਸ ਪੂਰੀ ਬਰੀਕੀ ਨਾਲ ਹਰ ਪਹਿਲੂ ਉੱਤੇ ਜਾਂਚ ਕਰ ਰਹੀ ਹੈ ਅਤੇ ਕਿਸੇ ਵੀ ਤਰ੍ਹਾਂ ਦਾ ਸੁਰਾਗ ਮਿਲਣ ਉੱਤੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਆਂਗਣਵਾੜੀ ਮੁਲਾਜ਼ਮਾਂ ਨੇ ਬਜਟ ਦੀਆਂ ਕਾਪੀਆਂ ਸਾੜੀਆਂ



**ਲੁਧਿਆਣਾ (ਰਾਜ ਸਿੰਗਲਾ)**-ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਵੱਖ-ਵੱਖ ਬਲਾਕਾਂ ਵਿੱਚ ਪੰਜਾਬ ਸਰਕਾਰ ਵੱਲੋਂ ਪੇਸ਼ ਬਜਟ ਦੀਆਂ ਕਾਪੀਆਂ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ।ਇਕੱਠ ਨੂੰ ਸੰਬੋਧਨ ਹੁੰਦੇ ਹੋਏ ਆਗੂ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਆਮ ਆਦਮੀ ਪਾਰਟੀ ਦੇ ਨਾਮ ਨਾਲ ਆਈ ਸੀ, ਪਰ ਪੇਸ਼ ਕੀਤਾ ਗਿਆ ਬਜਟ ਆਮ ਆਦਮੀ ਵਾਲਾ ਨਹੀਂ ਹੈ।ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਕੁਝ ਗਰੰਟੀਆਂ ਕੀਤੀਆਂ ਸਨ। ਜਿਸ ਵਿੱਚ ਆਂਗਣਵਾੜੀ ਵਰਕਰ ਹੈਲਪਰ ਦੇ ਮਾਣ ਭੱਤੇ ਨੂੰ ਦੁਗਣਾ ਕਰਨਾ ਵੀ ਸ਼ਾਮਿਲ ਸੀ। ਪਰ ਵਿਭਾਗੀ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਭਰੇ ਸਦਨ ਵਿੱਚ ਆਂਗਣਵਾੜੀ ਵਰਕਰਾਂ ਦੇ ਕੰਮ ਦੇ ਘੰਟੇ ਘਟਾ ਕੇ ਪੇਸ਼ ਕਰਨੇ ਬਹੁਤ ਹੀ ਨਿੰਦਣਯੋਗ ਗੱਲ ਹੈ।ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸਵੇਰ ਤੋਂ ਲੈ ਕੇ ਸੌਣ ਤੱਕ ਤਰ੍ਹਾਂ ਤਰ੍ਹਾਂ ਦੀਆਂ ਰਿਪੋਰਟਾਂ ਦਿਨ ਭਰ ਮੰਗੀਆਂ ਜਾਂਦੀਆਂ ਹਨ।ਕਦੇ ਸਮਾਜਿਕ ਸੁਰੱਖਿਆ ਨਾਲ ਸੰਬੰਧਿਤ ਕਦੇ ਬਾਲ ਵਿਕਾਸ ਤੇ ਇਸਤਰੀ ਸੁਰੱਖਿਆ ਨਾਲ ਸੰਬੰਧਿਤ ਅਸੀਂ ਮਾਨਯੋਗ ਮੰਤਰੀ ਸਾਹਿਬਾਨ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਅੱਜ ਤੋਂ ਚਾਰ ਘੰਟੇ ਹੀ ਕੰਮ ਕਰਾਂਗੇ ਤੇ ਚਾਰ ਘੰਟੇ ਬਾਅਦ ਵਿਭਾਗ ਦਾ ਕੋਈ ਵੀ ਅਧਿਕਾਰੀ ਰਿਪੋਰਟ ਨਹੀਂ ਮੰਗੇਗਾ, ਕਿਉਂਕਿ ਸਾਨੂੰ ਮਾਣਭੱਤਾ ਚਾਰ ਘੰਟੇ ਦੇ ਕੰਮ ਦਾ ਦਿੱਤਾ ਜਾ ਰਿਹਾ ਹੈ।ਮੰਤਰੀ ਸਾਹਿਬਾਨ ਵੱਲੋਂ ਇੱਕ ਗੱਲ ਨੂੰ ਅੱਖੋਂ ਭਰੋਖੇ ਰੱਖਿਆ ਗਿਆ ਕਿ ਮਾਣਯੋਗ ਸੁਪਰੀਮ ਕੋਰਟ ਜੀ ਵੱਲੋਂ ਆਦੇਸ਼ ਜਾਰੀ ਹੈ ਕਿ ਘੱਟੋ ਘੱਟ ਉਜ਼ਰਤ ਆਂਗਣਵਾੜੀ ਵਰਕਰ-ਹੈਲਪਰ ਨੂੰ ਦਿੱਤੀ ਜਾਵੇ।ਇੱਕ ਪਾਸੇ ਨਾਰੀ ਸਸ਼ਕਤੀਕਰਨ ਦੇ ਗੱਲ ਕੀਤੀ ਜਾਂਦੀ ਹੈ, ਪਰ ਜਿਹੜੀਆਂ ਨਾਰੀਆਂ ਕੁੱਖ ਤੋਂ ਬਾਲ ਸੰਭਾਲਣ ਦੀ, ਸਿਹਤ ਸੰਭਾਲ, ਅਧਿਆਪਕ ਦੀ ਕੋਆਰਡੀਨੇਟਰ ਦੀ ਗ੍ਰਾਮ ਸੇਵਿਕਾ ਦੇ ਰੂਪ ਵਿੱਚ ਮਲਟੀਪਲ ਸੇਵਾਵਾਂ ਨਿਭਾਅ ਰਹੀਆਂ ਹਨ, ਉਨ੍ਹਾਂ ਨਾਰੀਆਂ ਨੂੰ ਅੱਜ ਵੀ ਮਾਣਭੱਤੇ ਤੇ ਕੰਮ ਕਰਨਾ ਪੈ ਰਿਹਾ ਹੈ।24 ਘੰਟੇ ਡਿਊਟੀ ਵਿੱਚ ਹਾਜ਼ਰ ਰਹਿਣ ਵਾਲਿਆਂ ਨੂੰ ਚਾਰ ਘੰਟੇ ਕਹਿ ਕੇ ਉਨ੍ਹਾਂ ਦੇ ਕੰਮ ਨੂੰ ਛੋਟਾ ਅੰਕਣਾ ਵਿਭਾਗੀ ਮੰਤਰੀ ਨੂੰ ਸ਼ੋਭਾ ਨਹੀਂ ਦਿੰਦਾ।ਇਸ ਨੂੰ ਲੈ ਕੇ ਆਂਗਣਵਾੜੀ ਵਰਕਰ ਹੈਲਪਰ ਵਿੱਚ ਤਿੱਖਾ ਰੋਸ ਹੈ ਤੇ ਇਸ ਰੋਸ ਦਾ ਪ੍ਰਗਟਾਵਾ ਬਜਟ ਦੀਆਂ ਕਾਪੀਆਂ ਸਾੜ ਕੇ ਕੀਤਾ ਗਿਆ।

## ਪੁਲਸ ਮੁਲਾਜ਼ਮਾਂ ਲਈ ਮੌਰਨਿੰਗ ਵਾਕ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹੇ ਦੇ ਪੁਲਸ ਮੁਲਾਜ਼ਮਾਂ ਨੂੰ ਤੰਦਰੁਸਤੀ ਤੇ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨ ਲਈ ਡਾ. ਅਖਿਲ ਚੌਧਰੀ, ਆਈ.ਪੀ.ਐਸ., ਐਸ.ਐਸ.ਪੀ ਵੱਲੋਂ ਪ੍ਰੋਗਰਾਮ ਤਹਿਤ ਇੱਕ ਵਿਸ਼ੇਸ਼ ਮੋਰਨਿੰਗ ਵਾਕ ਦਾ ਆਯੋਜਨ ਕੀਤਾ ਗਿਆ।ਇਹ ਮੌਰਨਿੰਗ ਵਾਕ ਸਵੇਰੇ 6 ਵਜੇ ਬਠਿੰਡਾ ਰੋਡ ਨੇੜੇ ਥਾਂਦੇਵਾਲਾ ਰੋਡ ਤੋਂ ਸ਼ੁਰੂ ਹੋਈ ਤੇ ਪਿੰਡ ਥਾਂਦੇਵਾਲਾ ਰਾਹੀਂ 8 ਕਿਲੋਮੀਟਰ ਦਾ ਰੂਟ ਤੈਅ ਕਰਕੇ ਬਠਿੰਡਾ ਰੋਡ 'ਤੇ ਸਮਾਪਤ ਹੋਈ।ਇਸ ਮੁਹਿੰਮ ਵਿੱਚ ਸ੍ਰੀ ਕਵਲਪ੍ਰੀਤ ਸਿੰਘ ਚਾਹਲ (ਐਸ.ਪੀ.ਐਚ.), ਸੁਖਜੀਤ ਸਿੰਘ (ਡੀ.ਐਸ.ਪੀ.), ਅਮਨਦੀਪ ਸਿੰਘ (ਡੀ.ਐਸ.ਪੀ.), ਰਮਨਪ੍ਰੀਤ ਸਿੰਘ ਗਿੱਲ (ਡੀ.ਐਸ.ਪੀ. ਡੀ.) ਤੇ ਐਸ.ਐਚ.ਓ. ਤੋਂ ਇਲਾਵਾ ਜ਼ਿਲ੍ਹੇ ਦੇ ਲਗਭਗ 150 ਪੁਲਿਸ ਮੁਲਾਜ਼ਮ ਹਾਜ਼ਰ ਰਹੇ।ਪੁਲਸ ਮੁਲਾਜ਼ਮਾਂ ਲਈ ਸਿਹਤਮੰਦ ਰਹਿਣਾ ਬਹੁਤ ਜ਼ਰੂਰੀ ਹੈ, ਕਿਉਂਕਿ ਸਿਹਤ ਉਨ੍ਹਾਂ ਦੀ ਡਿਊਟੀ ਦੇ ਪ੍ਰਦਰਸ਼ਨ 'ਤੇ ਸਿੱਧਾ ਪ੍ਰਭਾਵ ਪਾਉਂਦੀ ਹੈ। ਤੰਦਰੁਸਤੀ ਨਾਲ ਸਰੀਰਕ ਤਾਕਤ ਤੇ ਮਾਨਸਿਕ ਸੁਖਆਤ ਮਿਲਦੀ ਹੈ। ਰੋਜ਼ਾਨਾ ਕਸਰਤ ਤੇ ਸਿਹਤਮੰਦ ਆਹਾਰ ਸਾਡੇ ਕੰਮ ਲਈ ਜ਼ਰੂਰੀ ਊਰਜਾ ਦਿੰਦੇ ਹਨ।

## ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾਈ ਪ੍ਰਤੀਨਿਧ ਕੌਂਸਲ ਦਾ ਜਥੇਬੰਦਕ ਅਜਲਾਸ 8 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਅਧਿਆਪਕ, ਵਿਦਿਆਰਥੀ ਹੱਕਾਂ ਤੇ ਜਨਤਕ ਸਿੱਖਿਆ ਨੂੰ ਬਚਾਉਣ ਲਈ ਹਮੇਸ਼ਾ ਸੰਘਰਸ਼ ਦੇ ਮੈਦਾਨ 'ਚ ਰਹਿਣ ਵਾਲੀ ਜੁਝਾਰੂ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਪ੍ਰਤੀਨਿਧ ਕੌਂਸਲ ਦਾ ਜਥੇਬੰਦਕ ਇਜਲਾਸ 8 ਅਪ੍ਰੈਲ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਸਿੰਘ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਅੱਜ ਅਧਿਆਪਕ ਵਰਗ ਜਿੱਥੇ ਲੋਕ ਵਿਰੋਧੀ ਆਰਥਿਕ ਨੀਤੀਆਂ ਦੀ ਭਾਰੀ ਮਾਰ ਝੱਲ ਰਿਹਾ ਹੈ, ਉੱਥੇ ਕੇਂਦਰ ਤੇ ਪੰਜਾਬ ਦੀ ਸਰਕਾਰ ਵਿਸ਼ਵੀਕਰਨ-ਨਿਜੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੀ ਲੀਹ 'ਤੇ ਚੱਲਦਿਆਂ ਜਨ ਵਿਰੋਧੀ ਮਾਰੂ ਸਿੱਖਿਆ ਨੀਤੀ 2020 ਨੂੰ ਧੜੱਲੇ ਨਾਲ ਲਾਗੂ ਕਰਕੇ ਸਿੱਖਿਆ ਦਾ ਕੇਂਦਰੀਕਰਨ, ਭਗਵਾਕਰਨ ਕਰਨ ਦੇ ਨਾਲ-ਨਾਲ ਇਸ ਨੂੰ ਨਿੱਜੀ ਹੱਥਾਂ ਵਿੱਚ ਸੌਂਪ ਕੇ ਜਨਤਕ ਸਿੱਖਿਆ ਦਾ ਭੋਗ ਪਾਉਣ ਲਈ ਪੱਬਾਂ ਭਾਰ ਹੈ।ਆਗੂਆਂ ਨੇ ਕਿਹਾ ਕਿ ਸਿੱਖਿਆ ਨੂੰ ਮੌਜੂਦਾ ਚੁਣੌਤੀਆਂ ਦੇ ਸਨਮੁੱਖ ਇਸ ਸੂਬਾ ਇਜਲਾਸ ਵਿੱਚ ਸਿੱਖਿਆ ਵਿਰੋਧੀ ਨੀਤੀਆਂ 'ਤੇ ਵਿਚਾਰ ਚਰਚਾ, ਇਨ੍ਹਾਂ ਨੂੰ ਮੋੜਾ ਦੇਣ ਲਈ ਇੱਕ ਵੱਡੀ ਲੋਕ ਲਹਿਰ ਦੀ ਉਸਾਰੀ ਹਿਤ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਬਾਰੇ ਯੋਜਨਾਬੰਦੀ ਕੀਤੀ ਜਾਵੇਗੀ।ਕੁੱਝ ਸੰਵਿਧਾਨਕ ਸੋਧਾਂ ਕਰਨ ਦੇ ਨਾਲ ਨਾਲ ਸਰਕਾਰੀ ਤੌਰ 'ਤੇ ਸੇਵਾਮੁਕਤ ਹੋਏ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਥਾਂ ਨਵੇਂ ਸੂਬਾ ਜਨਰਲ ਸਕੱਤਰ ਦੀ ਚੋਣ ਵੀ ਕੀਤੀ ਜਾਵੇਗੀ।

## 20 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 20 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਪਿੰਡ ਮੱਧਰੇ ਪਾਸ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਬੂਟਾ ਸਿੰਘ ਉਰਫ ਬੂਟੀ ਪੁੱਤਰ ਸਦੀਕ ਵਾਸੀ ਪਿੰਡ ਪੁਰਾਣਾ ਬਾਰੇ ਕੇ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੋ ਹੁਣ ਵੀ ਨਜਾਇਜ਼ ਸ਼ਰਾਬ ਵੇਚ ਰਿਹਾ ਹੈ। ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ।

ਪੁਲਸ ਪਾਰਟੀ ਵੱਲੋਂ ਉਕਤ ਦੱਸੀ ਗਈ ਜਗ੍ਹਾ 'ਤੇ ਛਾਪੇਮਾਰੀ ਕੀਤੀ ਤਾਂ ਉਕਤ ਮੁਲਜ਼ਮ ਨੂੰ 20 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਰੱਖੜਾ ਦੀ ਅਗਵਾਈ 'ਚ ਸਮਾਣਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਦਾ ਆਗਾਜ਼



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਅਕਾਲ ਤਖਤ ਸਾਹਿਬ ਵੱਲੋਂ ਪੰਥ ਦੀ ਚੜ੍ਹਦੀਕਲਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਚੂੰਧਾ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਬੀਬੀ ਸਤਵੰਤ ਕੌਰ ਦੀ ਮੌਜੂਦਗੀ ਵਿੱਚ ਸਮਾਣਾ ਦੇ ਸਮਰਾਟ ਪੈਲੇਸ ਵਿਖੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਲਈ ਇੱਕ ਵਿਸ਼ਾਲ ਇਕੱਠ ਹੋਇਆ, ਜੋ ਕਿ ਇੱਕ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਗਿਆ।

ਇਸ ਰੈਲੀ ਵਿੱਚ ਸਾਬਕਾ ਮੰਤਰੀ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਸਤਿੰਦਰਪਾਲ ਟੌਹੜਾ, ਹਰਿੰਦਰ ਸਿੰਘ ਟੌਹੜਾ, ਤੇਜਿੰਦਰ ਪਾਲ ਸੰਧੂ, ਸਤਵੀਰ ਖੱਟੜਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਅਕਾਲੀ ਆਗੂਆਂ ਤੇ ਵਰਕਰਾਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ। ਇਸ ਮੌਕੇ ਚੰਦੂਮਾਜਰਾ ਤੇ ਸ੍ਰ. ਰੱਖੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਕਾਲ ਤਖਤ ਦੇ ਆਦੇਸ਼ਾਂ ਅਨੁਸਾਰ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਇਸ ਭਰਤੀ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਦੂਸਰੇ ਸਾਥੀਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਜਿਸ ਨੇ ਵੀ ਅਕਾਲ ਤਖਤ ਨਾਲ ਟੱਕਰ ਲਾਈ ਹੈ, ਉਸ ਦਾ ਵਜੂਦ ਖਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲ ਤਖਤ ਸਾਹਿਬ ਦਾ ਹੁਕਮ ਮੰਨਣ ਦੀ ਬਜਾਏ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ 'ਤੇ ਤੁਲੇ ਹੋਏ ਹਨ। ਸੁਖਬੀਰ ਬਾਦਲ ਐਂਡ ਕੰਪਨੀ ਨੂੰ ਅਕਾਲ ਤਖਤ ਸਾਹਿਬ ਨਾਲ ਟੱਕਰ ਲੈ ਕੇ ਸਰੀਕ ਨਹੀਂ ਬਣਨਾ ਚਾਹੀਦਾ ਸਗੋਂ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਦਾ ਸਹਿਯੋਗ ਕਰਨ, ਜਦਕਿ ਅਸੀਂ ਵੀ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਭਰਤੀ ਕਮੇਟੀ ਰਾਹੀਂ ਭਰਤੀ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਕਾਲ ਤਖਤ ਤੇ ਪੰਥ ਦੇ ਆਦੇਸ਼ਾਂ ਅਨੁਸਾਰ ਚੱਲਣ ਵਾਲੇ ਹਨ, ਜਿਸ ਦੀ ਗਵਾਹੀ ਇਹ ਵਿਸ਼ਾਲ ਇਕੱਠ ਭਰ ਰਿਹੈ। ਇਸ ਮੌਕੇ ਪ੍ਰੋ. ਚੰਦੂਮਾਜਰਾ, ਰਣਧੀਰ ਰੱਖੜਾ, ਜਰਨੈਲ ਸਿੰਘ ਕਰਤਾਰਪੁਰ, ਰਾਣਾ ਸੇਖੋਂ ਸਾਬਕਾ ਕੌਂਸਲਰ, ਸਾਬਕਾ ਪ੍ਰਧਾਨ ਕਪੂਰ ਚੰਦ ਬਾਂਸਲ, ਅਸ਼ੋਕ ਮੋਦਗਿੱਲ, ਇੰਦਰਜੀਤ ਰੱਖੜਾ, ਗੋਸ਼ਾ ਢੀਂਡਸਾ ਸਰਪੰਚ, ਸੁਦਰਸ਼ਨ ਮਿੱਤਲ, ਹਰਿੰਦਰ ਸਿੰਘ ਕੁਲਬੁਰਛਾਂ, ਬੀਬੀ ਰਾਜ ਕੌਰ, ਅੰਮ੍ਰਿਤਪਾਲ ਸਿੰਘ ਪਾਲੀ ਚੌਹਠ, ਗੁਰਜਿੰਦਰ ਸਿੰਘ ਗੱਜੂਮਾਜਰਾ, ਕੁਲਵੀਰ ਸਿੰਘ ਬੰਟੀ ਤੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

## ਪੁਰਾਣੇ ਸਾਥੀਆਂ ਨੇ ਇਕੱਠੇ ਹੋ ਯਾਦਾਂ ਦੀ ਸਾਂਝ ਪਾਈ



**ਸੰਗਰੂਰ (ਪ੍ਰਵੀਨ ਸਿੰਘ)**-ਕਿਸੇ ਸਮੇਂ ਇਕੱਠੇ ਪੜ੍ਹੇ ਸਾਥੀਆਂ ਨੂੰ ਕਾਫ਼ੀ ਲੰਮੇਂ ਸਮੇਂ ਬਾਅਦ ਇੱਕ ਦੂਜੇ ਨਾਲ ਮਿਲਣ ਦਾ ਮੌਕਾ ਮਿਲਿਆ ਤੇ ਇਹ ਸਭ ਹਰਮਿੰਦਰ ਸਿੰਘ ਮੰਗਵਾਲ ਅਤੇ ਸੁਰਿੰਦਰਪਾਲ ਉੱਪਲੀ ਦੇ ਯਤਨਾਂ ਸਦਕਾ ਹੋਇਆ। ਸੰਨ 1979-82 ਦੌਰਾਨ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਹਰਮਿੰਦਰ ਸਿੰਘ ਤੇ ਸੁਰਿੰਦਰਪਾਲ ਦੀ ਅਗਵਾਈ ਹੇਠ ਸ਼ਹਿਰ ਦੇ ਚਾਵਲਾ ਰੈਸਟੋਰੈਂਟ ਵਿਖੇ ਇੱਕ ਦੋਸਤ ਮਿਲਣੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਉਸ ਸਮੇਂ ਜੇ.ਬੀ.ਟੀ. ਬੈਚ ਨੂੰ ਪੜ੍ਹਾਉਂਦੇ ਅਧਿਆਪਕ ਦਿਆਲ ਸਿੰਘ ਮੰਡੇਰ ਤੇ ਅਮਰਜੀਤ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਹਰਮਿੰਦਰ ਮੰਗਵਾਲ ਤੇ ਸੁਰਿੰਦਰਪਾਲ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਿੱਥੇ ਇੰਨੇ ਸਮੇਂ ਬਾਅਦ ਪੁਰਾਣੇ ਮਿੱਤਰਾਂ ਨੂੰ ਮਿਲ ਕੇ ਚੰਗਾ ਲੱਗਦਾ ਹੈ, ਉੱਥੇ ਹੀ ਉਸ ਸਮੇਂ ਦੀਆਂ ਯਾਦਾਂ ਵੀ ਤਾਜ਼ਾ ਹੁੰਦੀਆਂ ਹਨ। ਉਨ੍ਹਾਂ ਤਰਕਸ਼ੀਲਤਾ ਸਬੰਧੀ ਕਿਹਾ ਕਿ ਅੰਧਵਿਸ਼ਵਾਸਾਂ, ਵਹਿਮਾਂ, ਭਰਮਾਂ ਤੇ ਰੂੜੀਵਾਦੀ ਵਿਚਾਰਾਂ ਤੋਂ ਮੁਕਤ ਹੋਣ ਲਈ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ। ਇਸ ਮੌਕੇ ਬੋਲਦਿਆਂ ਸਰਬਜੀਤ ਸਿੰਘ, ਲਾਭ ਸਿੰਘ, ਸਾਧ ਰਾਮ, ਬੰਤਾ ਸਿੰਘ, ਮੱਘਰ ਸਿੰਘ, ਸੁਖਮਿੰਦਰ ਸਿੰਘ, ਹਰਦਿੱਤ ਸਿੰਘ ਤੇ ਦਿਆਲ ਸਿੰਘ ਨੇ ਕਿਹਾ ਕਿ ਸਾਨੂੰ ਸਭ ਨੂੰ ਆਪਣੀ ਸਿਹਤ ਦੇ ਮੱਦੇਨਜ਼ਰ ਚੰਗਾ ਖਾਣ ਦੇ ਨਾਲ ਨਾਲ ਸੈਰ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਇਸ ਸਮੇਂ ਵਾਤਾਵਰਨ 'ਚ ਆ ਰਹੇ ਨਿਘਾਰ ਸਬੰਧੀ ਵੀ ਆਪਣੇ ਵਿਚਾਰ ਰੱਖੇ ਤੇ ਹੁਣ ਗਰਮੀ ਦੇ ਮੌਸਮ 'ਚ ਵੱਧ ਤੋਂ ਵੱਧ ਦਰੱਖਤ ਲਾਉਣ ਲਈ ਵੀ ਕਿਹਾ। ਅੰਤ ਹਰਮਿੰਦਰ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਜਲਦੀ ਹੀ ਅਜਿਹੀ ਅਗਲੇਰੀ ਮੀਟਿੰਗ ਸਬੰਧੀ ਚਰਚਾ ਕੀਤੀ। ਸਮੁੱਚੇ ਤੌਰ 'ਤੇ ਇਹ ਮਿਲਣੀ ਯਾਦਗਾਰੀ ਹੋ ਨਿਬੜੀ।

## ਐੱਨ.ਜੀ.ਓਜ਼ ਨੂੰ 80 ਲੱਖ ਰੁਪਏ ਦੀ ਗਰਾਂਟ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਹੁਨਰਮੰਦ ਅਤੇ ਆਤਮਨਿਰਭਰ ਬਣਾਉਣ ਦੇ ਉਦੇਸ਼ ਨਾਲ ਐਨ.ਜੀ.ਓਜ਼ (ਗੈਰ-ਸਰਕਾਰੀ ਸੰਸਥਾਵਾਂ) ਨੂੰ 80 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਹੈ। ਇਹ ਜਾਣਕਾਰੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੀਆਂ ਐਨ.ਜੀ.ਓਜ਼ ਰਾਹੀਂ ਨੌਜਵਾਨਾਂ ਅਤੇ ਮਹਿਲਾਵਾਂ ਨੂੰ ਕਟਿੰਗ-ਟੇਲਰਿੰਗ, ਫੈਸ਼ਨ ਡਿਜ਼ਾਇਨਿੰਗ, ਕੰਪਿਊਟਰ, ਟੈਲੀ ਟ੍ਰੇਨਿੰਗ ਅਤੇ ਬਿਊਟੀ ਥੈਰੇਪਿਸਟ ਟ੍ਰੇਨਿੰਗ ਵਰਗੇ ਕੋਰਸਾਂ ਰਾਹੀਂ ਸਵੈ-ਰੋਜ਼ਗਾਰ ਯੋਗ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।ਕੈਬਨਿਟ ਮੰਤਰੀ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀਆਂ 4 ਗੈਰ ਸਰਕਾਰੀ ਸੰਸਥਾਵਾਂ ਨੂੰ ਕਟਿੰਗ ਐਂਡ ਟੇਲਰਿੰਗ, ਫੈਸ਼ਨ ਡਿਜ਼ਾਇਨਿੰਗ ਅਤੇ ਕੰਪਿਊਟਰ ਟ੍ਰੇਨਿੰਗ ਪ੍ਰਾਜੈਕਟਾਂ ਲਈ 40 ਲੱਖ ਰੁਪਏ ਜਾਰੀ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਸੰਗਰੂਰ ਜ਼ਿਲ੍ਹੇ ਦੀ ਇੱਕ ਸੰਸਥਾ ਨੂੰ ਕਟਿੰਗ ਐਂਡ ਟੇਲਰਿੰਗ ਕੋਰਸ ਲਈ 10 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਬਠਿੰਡਾ ਜ਼ਿਲ੍ਹੇ ਦੀਆਂ 3 ਗੈਰ ਸਰਕਾਰੀ ਸੰਸਥਾਵਾਂ ਨੂੰ ਇਨ੍ਹਾਂ ਕੋਰਸਾਂ ਲਈ 30 ਲੱਖ ਰੁਪਏ ਜਾਰੀ ਕੀਤੇ ਗਏ ਹਨ, ਤਾਂ ਜੋ ਇਨ੍ਹਾਂ ਜ਼ਿਲ੍ਹਿਆਂ ਦੇ ਨੌਜਵਾਨ ਆਪਣੀ ਆਜੀਵਿਕਾ ਕਮਾਉਣ ਲਈ ਸਮੱਰਥ ਬਣ ਸਕਣ।

## 10 ਦੀ ਜਲੰਧਰ ਰੈਲੀ ਦੀ ਤਿਆਰੀ ਸੰਬੰਧੀ ਪ ਸ ਸ ਫ ਦੀ ਮੀਟਿੰਗ



**ਜਲੰਧਰ (ਇੰਦਰਜੀਤ ਵਿਰਦੀ, ਰਾਜੇਸ਼ ਥਾਪਾ)** ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੀ ਇੱਕ ਬਹੁਤ ਹੀ ਅਹਿਮ ਵਰਚੁਅਲ ਮੀਟਿੰਗ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਪ੍ਰਧਾਨਗੀ ਹੇਠ ਹੋਈ। ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਮੀਟਿੰਗ ਦੇ ਆਰੰਭ ਵਿੱਚ ਜੱਥੇਬੰਦੀ ਵਲੋਂ ਪਿਛਲੇ ਕੀਤੇ ਐਕਸ਼ਨਾਂ ਦਾ ਰੀਵਿਊ ਕੀਤਾ ਗਿਆ। ਇਸ ਉਪਰੰਤ ਪ.ਸ.ਸ.ਫ. ਵਲੋਂ ਮਿਤੀ 10 ਅਪ੍ਰੈਲ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਸੂਬਾ ਪੱਧਰੀ ਰੈਲੀ ਦੀ ਤਿਆਰੀ ਸਬੰਧੀ ਵਿਚਾਰ-ਚਰਚਾ ਕੀਤੀ ਗਈ। ਵੱਖ-ਵੱਖ ਜੱਥੇਬੰਦੀਆਂ ਦੇ ਸੂਬਾ ਪ੍ਰਧਾਨ/ ਸਕੱਤਰਾਂ ਵਲੋਂ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਦੀ ਸ਼ਮੂਲੀਅਤ ਦਾ ਯਕੀਨ ਦਿਵਾਇਆ। ਵੱਖ-ਵੱਖ ਜ਼ਿਲ੍ਹਿਆਂ ਦੇ ਆਗੂਆਂ ਵਲੋਂ ਵੀ ਜ਼ਿਲ੍ਹਾ ਅਤੇ ਬਲਾਕ ਮੀਟਿੰਗਾਂ ਕਰਕੇ ਇਸ ਰੈਲੀ ਦੀ ਤਿਆਰੀ ਸਬੰਧੀ ਕੋਈ ਕਸਰ ਬਾਕੀ ਨਾ ਛੱਡਣ ਦਾ ਵਾਅਦਾ ਕੀਤਾ। ਮੀਟਿੰਗ ਦੇ ਅੰਤ ਵਿੱਚ ਸੂਬਾ ਪ੍ਰਧਾਨ ਵਲੋਂ ਸਮੂਹ ਆਗੂਆਂ ਦਾ ਧੰਨਵਾਦ ਕਰਦਿਆਂ 10 ਅਪ੍ਰੈਲ ਦੀ ਰੈਲੀ ਨੂੰ ਸਫਲ ਕਰਨ ਅਤੇ ਹਰ ਮੁਲਾਜ਼ਮ ਤੱਕ ਪਹੁੰਚ ਕਰਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਮੱਖਣ ਸਿੰਘ ਵਾਹਿਦਪੁਰੀ, ਸੁਖਵਿੰਦਰ ਚਾਹਲ, ਅਨਿਲ ਕੁਮਾਰ, ਗੁਰਪ੍ਰੀਤ ਸਿੰਘ ਹੀਰ, ਗੁਰਦੇਵ ਸਿੰਘ ਸਿੱਧੂ, ਬੀਰਇੰਦਰਜੀਤ ਪੁਰੀ, ਕਿਸ਼ੋਰ ਚੰਦ ਗਾਜ,ਸੁਭਾਸ਼ ਚੰਦਰ, ਬੋਬਿੰਦਰ ਸਿੰਘ, ਨਿਰਮੋਲਕ ਸਿੰਘ ਹੀਰਾ, ਮਨੋਹਰ ਲਾਲ ਸ਼ਰਮਾ, ਪੁਸ਼ਪਿੰਦਰ ਪਿੰਕੀ, ਮਾਲਵਿੰਦਰ ਸਿੰਘ, ਰਜਿੰਦਰ ਰਿਆੜ, ਬਲਜਿੰਦਰ ਸਿੰਘ, ਪ੍ਰੇਮ ਸਿੰਘ, ਸਰਬਜੀਤ ਪੱਟੀ, ਗੁਰਬਿੰਦਰ ਸਿੰਘ, ਸਤਨਾਮ ਸਿੰਘ, ਜਤਿੰਦਰ ਕੁਮਾਰ, ਕੁਲਦੀਪ ਕੌੜਾ, ਅਮਰੀਕ ਸਿੰਘ, ਕੁਲਦੀਪ ਪੁਰੋਵਾਲ, ਰਾਣੋ ਖੇੜੀ ਗਿੱਲਾਂ, ਕਮਲਜੀਤ ਕੌਰ, ਬਿਮਲਾ ਰਾਣੀ ਆਦਿ ਆਗੂ ਵੀ ਹਾਜਰ ਸਨ।

## ਲਾਈਫ ਸਾਇੰਸਜ਼ ਵਿਭਾਗ ਵੱਲੋਂ ਸਵਾਲ ਜਵਾਬ ਪ੍ਰਤੀਯੋਗਤਾ



**ਮਾਹਿਲਪੁਰ (ਸ਼ਫ਼ਰੀ)** ਇਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿੱਚ ਚਲਦੇ ਲਾਈਫ ਸਾਇੰਸਜ਼ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਬੌਧਿਕ ਪਰਖ ਲਈ ਇੱਕ ਸਵਾਲ ਜਵਾਬ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਇਸ ਪ੍ਰਤੀਯੋਗਤਾ ਮੌਕੇ ਹਾਜ਼ਰ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੀ ਵਿਸ਼ੇ ਅਤੇ ਸਿਲੇਬਸ ਦੇ ਨਾਲ ਨਾਲ ਦੂਜੇ ਵਿਸ਼ਿਆਂ ਪ੍ਰਤੀ ਵੀ ਵੱਧ ਤੋਂ ਵੱਧ ਜਾਨਣ ਦੀ ਪ੍ਰੇਰਨਾ ਦਿੱਤੀ। ਲਾਈਫ ਸਾਇੰਸਜ਼ ਵਿਭਾਗ ਦੇ ਮੁਖੀ ਪ੍ਰੋਫੈਸਰ ਨਵਦੀਪ ਕੌਰ ਨੇ ਵਿਭਾਗ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਬੀਐਸਸੀ ਮੈਡੀਕਲ ਕੋਰਸ ਦੀਆਂ ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਇਸ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ ।ਪ੍ਰੋਫੈਸਰ ਅੰਮ੍ਰਿਤਾ ਵੱਲੋਂ ਪ੍ਰਤੀਯੋਗਤਾ ਦਾ ਸੰਚਾਲਨ ਕੀਤਾ ਗਿਆ ਅਤੇ ਵਿਦਿਆਰਥੀਆਂ ਦੀ ਬੌਧਿਕ ਪਰਖ ਵਿੱਚ ਉਨ੍ਹਾਂ ਦੀ ਸੋਚਣ ਸਮਰੱਥਾ, ਤੁਰੰਤ ਜਵਾਬ ਦੇਣ ਅਤੇ ਸਮੂਹਿਕ ਕਾਰਜ ਵਿੱਚ ਮਿਲਵਰਤਨ ਨਾਲ ਕੰਮ ਕਰਨ ਦੀ ਯੋਗਤਾ ਸਬੰਧੀ ਸਵਾਲ ਜਵਾਬ ਕੀਤੇ ਗਏ। ਪ੍ਰਤੀਯੋਗਤਾ ਮੌਕੇ ਜੇਤੂ ਰਹੇ ਬੀਐਸਸੀ ਮੈਡੀਕਲ ਪਹਿਲਾ ਅਤੇ ਦੂਜਾ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਮੌਕੇ ਹਾਜ਼ਰ ਅਧਿਆਪਕਾਂ ਵਿੱਚ ਡਾ ਰਾਕੇਸ਼ ਕੁਮਾਰ, ਪ੍ਰੋ ਅਪੂਰਵਾ, ਪ੍ਰੋ ਬਬੀਤਾ, ਪ੍ਰੋ ਵੀਨਾ,ਪ੍ਰੋ ਨੰਦਿਕਾ, ਪ੍ਰੋ ਅਕਾਸ਼ਦੀਪ ਕੌਰ, ,ਪ੍ਰੋ ਹਰਮਿੰਦਰ ਕੌਰ ਅਤੇ ਪ੍ਰਯੋਗਸ਼ਾਲਾ ਸਹਾਇਕ ਪਰਮਜੀਤ ਸਿੰਘ ਮਾਨ ਸਮੇਤ ਵਿਦਿਆਰਥੀ ਹਾਜ਼ਰ ਸਨ।

## ਐੱਸ ਐੱਚ ਓ ਥਾਣਾ ਸਿਟੀ ਨੂੰ ਕੀਤਾ ਸਨਮਾਨਤ

**ਬਲਾਚੌਰ (ਜਸਵਿੰਦਰ ਬੈਂਸ)** - ਨੂਰੀ ਜਾਮਾ ਮਸਜਿਦ ਸਿਆਨਾ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਈਦ ਉਲ ਫਿਤਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਮੌਲਵੀ ਮੁਹੰਮਦ ਇਮਰਾਨ ਨੇ ਨਮਾਜ਼ ਅਦਾ ਕਰਵਾਈ ਅਤੇ ਸਮਾਜ ਸੇਵੀ ਸ਼ਖਸੀਅਤ ਜਨਾਬ ਮੁਹੰਮਦ ਬੂਟਾ ਪ੍ਰਧਾਨ ਨੇ ਈਦ ਉਲ ਫਿਤਰ ਦੀ ਸਾਰੇ ਵਰਗਾਂ ਨੂੰ ਵਧਾਈ ਦਿੱਤੀ। ਉਨ੍ਹਾਂ ਮੁਸਲਿਮ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇਣ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਸਤਨਾਮ ਸਿੰਘ ਐਸ ਐਚ ਓ ਥਾਣਾ ਸਿਟੀ ਬਲਾਚੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਤਨਾਮ ਸਿੰਘ ਨੇ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਈਦ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਹੋਇਆਂ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਕਿਹਾ। ਇਸ ਮੌਕੇ ਸ਼ਾਮਾ ਗੁੱਜਰ, ਸੁਲੇਮਾਨ, ਇਮਰਾਨ, ਨੰਨੇ ਖਾਨ, ਅਨਵਰ, ਗਾਬੂ ਸ਼ੇਖ, ਬਸ਼ੀਰ, ਮੁੰਨੂ ਗੁੱਜਰ, ਆਹਿਲ, ਮੁਹੰਮਦ ਇਕਬਾਲ ਤੋਂ ਇਲਾਵਾ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ ਬਹੁ ਗਿਣਤੀ ਸ਼ਖਸੀਅਤਾਂ ਹਾਜ਼ਰ ਸਨ।



## ਬਲਬੀਰ ਸਿੰਘ ਸਿੱਧੂ ਨੇ ਈਦ ਦੀਆਂ ਦਿੱਤੀਆਂ ਮੁਬਾਰਕਾਂ

**ਮੋਹਾਲੀ (ਗੁਰਜੀਤ ਬਿੱਲਾ)** ਸਾਬਕਾ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਦੇ ਪਿੰਡਾਂ ਮਟੌਰ, ਬਲੌਂਗੀ, ਕੁੰਭੜਾ ਅਤੇ ਨਡਿਆਲੀ ਵਿੱਚ ਆਯੋਜਿਤ ਵੱਖ-ਵੱਖ ਈਦ ਦੇ ਜਸ਼ਨਾਂ ਵਿੱਚ ਹਿੱਸਾ ਲਿਆ।ਇਸ ਖੁਸ਼ੀ ਦੇ ਮੌਕੇ 'ਤੇ, ਸਿੱਧੂ ਨੇ ਮੁਸਲਿਮ ਭਾਈਚਾਰੇ ਨੂੰ ਆਪਣੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਈਦ ਮਨਾਉਣ ਲਈ ਉਨ੍ਹਾਂ ਨਾਲ ਸ਼ਾਮਲ ਹੋਏ।ਉਨ੍ਹਾਂ ਨੇ ਤਿਉਹਾਰ ਦੇ ਏਕਤਾ, ਸਦਭਾਵਨਾ ਅਤੇ ਭਾਈਚਾਰੇ ਦੇ ਸੰਦੇਸ਼ 'ਤੇ ਜ਼ੋਰ ਦਿੱਤਾ, ਮੋਹਾਲੀ ਅਤੇ ਪੰਜਾਬ ਵਿੱਚ ਫਿਰਕੂ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਵੀ ਕੀਤੀ।ਸਿੱਧੂ ਨੇ ਸਾਰਿਆਂ ਲਈ ਸ਼ਾਂਤੀ ਅਤੇ ਖੁਸ਼ਹਾਲੀ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਖੇਤਰ ਦੇ ਸਮਾਜਿਕ ਅਤੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਮੁਸਲਿਮ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ।



## ਸ੍ਰੀ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਦੀ ਅਹਿਮ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਸ੍ਰੀ ਵਿਸ਼ਵਕਰਮਾ ਵੈਲਫੇਅਰ ਸੋਸਾਇਟੀ ਰਜਿ. ਦੀ ਅਹਿਮ ਮੀਟਿੰਗ ਮਹਿੰਦਰਪਾਲ ਧੀਮਾਨ ਚੇਅਰਮੈਨ ਦੇ ਦਫਤਰ ਵਿੱਚ ਹੋਈ, ਜਿਸ ਵਿੱਚ ਸੁਸਾਇਟੀ ਦੇ ਸਾਰੇ ਮੈਂਬਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਸ੍ਰੀ ਵਿਸ਼ਵਕਰਮਾ ਵੈਲਫੇਅਰ ਸੋਸਾਇਟੀ ਰਜਿਸਟਰਡ ਕਰਵਾਉਣ ਤੇ ਪ੍ਰਧਾਨ ਸੁਖਵਿੰਦਰ ਸਿੰਘ ਕਲਸੀ ਅਤੇ ਉਹਨਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਕਲਸੀ ਨੇ ਸਾਰਿਆਂ ਦੀ ਸਹਿਮਤੀ ਦੇ ਨਾਲ ਸਾਲ ਵਿੱਚ ਦੋ ਪ੍ਰੋਗਰਾਮ ਜਿਸ ਵਿੱਚ ਭਗਵਾਨ ਵਿਸ਼ਵਕਰਮਾ ਜੀ ਦਾ ਪ੍ਰਕਾਸ਼ ਪੁਰਬ ਅਤੇ ਦਸੰਬਰ ਮਹੀਨੇ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਦੁੱਧ ਦਾ ਲੰਗਰ ਲਗਵਾਉਣ ਦਾ ਮਤਾ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਸਮੇਂ ਸਮੇਂ ਤੇ ਗਰੀਬ ਬੱਚਿਆਂ ਦੀ ਪੜ੍ਹਾਈ ਕਿਤਾਬਾਂ ਅਤੇ ਕਾਪੀਆਂ ਵੰਡਣ ਸਬੰਧੀ ਛੋਟੇ ਬੱਚੇ ਅਤੇ ਨੌਜਵਾਨਾਂ ਦੇ ਕੈਂਪ ਲਗਾ ਕੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਅਤੇ ਨਸ਼ਿਆਂ ਤੋਂ ਦੂਰ ਰਹਿਣਾ ਰੁੱਖ ਲਗਾਓ ਅਤੇ ਪਾਣੀ ਬਚਾਓ ਵਰਗੀਆਂ ਗਤੀਵਿਧੀਆਂ ਨੂੰ ਘਰ ਘਰ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾਵੇਗਾ। ਉਹਨਾਂ ਦੇ ਨਾਲ ਸਾਬਕਾ ਕੌਂਸਲਰ ਬਿਕਰਮਜੀਤ ਸਿੰਘ ਕਲਸੀ, ਸਤਨਾਮ ਸਿੰਘ ਬੰਟੀ, ਗੁਰਦੇਵ ਸਿੰਘ ਬਾਂਸਲ, ਕੁਲਦੀਪ ਸਿੰਘ ਅਮਨ ਪੋਲਿਊਸਨ, ਜਸਵਿੰਦਰ ਸਿੰਘ ਜੇ ਕੇ ਆਟੋ, ਪਰਮਜੀਤ ਸਿੰਘ ਟਿਮਾ, ਅੰਮ੍ਰਿਤ ਮਠਾਰ, ਰਵਿੰਦਰ ਸਿੰਘ ਚੱਡਾ, ਪਰਮਜੀਤ ਸਿੰਘ ਕਲਿਆਣ, ਦਲਜਿੰਦਰ ਸਿੰਘ ਧਾਮੀ, ਮਲਕੀਤ ਸਿੰਘ ਮਰਵਾਹਾ, ਜਸਵੰਤ ਸਿੰਘ ਭੋਗਲ, ਸਾਮ ਸਿੰਘ ਐਸਡੀਓ, ਜਸਵਿੰਦਰ ਸਿੰਘ ਮਰਵਾਹਾ, ਸਤਪਾਲ ਸਿੰਘ ਭੋਗਲ, ਭੁਪਿੰਦਰ ਸਿੰਘ ,ਗੁਰਦੇਵ ਸਿੰਘ, ਰੁਪਿੰਦਰਜੀਤ ਸਿੰਘ ਰਾਜਾ, ਹਰਮਨਪ੍ਰੀਤ ਸਿੰਘ,ਗੁਰਪ੍ਰੀਤ ਸਿੰਘ ਗੋਪੀ, ਇੰਜ. ਪਰਮਵੀਰ ਸਿੰਘ, ਜਤਿੰਦਰ ਸਿੰਘ ਰੀਹਲ ਹਾਜਰ ਸਨ।

## ਸ਼ਹੀਦ ਭਗਤ ਸਿੰਘ ਯੁਵਾ ਸੇਵਾਵਾਂ ਕਲੱਬ ਵਲੋਂ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ

**ਆਦਮਪੁਰ (ਪਰਮਜੀਤ ਸਿੰਘ)**- ਸ਼ਹੀਦ ਭਗਤ ਸਿੰਘ ਯੁਵਾ ਸੇਵਾਵਾਂ ਕਲੱਬ ਦੇ ਸਮੂਹ ਮੈਂਬਰਾਂ ਅਤੇ ਪ੍ਰਧਾਨ ਸਰਬਜੀਤ ਸਿੰਘ ਦੀ ਅਗਵਾਈ ਹੇਠ ਇੱਕ ਨਿੱਜੀ ਪੈਲਸ ਵਿਚ ਸ਼ਹੀਦ ਏ ਆਜ਼ਮ ਭਗਤ ਸਿੰਘ , ਰਾਜਗੁਰੂ, ਸੁਖਦੇਵ ਅਤੇ ਹੋਰ ਵੀ ਅਨੇਕ ਦੇਸ਼ ਲਈ ਸ਼ਹੀਦ ਹੋਏ ਸ਼ਹੀਦਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ । ਸ਼ਹੀਦ ਭਗਤ ਸਿੰਘ ਦੇ ਭਰਾ ਰਜਿੰਦਰ ਸਿੰਘ ਦੇ ਦੋਹਤੇ, ਰਵਿੰਦਰ ਸਿੰਘ ਵਿਸ਼ੇਸ਼ ਸੱਦੇ 'ਤੇ ਪੁੱਜੇ । ਇਲਾਕਾ ਨਿਵਾਸੀਆਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ।ਮੁੱਖ ਮਹਿਮਾਨ ਵਜੋਂ, ਸ਼੍ਰੀਮਤੀ ਪਰਵਿੰਦਰ ਕੌਰ ਬੰਗਾ ( ਪ੍ਰਧਾਨ : ਐਨ ਆਰ ਆਈ ਸਭਾ , ਪੰਜਾਬ ) ਹਾਜ਼ਰ ਹੋਏ । ਪੰਜਾਬ ਦੇ ਮਸ਼ਹੂਰ ਸੂਫੀ ਗਾਇਕ, ਦੇਵ ਦਿਲਦਾਰ ਵਿਸ਼ੇਸ਼ ਸੱਦੇ 'ਤੇ ਪੁੱਜੇ । ਉਨ੍ਹਾਂ ਆਪਣੀ ਗਾਇਕੀ ਨਾਲ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਉਨ੍ਹਾਂ ਪੰਜਾਬ ਅਤੇ ਪੰਜਾਬੀ ਇਤਿਹਾਸ ਅਤੇ ਸੱਭਿਆਚਾਰ ਨਾਲ ਜੁੜੇ ਗੀਤ ਗਾਏ ।ਦੇਵ ਦਿਲਦਾਰ ਵੱਲੋਂ ,ਪਦਮਸ਼੍ਰੀ ( ਮਰਹੂਮ ) ਸੁਰਜੀਤ ਪਾਤਰ ਦੇ ਗੀਤ ਗਾਏ ।ਇਲਾਕੇ ਦੀਆਂ ਅਨੇਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਲਵਾਈ । ਐਕਸ ਸਰਵਿਸਮੈਨ ਵੈਲਫੇਅਰ ਸੋਸਾਇਟੀ ( ਆਦਮਪੁਰ ) ਵੱਲੋਂ ਪ੍ਰਧਾਨ ਸੁਮਿਤੱਰ ਸਿੰਘ ਸੈਣੀ, ਉਪ ਪ੍ਰਧਾਨ ਐਮ ਐਲ ਭਾਟੀਆ ਹਾਜ਼ਰ ਹੋਏ ਅਤੇ ਵਿਚਾਰ ਸਾਂਝੇ ਕੀਤੇ । ਸੀਨਿਅਰ ਸੀਟੀਜ਼ਨ ਵੈਲਫੇਅਰ ਸੋਸਾਇਟੀ ਵੱਲੋਂ ਜਸਵੀਰ ਸਿੰਘ ਹਾਜ਼ਰ ਹੋਏ । ਗਾਂਧੀ ਨਗਰ ਰੇਜੀਡੈਂਟ ਸੋਸਾਇਟੀ ਵੱਲੋਂ ਰਾਜਕੁਮਾਰ ਗ੍ਰੇਜੂਏਟ ਹਾਜ਼ਰ ਹੋਏ ।



ਆਦਮਪੁਰ ਦੇ ਵਿਧਾਇਕ, ਸੁਖਵਿੰਦਰ ਸਿੰਘ ਕੋਟਲੀ ਵੀ ਹਾਜ਼ਰ ਹੋਏ ਅਤੇ ਸ਼ਰਧਾਂਜਲੀ ਭੇਟ ਕਰਦਿਆਂ ਵਿਚਾਰ ਸਾਂਝੇ ਕੀਤੇ । ਨਗਰ ਕੌਂਸਲ ਆਦਮਪੁਰ ਦੇ ਕਾਰਜ ਸਾਧਕ ਅਫਸਰ ਰਾਮ ਜੀਤ ਨੇ ਵੀ ਸ਼ਰਧਾਂਜਲੀ ਭੇਟ ਕੀਤੀ, ਅਤੇ ਆਪਣੀ ਰਚਨਾ ਵਿੱਚੋਂ ਕੁੱਝ ਪੰਕਤੀਆਂ ਸਾਂਝੀਆਂ ਕੀਤੀਆਂ । ਮਾਰਕੀਟ ਕਮੇਟੀ ਭੋਗਪੁਰ ਦੇ ਚੇਅਰਮੈਨ ਬਰਕਤ ਰਾਮ ਵੀ ਹਾਜ਼ਰ ਹੋਏ । ਆਜ਼ਾਦ ਹਿੰਦ ਫ਼ੌਜ ਵਿੱਚ ਡਰਾਈਵਰ ਵੱਜੋਂ ਸੇਵਾ ਨਿਭਾਉਣ ਵਾਲੇ ਰਾਮ ਪ੍ਰਕਾਸ਼ ਦੇ ਵਾਰਸਾਂ ਵਿਚੋਂ ਦਲਜੀਤ ਕੁਮਾਰ , ( ਪਿੰਡ ਲੜੋਆ , ਜਲੰਧਰ ) ਨੇ ਵੀ ਸ਼ਰਧਾਂਜਲੀ ਭੇਟ ਕੀਤੀ । ਧਾਰਮਿਕ ਆਗੂ, ਅਸ਼ੋਕ ਚੁੰਬਰ ਵੀ ਹਾਜ਼ਰ ਹੋਏ । ਭੋਗਪੁਰ ਤੋਂ ਲੇਖਿਕਾ ਡਾਕਟਰ ਸੁਰਜੀਤ ਕੌਰ ਨੇ ਇਸ ਮੌਕੇ 'ਤੇਂ ਕਵਿਤਾ ਪੜ੍ਹ ਕੇ ਸ਼ਰਧਾ ਸੁਮਨ ਭੇਂਟ ਕੀਤੇ । ਪਿੰਡ ਜਲਭੇਂ ਤੋਂ ਤਰਸੇਮ ਸਿੰਘ ਨੇ ਵੀ ਕਵਿਤਾ ਸੁਣਾਈ । ਲੇਸੜੀਵਾਲ ਤੋਂ ਕੈਪਟਨ ਗੁਰਮੀਤ ਸਿੰਘ , ਕਸ਼ਮੀਰੀ ਲਾਲ ਅਤੇ ਸਾਬਕਾ ਸਰਪੰਚ ਅਜੀਤ ਰਾਮ ਵੀ ਹਾਜ਼ਰ ਹੋਏ। ਬੂਟਾ ਸਿੰਘ ( ਐਸ ਸੀ ਵਿੰਗ ) , ਗੁਰਕੀਰਤ ਸਿੰਘ ਜੌਹਲ , ਹਰਕੀਰਤ ਸਿੰਘ, ਪ੍ਰੇਮ ਪਾਲ ਸਿੰਘ, ਕੋਚ ਗੁਰਚਰਨ ਸਿੰਘ, ਆਸ਼ਾ ਦੇਵੀ, ਮੁਸਕਾਨ, ਲਵਲੀਨ, ਮੰਨਦੀਪ ਭੋਗਲ, ਰਮਨਦੀਪ ਕੌਰ ਸਹੋਤਾ, ਕਰਮਜੀਤ ਕੌਰ, ਸਤਨਾਮ ਸਿੰਘ, ਅਮਰੀਕ ਸਿੰਘ ਸਾਬੀ, ਭੇਲਾ ਤੋਂ ਸਰਪੰਚ ਅਮਨਦੀਪ ਮਾਹੀਂ, ਗੁਰਮੁੱਖ ਸਿੰਘ ਸੂਰੀ, ਚਰਨਜੀਤ ਸਿਧੂ, ਸੂਬੇਦਾਰ ਮੇਜਰ ਮਹਾਂਦੀਪ, ਕੈਪਟਨ ਪ੍ਰਿਤਪਾਲ ਸਿੰਘ ਹਰੀਪੁਰ, ਕੁੰਦਨ ਸਿੰਘ, ਵਿਜੇ ਅਰੋੜਾ, ਆਦ ਅਨੇਕ ਸ਼ਖਸੀਅਤਾਂ ਨੇ ਸ਼ਰਧਾਂਜਲੀ ਦਿੱਤੀ । ਇਸ ਸਮਾਗਮ ਦੇ ਮੁੱਖ ਸੰਚਾਲਕ ਅਤੇ ਸਮਾਜ ਸੇਵੀ, ਹਰਿੰਦਰ ਸਿੰਘ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼ਹੀਦਾਂ ਦੀ ਕੁਰਬਾਨੀ ਨਾਲ ਜੁੜੇ ਕੁੱਝ ਕਿੱਸੇ ਸਾਂਝੇ ਕੀਤੇ । ਸ਼੍ਰੀਮਤੀ ਨੀਲਮ ( ਸਾਬਕਾ ਸਰਪੰਚ), ਕੁਲਵਿੰਦਰ ਸਿੰਘ ਟੋਨੀ , ਪਰਮਜੀਤ ਸਿੰਘ ਰਾਜਵੰਤ, ਹਨਿੰਦਰ ਸਿੰਘ , ਵੈਜ ਸੋਮ ਪ੍ਰਕਾਸ਼ ਜਲਭੇਂ, ਵੀ ਹਾਜ਼ਰ ਹੋਏ । ਸੰਸਥਾ ਦੇ ਪ੍ਰਧਾਨ, ਸਰਬਜੀਤ ਸਿੰਘ ਨੇ ਵੀ ਵਿਚਾਰ ਸਾਂਝੇ ਕੀਤੇ ।

## ਡਾਕਟਰ ਅੰਬੇਡਕਰ ਮਾਡਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਵੀਂ ਜਮਾਤ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਪ੍ਰੀਖਿਆ ਵਿੱਚ ਨਵਾਂਸ਼ਹਿਰ ਦੇ ਡਾਕਟਰ ਅੰਬੇਡਕਰ ਮਾਡਲ ਸਕੂਲ ਦੀਆਂ ਵਿਦਿਆਰਥਣਾਂ ਰੋਸ਼ਨੀ ਸਪੁੱਤਰੀ ਜਸਵਿੰਦਰ ਨਵਜੋਤ ਸਪੁਤਰੀ ਜਸਪਾਲ 500 ਵਿੱਚੋਂ 481 ਨੰਬਰ ਲੈ ਕੇ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ। ਕੋਮਲ ਪ੍ਰੀਤ ਸਪੁੱਤਰੀ ਜਤਿੰਦਰ ਕੁਮਾਰ ਨੇ ਦੂਜਾ ਅਤੇ ਕਰੀਤਕਾ ਸਪੁੱਤਰੀ ਇੰਦਰਜੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਕਲਾਸ ਦੇ ਬਾਕੀ ਵਿਦਿਆਰਥੀ ਚੰਗੇ ਨੰਬਰ ਲੈਣ ਵਿੱਚ ਕਾਮਯਾਬ ਹੋਏ। ਸਕੂਲ ਦਾ ਨਤੀਜਾ ਸ਼ਾਨਦਾਰ ਆਉਣ 'ਤੇ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਟਰੱਸਟ ਰਜਿ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ ਬੀਰਬਲ ਤੱਖੀ ਚੇਅਰਮੈਨ ਪ੍ਰੇਮ ਮਲਹੋਤਰਾ ਅਤੇ ਟਰੱਸਟੀ ਸਾਥੀਆਂ ਨੇ ਸਕੂਲ ਪ੍ਰਿੰਸੀਪਲ ਨੀਲਮ ਰੱਤੂ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।



## ਸੀਮਾ ਅਣਜਾਣ ਦਾ ਗੀਤ 'ਲਾਡਲਾ' ਰਿਕਾਰਡ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬੀ ਕੋਇਲ ਵਜੋਂ ਜਾਣੀ ਜਾਂਦੀ ਗਾਇਕਾ ਸੀਮਾ ਅਣਜਾਣ ਦਾ ਬਹੁਤ ਹੀ ਖੂਬਸੂਰਤ ਨਵਾਂ ਗੀਤ 'ਲਾਡਲਾ' ਰਿਕਾਰਡ ਕੀਤਾ ਗਿਆ।ਇਸ ਗੀਤ ਨੂੰ ਕਲਮਬਧ ਰਣਜੀਤ ਦੀਪੀ ਸ਼ਰਕਪੁਰੀ ਵਲੋਂ, ਸੰਗੀਤ ਹਰਿ ਅਮਿਤ ਵਲੋਂ ਤੇ ਤਰਜ਼ ਮਿਕਸਿੰਗ ਮਾਸਟਰਿੰਗ ਰਵੀ ਚੌਹਾਨ ਤੇ ਸਾਹਿਲ ਚੌਹਾਨ ਵਲੋਂ ਕੀਤੀ ਗਈ ਹੈ। ਗੀਤ ਨੂੰ ਡੱਬ ਸੁਰ ਸਟੂਡੀਓ ਦੇ ਨਰਾਇਣ ਸ਼ਰਮਾ ਨੇ ਕੀਤਾ ਹੈ।ਨੀਰਜ ਸ਼ਰਮਾ ਨੇ ਸਹਿਯੋਗ ਦਿੱਤਾ। ਗਾਣੇ ਦੇ ਨਿਰਮਾਤਾ ਪੂਜਾ ਸੱਭਰਵਾਲ ਤੇ ਨਿਰਦੇਸ਼ਕ ਅਮਰੀਕ ਮਾਇਕਲ ਅਤੇ ਲੇਬਲ ਅਨੁਰਾਗ ਪ੍ਰੋਡਕਸ਼ਨ ਦਾ ਹੋਵੇਗਾ।

## ਚੰਡੀਗੜ੍ਹ ਪੰਜਾਬੀ ਮੰਚ ਦੀ ਮੀਟਿੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)** ਯੂ ਟੀ ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਦਰਜਾ ਦਿਵਾਉਣ ਲਈ ਲਗਾਤਾਰ ਯਤਨਸ਼ੀਲ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਇਥੇ ਸੈਕਟਰ 22 ਦੇ ਗੁਰਦੁਆਰਾ ਸਾਹਿਬ ਵਿਖੇ ਮੀਟਿੰਗ ਕੀਤੀ ਗਈ। ਮੰਚ ਦੇ ਪ੍ਰਧਾਨ ਸਿੰਘ ਸੁੱਖਾ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਬਾਬਾ ਸਾਧੂ ਸਿੰਘ ਸਾਰੰਗਪੁਰ, ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਸਕੱਤਰ ਗੁਰਪ੍ਰੀਤ ਸਿੰਘ ਸੋਮਲ, ਜਸਵਿੰਦਰ ਸਿੰਘ ਜੱਸਲ, ਮਾਸਟਰ ਮੋਹਣ ਸਿੰਘ, ਮੇਜਰ ਸਿੰਘ, ਪ੍ਰਲਾਦ ਸਿੰਘ ਅਤੇ ਤਰਕਸ਼ੀਲ ਸੁਸਾਇਟੀ ਤੋਂ ਜੋਗਾ ਸਿੰਘ ਆਦਿ ਨੇ ਚੰਡੀਗੜ੍ਹ ਵਿੱਚ ਇਸ ਖਿੱਤੇ ਦੀ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਨਮਾਨ ਨਾ ਮਿਲਣ ਬਾਰੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਪ੍ਰਸ਼ਾਸਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਇਸ ਖਿੱਤੇ ਦੀ ਮਾਂ ਬੋਲੀ ਪੰਜਾਬੀ ਨੂੰ ਵਿਸਾਰ ਚੁੱਕਾ ਹੈ ਜਦਕਿ ਇੱਥੋਂ ਦੀ ਪਹਿਲੀ ਅਤੇ ਪ੍ਰਸ਼ਾਸਕੀ ਭਾਸ਼ਾ ਪੰਜਾਬੀ ਹੋਣੀ ਚਾਹੀਦੀ ਹੈ। ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਪ੍ਰਧਾਨ ਸੁਖਜੀਤ ਸਿੰਘ ਨੇ ਦੱਸਿਆ ਕਿ ਮੰਚ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 5 ਜੁਲਾਈ ਨੂੰ ਸ਼ਹਿਰ ਵਿੱਚ ਇੱਕ ਰੋਸ ਮਾਰਚ ਕੱਢਿਆ ਜਾਵੇਗਾ। ਉਸ ਦਿਨ ਵੱਡੀ ਗਿਣਤੀ ਪੰਜਾਬੀ ਹਿਤੈਸ਼ੀ ਸੈਕਟਰ 34 ਦੇ ਗੁਰਦੁਆਰਾ ਸਾਹਿਬ ਅੱਗੇ ਇਕੱਠੇ ਹੋ ਕੇ ਸੈਕਟਰ 7-ਸੀ ਦੇ ਗੁਰਦੁਆਰਾ ਸਾਹਿਬ ਤੱਕ ਰੋਸ ਮਾਰਚ ਕੱਢਣਗੇ। ਕਾਮਰੇਡ ਦੇਵੀ ਦਿਆਲ ਸ਼ਰਮਾ ਨੇ ਦੱਸਿਆ ਕਿ ਰੋਸ ਮਾਰਚ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਲਈ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਰੋਸ ਮਾਰਚ ਲਈ ਲਾਮਬੰਦ ਕੀਤਾ ਜਾਵੇਗਾ ਤਾਂ ਜੋ ਚੰਡੀਗੜ੍ਹ ਪ੍ਰਸ਼ਾਸਨ ਦੀਆਂ ਪੰਜਾਬੀ ਭਾਸ਼ਾ ਵਿਰੋਧੀ ਚਾਲਾਂ ਦਾ ਪਰਦਾਫਾਸ਼ ਕੀਤਾ ਜਾਵੇ ਅਤੇ ਲੋਕਾਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਦੀ ਰਖਵਾਲੀ ਵਾਸਤੇ ਜਾਗਰੂਕ ਕੀਤਾ ਜਾ ਸਕੇ।

## ਈਦ ਉਲ ਫਿਤਰ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਰਾਹੋਂ ਇਲਾਕੇ ਦੇ ਮੁਸਲਿਮ ਭਾਈਚਾਰੇ ਵੱਲੋਂ ਰਾਹੋਂ ਦੀ ਈਦਗਾਹ ਨੇੜੇ ਰੇਲਵੇ ਸਟੇਸ਼ਨ ਰਾਹੋਂ ਵਿਖੇ ਈਦ ਉਲ ਫਿਤਰ ਦਾ ਤਿਉਹਾਰ ਬੜੇ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਮੌਕੇ ਮੁਸਲਮਾਨ ਭਾਈਚਾਰੇ ਨੇ ਇੱਕ ਦੂਜੇ ਦੇ ਗਲੇ ਮਿਲ ਕੇ ਈਦ ਦੀਆਂ ਮੁਬਾਰਕਾਂ ਦਿੱਤੀਆਂ । ਇਸ ਮੌਕੇ ਮੌਲਵੀ ਮਜੀਵ ਅਸਰਫ ਵੱਲੋਂ ਸਾਰੀ ਸੰਗਤ ਨੂੰ ਈਦ ਉਲ ਫਿਤਰ ਦੀ ਵਧਾਈ ਦਿੱਤੀ ਅਤੇ ਸਮੂਹ ਭਾਈਚਾਰੇ ਨੂੰ ਰਲ ਮਿਲ ਕੇ ਰਹਿਣ ਅਤੇ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਹਲਕਾ ਨਵਾਂ ਸ਼ਹਿਰ ਦੇ ਵਿਧਾਇਕ ਡਾਕਟਰ ਨਛੱਤਰ ਪਾਲ, ਸੀਨੀਅਰ ਅਕਾਲੀ ਆਗੂ ਰਮਨਦੀਪ ਸਿੰਘ ਥਿਹਾੜਾ, ਪਰਮ ਸਿੰਘ ਖਾਲਸਾ, ਸਰਬਜੀਤ ਸਿੰਘ ਸਰਪੰਚ ਜਾਫਰਪੁਰ , ਨਵਾਂ ਸਹਿਰ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਅਤੇ ਤਕਨੀਕੀ ਸਿੱਖਿਆ ਵਿਭਾਗ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ ਅਤੇ ਨਗਰ ਸੁਧਾਰ ਟਰਸਟ ਦੇ ਚੇਅਰਮੈਨ ਸਤਨਾਮ ਜਲਵਾਹਾ ਵੱਲੋਂ ਸਮੂਹ ਮੁਸਲਿਮ ਭਾਈਚਾਰੇ ਨੂੰ ਈਦ ਦੀਂ ਲੱਖ ਲੱਖ ਵਧਾਈ ਦਿਤੀ ਗਈ। ਮੌਲਵੀ ਮਜੀਵ ਅਸਰਫ, ਮੁਹੰਮਦ ਸਫੀ, ਮੁਹੰਮਦ ਕਲੀਮ, ਮੁਹੰਮਦ ਜਫੀਰ ,ਫੂਲ ਹਸਨ, ਸੌਕਤ ਅਲੀ, ਸਾਬਰ ਸੁਨਾਰਾ, ਸਰਬ ਰੋਸ਼ਨ ਅਲੀ ਮੁਹੰਮਦ ਸੇਰ ਅਲੀ, ਹਬੀਬ ਮੁਹੰਮਦ ਆਜ਼ਾਦ ਰਜਾ ਅਤੇ ਹੋਰ ਮੁਸਲਮਾਨ ਭਾਈਚਾਰੇ ਦੇ ਲੋਕ ਸਾਮਿਲ ਸਨ ਇਸ ਮੌਕੇ ਰਾਹੋ। ਪੁਲਿਸ ਥਾਣਾ ਦੇ ਮੁਖੀ ਚੌਧਰੀ ਨੰਦ ਲਾਲ ਅਤੇ ਐਡੀਸ਼ਨਲ ਐਸ ਐਚ ਓ ਰਾਮਪਾਲ ਵੱਲੋਂ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ।

## ਮਾਸਟਰ ਭਗਤ ਰਾਮ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਮਹਿਤਪੁਰ (ਰਾਜਾ)** ਸਾਬਕਾ ਲੋਕ ਸਭਾ ਮੈਂਬਰ ਹਲਕਾ ਫਿਲੌਰ ਮਾਸਟਰ ਭਗਤ ਰਾਮ ਦੇ ਦਿਹਾਂਤ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ ਨੇ ਦੱਸਿਆ ਕਿ ਮਾਸਟਰ ਭਗਤ ਰਾਮ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਉਸਰੱਈਏ ਮੈਂਬਰ ਅਤੇ ਸੂਬਾ ਆਗੂ ਰਹੇ ਸਨ। ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦੀ ਪ੍ਰਵਾਹ ਨਾ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਜਥੇਬੰਦਕ ਚੋਣਾਂ ਦੌਰਾਨ ਜਿੱਤ ਹਾਸਲ ਕੀਤੀ ਸੀ। ਇਸ ਜਿੱਤ ਵਿੱਚ ਮਾਸਟਰ ਭਗਤ ਰਾਮ ਜੀ ਦਾ ਯੋਗਦਾਨ ਪ੍ਰਮੁੱਖ ਸੀ। ਬਾਅਦ 'ਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਮਾਸਟਰ ਭਗਤ ਰਾਮ ਜੀ ਲੋਕ ਸਭਾ ਹਲਕਾ ਫਿਲੌਰ ਤੋਂ ਸੀ.ਪੀ.ਆਈ. (ਐਮ) ਦੀ ਟਿਕਟ 'ਤੇ ਲੋਕ ਸਭਾ ਮੈਂਬਰ ਚੁਣੇ ਗਏ ।ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸਾਬਕਾ ਸੂਬਾ ਪ੍ਰਧਾਨ ਸਾਥੀ ਪਰਮਜੀਤ ਸਿੰਘ ਗਾਂਧਰੀ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਮੈਂ ਆਪਣਾ ਇੱਕ ਜੁਝਾਰੂ ਸਾਥੀ ਗਵਾ ਲਿਆ ਹੈ।ਜਥੇਬੰਦੀ ਦੇ ਜਨਰਲ ਸਕੱਤਰ ਸੁਰਿੰਦਰ ਕੰਬੋਜ, ਪ੍ਰੈੱਸ ਸਕੱਤਰ ਐਨ.ਡੀ.ਤਿਵਾੜੀ, ਵਿੱਤ ਸਕੱਤਰ ਸੋਮ ਸਿੰਘ, ਜਥੇਬੰਦਕ ਸਕੱਤਰ ਕੰਵਲਜੀਤ ਸੰਗੋਵਾਲ, ਪਰਗਟ ਸਿੰਘ ਜੰਬਰ, ਜਤਿੰਦਰ ਸਿੰਘ ਸੋਨੀ, ਗੁਰਜੀਤ ਸਿੰਘ ਮੋਹਾਲੀ, ਸੁੱਚਾ ਸਿੰਘ ਚਾਹਲ, ਲਾਲ ਚੰਦ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ।

## ਮੈਨੇਜਰ ਜੁਝਾਰ ਸਿੰਘ ਬੰਗਾ ਦੀ ਸੇਵਾ-ਮੁਕਤੀ 'ਤੇ ਸਨਮਾਨ ਸਮਾਰੋਹ

**ਮਾਹਿਲਪੁਰ /ਸ਼ਫ਼ਰੀ** - ਪੰਜਾਬ ਨੈਸ਼ਨਲ ਬੈਂਕ ਹੁਸ਼ਿਆਰਪੁਰ ਵਿਖੇ ਬ੍ਰਾਂਚ ਮੈਨੇਜਰ ਵਜੋਂ ਸੇਵਾ ਨਿਭਾ ਰਹੇ ਜੁਝਾਰ ਸਿੰਘ ਬੰਗਾ ਦਾ ਸੇਵਾ ਮੁਕਤੀ 'ਤੇ ਸਮੂਹ ਬੈਂਕ ਸਟਾਫ ਵਲੋਂ ਸਨਮਾਨ ਸਮਾਰੋਹ ਕਰਵਾਇਆ ਗਿਆ। ਏ.ਜੀ.ਐਮ.ਅਲੋਕ ਗੁਪਤਾ, ਐਚ.ਆਰ.ਡੀ.ਹੈੱਡ ਅਨਿਲ ਗੁਪਤਾ 'ਤੇ ਸਮੂਹ ਸਟਾਫ ਹਾਜ਼ਰ ਹੋਏ। ਅਲੋਕ ਗੁਪਤਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜੁਝਾਰ ਸਿੰਘ ਬੰਗਾ ਨੇ ਆਪਣੀ ਕਰੀਬ 32 ਸਾਲ ਦੀ ਪੂਰੀ ਸਰਵਿਸ ਬੇਦਾਗ ਅਤੇ ਇਮਾਨਦਾਰੀ ਨਾਲ ਕੀਤੀ। ਇਸ ਮੌਕੇ ਜੁਝਾਰ ਸਿੰਘ ਬੰਗਾ ਤੇ ਉਨ੍ਹਾਂ ਦੀ ਪਤਨੀ ਅਮਰਜੀਤ ਕੌਰ ਨੂੰ ਸਮੂਹ ਬੈਂਕ ਸਟਾਫ ਤੇ ਆਲ ਇੰਡੀਆ ਪੀ.ਐਨ.ਬੀ. ਯੂਨੀਅਨ, ਐਸ.ਸੀ.ਐਸ.ਟੀ. ਯੂਨੀਅਨ ਵਲੋਂ ਯਾਗਗਿਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਜਮੇਰ ਸਿੰਘ ਸਹੋਤਾ, ਵਿਸ਼ਾਲ ਕੁਮਾਰ, ਹਰਪਾਲ ਸਿੰਘ ਰੱਤੂ, ਹਰੀਸ਼ ਪਰਹਾਰ, ਸਰਬਜੋਤ ਸਿੰਘ ਬੰਗਾ, ਨਪਿੰਦਰ ਬੰਗਾ, ਗੁਰਦੇਵ ਰਾਮ, ਜੁਗਿੰਦਰ ਕੌਰ , ਸੰਦੀਪ ਖੁਲਰ ਹਾਜ਼ਰ ਸਨ ।



## ਅੱਬੂ ਬਕਰ ਸਦੀਕ ਮਸਜਿਦ ਵਿਖੇ ਈਦ ਮਨਾਈ

**ਅੱਡਾ ਸਰਾਂ (ਜਸਵੀਰ)** ਅੱਡਾ ਸਰਾਂ ਤੇ ਅੱਬੂ ਬਕਰ ਸਦੀਕ ਮਸਜਿਦ ਵਿਖੇ ਮੁਸਲਮਾਨ ਭਾਈਚਾਰੇ ਵਲੋਂ ਸ਼ਾਂਤੀ, ਭਾਈਚਾਰਕ ਸਾਂਝ ਅਤੇ ਪ੍ਰੇਮ ਦੇ ਪ੍ਰਤੀਕ ਈਦ ਉਲ ਫਿਤਰ ਨਮਾਜ਼ ਅਦਾ ਕਰਨ ਉਪਰੰਤ ਸ਼ਰਧਾ ਪੂਰਵਕ ਮਨਾਈ ਗਈ। ਇਸ ਮੌਕੇ ਕਾਜੂ, ਬਦਾਮ ਠੂਠੀ ਵਾਲੀ ਮਿੱਠੀ ਖੀਰ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਰਾਣਾ ਯਾਸੀਨ, ਮੌਲਵੀ ਮੁਸਤਾਕ, ਇਮਾਮ ਸਾਹਬ, ਮੁਹੰਮਦ ਫਿਆਸ, ਗੁਲਜ਼ਾਰ ਮੁਹੰਮਦ, ਫਤਿਹ ਮੁਹੰਮਦ,ਜੰਬਰੂ, ਮੁਹੰਮਦ ਰਸੀਦ, ਮੁਹੰਮਦ ਯਾਕੂਬ, ਹਾਜੀ ਅਨਾਮ ਮੁਹੰਮਦ, ਬਸ਼ੀਰ ਚੇਚੀ, ਲਾਲ਼ ਹੁਸੈਨ,ਹਾਜੀ ਹਨੀਫ ਆਦਿ ਹਾਜ਼ਰ ਸਨ।



## ਸਮਾਰਟ ਸਕੂਲ ਨਸਰਾਲਾ ਦਾ ਸਾਲਾਨਾ ਸਮਾਰੋਹ ਅਮਿੱਟ ਯਾਦਾਂ ਛੱਡਦਾ ਸਮਾਪਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨਸਰਾਲਾ ਬਲਾਕ ਹੁਸ਼ਿਆਰਪੁਰ 2ਏ ਦਾ ਸਾਲਾਨਾ ਸਮਾਰੋਹ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਗਿਆ। ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਸਮਾਰੋਹ ਵਿੱਚ ਕਰਵਾਈਆਂ ਵੰਨਗੀਆਂ ਦਰਸ਼ਕਾਂ ਦਾ ਮਨ ਮੋਹ ਗਈਆਂ। ਜਿਸ ਵਿੱਚ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਦੀ ਕੋਰੀਓਗ੍ਰਾਫੀ, ਵਿਦਿਆਰਥੀਆਂ ਵੱਲੋਂ ਸ਼੍ਰੀ ਰਮਾਇਣ ਤੇ ਪੇਸ਼ ਕੀਤੀ ਵੰਨਗੀ, ਬੇਟੀ ਬਚਾਓ-ਬੇਟੀ ਪੜ੍ਹਾਓ ਤੇ ਤਿਆਰ ਕੀਤਾ ਮਾਇਮ ਨਾ ਬੋਲਦੇ ਹੋਏ ਹਜ਼ਾਰਾਂ ਸੰਦੇਸ਼ ਦੇ ਗਿਆ, ਇਸ ਦੇ ਨਾਲ਼ ਹੀ ਵਿਦਿਆਰਥੀਆਂ ਵੱਲੋਂ ਨਸ਼ੇ ਦੇ ਖਿਲਾਫ਼ ਪੇਸ਼ ਕੀਤਾ ਨੁੱਕੜ-ਨਾਟਕ ਕਾਬਿਲ-ਏ-ਤਰੀਫ਼ ਸੀ। ਸਮਾਰੋਹ ਵਿੱਚ ਪੰਜਾਬ ਦਾ ਲੋਕ ਪ੍ਰਸਿੱਧ ਨਾਚ ਭੰਗੜਾ ਅਤੇ ਗਿੱਧਾ ਸਭ ਨੂੰ ਆਕਰਸ਼ਿਤ ਕਰ ਗਿਆ। ਇਸ ਸਮਾਰੋਹ ਵਿੱਚ ਪਿੰਡ ਨਸਰਾਲਾ ਦੇ ਸਰਪੰਚ ਡਾ. ਜਰਨੈਲ ਸਿੰਘ ਨੇ ਮੁੱਖ - ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਦੇ ਮੁੱਖੀ ਮੈਡਮ ਜੋਤੀ ਸੈਣੀ ਨੇ ਸਕੂਲ ਦੀ ਸਾਲਾਨਾ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ। ਸਮਾਰੋਹ ਦੇ ਅੰਤ ਵਿੱਚ ਪ੍ਰੀ-ਪ੍ਰਾਇਮਰੀ ਵਿਦਿਆਰਥੀਆਂ ਦੀ ਗ੍ਰੇਜ਼ੂਏਸ਼ਨ ਸੇਰੇਮਨੀ ਮਨਾਈ ਗਈ ਅਤੇ ਸਕੂਲ ਦੇ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਵੀ ਘੋਸ਼ਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਅਧਿਆਪਕ ਵਿਕਾਸ ਸ਼ਰਮਾ ਵੱਲੋਂ ਨਿਭਾਈ ਗਈ। ਇਸ ਮੌਕੇ ਮੈਡਮ ਜੋਤੀ ਸੈਣੀ, ਅਨੁਰਾਧਾ, ਗੁਰਜੀਤ ਕੌਰ, ਰੇਨੂੰ ਸ਼ਰਮਾ, ਅਧਿਆਪਕ ਵਿਕਾਸ ਸ਼ਰਮਾ, ਰਤੀਕਾ ਮਨੋਚਾ, ਅਧਿਆਪਕ ਸੁਨੀਲ ਗਾਂਧੀ, ਮੈਡਮ ਕਮਲਜੀਤ ਕੌਰ, ਐੱਸਐਮਸੀ ਚੈਅਰਮੈਨ ਹਰਜਿੰਦਰ ਕੌਰ, ਮਨਜੀਤ ਸਿੰਘ,ਮੈਡਮ ਕੁਲਦੀਪ ਕੌਰ, ਜਸਵਿੰਦਰ ਕੌਰ, ਸ਼ਮਸ਼ਾਦ ਬੇਗਮ, ਮੀਨਾ ਕੁਮਾਰੀ, ਰਚਨਾ ਦੇਵੀ, ਸੰਜਨਾ ਦੇਵੀ ਸਹਿਤ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਤਾ-ਪਿਤਾ ਹਾਜ਼ਰ ਸਨ।

## ਮਾਤਾ ਜੋਗਿੰਦਰ ਕੌਰ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਨੂਰਪੁਰਬੇਦੀ ਤੋਂ ਪੱਤਰਕਾਰ ਗੁਰਦੀਪ ਸਿੰਘ ਝੱਜ ਅਤੇ ਸਮਾਜ ਸੇਵੀ ਰਘਬੀਰ ਸਿੰਘ ਝੱਜ ਦੇ ਮਾਤਾ ਜੀ ਸਰਦਾਰਨੀ ਜੋਗਿੰਦਰ ਕੌਰ ਆਪਣੀ ਸੰਖੇਪ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੇ ਅੱਜ ਸੰਪੂਰਨ ਭੋਗ ਪਾਏ ਗਏ ਜਿਸ 'ਚ ਇਲਾਕੇ ਦੇ ਵੱਖ ਵੱਖ ਆਗੂਆਂ ਅਤੇ ਜਥੇਬੰਦੀਆਂ ਨੇ ਸ਼ਰਧਾਜ਼ਲੀ ਭੇਟ ਕੀਤੀ। ਇਸ ਮੌਕੇਂ ਸਾਬਕਾ ਡਿਪਟੀ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਬੋਲਦਿਆਂ ਕਿਹਾ ਮਾਂ ਦਾ ਰਿਸ਼ਤਾ ਸਭ ਰਿਸ਼ਤਿਆਂ ਤੋਂ ਉੱਤਮ ਮੰਨਿਆ ਜਾਂਦਾ ਹੈ, ਮਾਂ ਇਕ ਅਜਿਹੀ ਸਖਸ਼ੀਅਤ ਹੈ ਜੋਂ ਜਨਮ ਦੇਣ ਦੇ ਨਾਲ ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਵੀ ਕਰਦੀ ਹੈ ਇਸ ਲਈ ਮਾਂ ਤੋਂ ਬਿਨਾਂ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਾਂ ਨੂੰ ਹਮੇਸ਼ਾ ਮਮਤਾ ਦੀ ਮੂਰਤ ਵੀ ਕਿਹਾ ਜਾਂਦਾ ਹੈ । ਇਸ ਲਈ ਮਾਂ ਨੂੰ ਰੱਬ ਦਾ ਦੂਜਾ ਰੂਪ ਵੀ ਸਮਝਿਆ ਜਾਂਦਾ ਹੈ। ਸਮਾਗਮ ਦੌਰਾਨ ਭਾਵੁਕ ਹੁੰਦਿਆਂ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਕਿਹਾ ਕਿ ਮਾਂ ਦੇ ਰਿਸ਼ਤੇ ਨੂੰ ਦੁਨੀਆਂ ਵਿੱਚ ਸਭ ਰਿਸ਼ਤਿਆਂ ਵਿਚੋਂ ਉੱਚਾ ਅਤੇ ਸੁੱਚਾ ਮੰਨਿਆ ਗਿਆ ਹੈ। ਹਲਕਾ ਇੰਚਾਰਜ ਸਰਦਾਰ ਬਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਪਰਿਵਾਰ ਨਾਲ ਮੇਰਾ ਨਜ਼ਦੀਕੀ ਰਿਸ਼ਤਿਆਂ ਦੀ ਸਾਂਝ ਪਾਈ। ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਸ਼ਰਧਾਜ਼ਲੀ ਭੇਟ ਕਰਦਿਆਂ ਕਿਹਾ ਕਿ ਦੁਨੀਆਂ ਵਿੱਚ ਸਭ ਤੋਂ ਅਨਮੋਲ ਸ਼ਬਦ ਹੈ 'ਮਾਂ' ਜਿਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। । ਇਸ ਤੋਂ ਇਲਾਵਾ ਜਰਨੈਲ ਸਿੰਘ ਔਲਖ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਅਸ਼ਵਨੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਪਾਰਟੀ, ਹਰਮੇਸ਼ ਸਿੰਘ ਠੋਡਾ, ਮਾਸਟਰ ਗੁਰਨੈਬ ਸਿੰਘ ਜੇਤੇਵਾਲ, ਹਰਜਿੰਦਰ ਸਿੰਘ ਭਾਉਵਾਲ, ਸੁਖਵਿੰਦਰ ਸਿੰਘ ਬੜਵਾ ਕਿਸਾਨ ਆਗੂ, ਡਾਕਟਰ ਅੱਛਰ ਸ਼ਰਮਾ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਸਤਨਾਮ ਸਿੰਘ ਝੱਜ ਨੇਂ ਨਿਭਾਈ ਅਤੇ ਸੁਆਮੀ ਅਮੋਲਕਾ ਨੰਦ ਜੀ ਝੱਜ ਵਾਲੇ, ਬਾਬਾ ਸੂਰਫ਼ ਸਿੰਘ ਡੂਮੇਵਾਲ, ਮਾਸਟਰ ਬੱਲਮ ਸਿੰਘ ਕਲਮਾਂ, ਚੋਧਰੀ ਦੌਲਤ ਸਿੰਘ ਚਵਰੇਵਾਲ, ਐਡਵੋਕੇਟ ਨਰਿੰਦਰ ਪ੍ਰਸਾਸ਼ਰ, ਅਵਤਾਰ ਸਿੰਘ ਗਿੱਲ, ਰਣਜੀਤ ਸਿੰਘ ਭੱਠਲ, ਅਮਰੀਕ ਸਿੰਘ ਭੱਠਲ, ਸਰਬਜੀਤ ਸਿੰਘ ਬੇਲਾ, ਸੁਖਪ੍ਰੀਤ ਸਿੰਘ, ਦੇਵ ਰਾਜ ਝੱਜ, ਹਰਮੇਸ਼ ਸਿੰਘ ਬਿੰਦਰਾ, ਕੁਲਵਿੰਦਰ ਸਿੰਘ ਝੱਜ, ਅਜੇ ਕੁਮਾਰ ਗੜ੍ਹਸ਼ੰਕਰ, ਹਰਪ੍ਰੀਤ ਸਿੰਘ ਮੂਸਾਪੁਰ, ਸਦਲਜੀਤ ਸਿੰਘ ਚਨੌਲੀ ਆਦਿ ਨੇ ਮਾਤਾ ਜੋਗਿੰਦਰ ਕੌਰ ਨੂੰ ਸ਼ਰਧਾਂਜਲੀ ਦਿੱਤੀ।



## ਜੀਤ ਲਾਲ ਭੱਟੀ ਵੱਲੋਂ ਈਦ-ਉਲ-ਫ਼ਿਤਰ ਦੀ ਮੁਬਾਰਕ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**— ਈਦ-ਉਲ-ਫ਼ਿਤਰ ਦੇ ਪਾਵਨ ਤਿਉਹਾਰ ਮੌਕੇ ਜੀਤ ਲਾਲ ਭੱਟੀ ਹਲਕਾ ਇੰਚਾਰਜ/ਡਾਇਰੈਕਟਰ ਪਨਬਸ ਪੰਜਾਬ ਵਲੋਂ ਸ਼ਿਰਕਤ ਕੀਤੀ ਗਈ ਅਤੇ ਸਾਰੇ ਮੁਸਲਿਮ ਭਰਾਵਾਂ ਨੂੰ ਪਾਵਨ ਤਿਉਹਾਰ ਦੀਆਂ ਤਹਿ ਦਿਲੋਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਮੰਗਾ ਰਾਮ ਜ਼ਿਲ੍ਹਾ ਜੁਆਇਟ ਸਕੱਤਰ ਐਸ.ਸੀ ਵਿੰਗ, ਹਨਿੰਦਰ ਸਿੰਘ ਕੋਰਡੀਨੇਟਰ ਬੀ.ਸੀ ਵਿੰਗ, ਬਲਾਕ ਪ੍ਰਧਾਨ ਅਕਾਸ਼ਦੀਪ ਆਸ਼ੂ,ਕੁਲਵਿੰਦਰ ਸਾਬੀ ਜ਼ਿਲ੍ਹਾ ਜੁਆਇਟ ਸਕੱਤਰ ਐਸ.ਸੀ ਵਿੰਗ, ਕੁਲਦੀਪ ਸਿੰਘ ਮੌਜੂਦ ਸਨ।



## ਬੁੱਤ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ : ਜਰਨੈਲ ਫਿਲੌਰ

**ਫਿਲੌਰ (ਨਿਰਮਲ)**- ਲੋਕ ਇਨਸਾਫ ਮੰਚ ਤਹਿਸੀਲ ਫਿਲੌਰ ਦੇ ਆਗੂਆਂ ਪ੍ਰਧਾਨ ਜਰਨੈਲ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਭੌਰਾ, ਸਕੱਤਰ ਪਰਸੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਸਲਾਹਕਾਰ ਹਰਮੇਸ ਰਾਹੀ,ਵਿੱਤ ਸਕੱਤਰ ਡਾਕਟਰ ਸੰਦੀਪ ਫਿਲੌਰ, ਪ੍ਰੈਸ ਸਕੱਤਰ ਜਸਵੰਤ ਬੋਧ,ਜੁਆਇੰਟ ਸਕੱਤਰ ਅਮਰਜੀਤ ਲਾਡੀ, ਸਹਾਇਕ ਵਿੱਤ ਸਕੱਤਰ ਹਨੀ ਸੰਤੋਖਪੁਰਾ, ਸੀਨੀਅਰ ਆਗੂ ਡਾਕਟਰ ਅਸ਼ੋਕ ਕੁਮਾਰ , ਕੁਲਦੀਪ ਲੰਬੜਦਾਰ, ਰਾਮ ਜੀ ਦਾਸ ਗੰਨਾ ਪਿੰਡ ਆਦਿ ਨੇ ਬੀਤੀ ਰਾਤ ਤਹਿਸੀਲ ਫਿਲੌਰ ਦੇ ਪਿੰਡ ਨੰਗਲ ਵਿਖੇ ਡਾਕਟਰ ਬੀ ਆਰ ਅੰਬੇਡਕਰ ਜੀ ਦੀ ਪ੍ਰਤਿਮਾ 'ਤੇ ਖਾਲਿਸਤਾਨੀ ਝੰਡੇ ਤੇ ਖਾਲਿਸਤਾਨ ਪੱਖੀ ਨਾਅਰੇ ਲਿਖ ਕੇ ਅਤੇ ਗੁਰਪਤਵੰਤ ਪੰਨੂੰ ਵਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਬਾਰੇ ਹੋਰ ਭੜਕਾਊ ਬਿਆਨ ਦੇ ਕੇ ਜਿਹੜਾ ਅਮਨ ਸਾਂਤੀ ਦੇ ਮੌਹਲ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਤੇ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਮਿਸਾਲੀ ਸਜਾਵਾਂ ਦਿੱਤੀਆਂ ਜਾਣ । ਇਸ ਮੌਕੇ ਉਮਰਜੀਤ ਸਿੰਘ ਸਰਪੰਚ ਮਾਓ ਸਾਹਿਬ, ਸ੍ਰੀ ਮਤੀ ਗੈਜੋ ਸਰਪੰਚ ਮੀਆਂਵਾਲ, ਪ੍ਰੇਮਪਾਲ ਸਾਬਕਾ ਸਰਪੰਚ ਮਾਓ ਸਾਹਿਬ, ਬਾਬਾ ਚੀਮਾ ਮਾਓ ਸਾਹਿਬ, ਸੁਖਵਿੰਦਰ ਸਿੰਘ ਲਾਡੀ, ਸੋਮਨਾਥ ਸੇਖੂਪੁਰ, ਚਰਨਜੀਤ ਨੰਬਰਦਾਰ ਸੇਖੂਪੁਰ, ਜਸਵਿੰਦਰ ਵਿੱਕੂ ਸਾਬਕਾ ਸਰਪੰਚ ਗੰਨਾ ਪਿੰਡ, ਰਣਜੀਤ ਕੁਮਾਰ ਨੰਬਰਦਾਰ, ਇਕਬਾਲ ਸਿੰਘ ਭੈਣੀ, ਪਰਮਜੀਤ ਪੰਚ ਭੈਣੀ, ਮਾਸਟਰ ਬਖਸ਼ੀ ਰਾਮ, ਜਸਵੀਰ ਕੁਮਾਰ ਚੁੰਬਰ, ਰਸਪਾਲ ਖੈਰਾ, ਦੀਪਕ ਕੁਮਾਰ, ਅਕਸਾਸ ਫਿਲੌਰ ਆਦਿ ਹਾਜ਼ਰ ਸਨ।

## ਕੁਲਜੀਤ ਕੌਰ ਦੀ ਅੰਤਮ ਅਰਦਾਸ ਮੌਕੇ ਭਾਵਭਿੰਨੀਆਂ ਸ਼ਰਧਾਂਜਲੀਆਂ



**ਨੰਗਲ (ਸੁਰਜੀਤ ਸਿੰਘ)**- ਨਜ਼ਦੀਕੀ ਪਿੰਡ ਮਜਾਰੀ ਵਾਸੀ ਸਮਾਜ ਸੇਵੀ ਬਿਜਲੀ ਬੋਰਡ ਦੇ ਉੱਚ ਅਧਿਕਾਰੀ ਹਰਵਿੰਦਰ ਸਿੰਘ ਭੱਠਲ ਦੀ ਪਤਨੀ ਬੀਬੀ ਕੁਲਜੀਤ ਕੌਰ 44 ਦੀ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਸ਼ਹੀਦੀ ਬਾਗ ਮਜਾਰੀ ਵਿਖੇ ਹੋਈ। ਜਿਸ ਵਿੱਚ ਰਿਸ਼ਤੇਦਾਰਾਂ ਮਿੱਤਰਾਂ-ਸੱਜਣਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਹੋਈਆਂ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ,ਸਾਬਕਾ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ,ਪੰਜਾਬ ਸਰਕਾਰ ਦੇ ਸਾਬਕਾ ਸਿੱਖਿਆ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ, ਬਿਜਲੀ ਬੋਰਡ ਦੇ ਉੱਚ ਅਧਿਕਾਰੀ ਦਵਿੰਦਰ ਸਿੰਘ, ਪੱਤਰਕਾਰ ਸ਼ਿਵ ਕੁਮਾਰ ਕਾਲੀਆ ਅਤੇ ਹੋਰ ਧਾਰਮਿਕ ਸ਼ਖਸੀਅਤਾਂ ਨੇ ਕੁਲਜੀਤ ਕੌਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਭੱਠਲ ਪਰਵਾਰ ਨੇ ਸਮਾਜ ਵਿੱਚ ਬਹੁਤ ਵੱਡਾ ਨਾਂਅ ਕਮਾਇਆ ਹੈ। ਭਾਵੇਂ ਹਰ ਇੱਕ ਨੇ ਇਸ ਫਾਨੀ ਸੰਸਾਰ ਤੋਂ ਚਲੇ ਜਾਣਾ ਪਰ ਬੀਬੀ ਦੇ ਚਲੇ ਜਾਣ ਨਾਲ ਪਰਵਾਰ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਇਲਾਕੇ ਦੇ ਲੋਕਾਂ ਨੂੰ ਵੀ ਭਾਰੀ ਘਾਟਾ ਪਿਆ। ਜ਼ਿਕਰਯੋਗ ਹੈ ਕਿ ਬੀਬੀ ਕੁਲਜੀਤ ਕੌਰ ਦੀਆਂ ਦੋਵੇਂ ਕਿਡਨੀਆਂ ਖਰਾਬ ਹੋ ਗਈਆਂ ਸਨ। ਭਾਵੇਂ ਇੱਕ ਕਿਡਨੀ ਬਦਲੀ ਵੀ ਗਈ ਪਰ ਉਹ ਤੰਦਰੁਸਤ ਨਹੀਂ ਹੋ ਸਕੇ ਤੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਪਿੱਛੇ ਪਤੀ ਸਮੇਤ ਦੋ ਬੱਚੀਆਂ ਛੱਡ ਗਈ। ਇਸ ਮੌਕੇ 'ਤੇ ਐਸਜੀਪੀਸੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ,ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਰਮੇਸ਼ ਚੰਦ ਦਸਗਰਾਈਂ , ਐਡਵੋਕੇਟ ਜਤਿੰਦਰ ਪਾਲ ਸਿੰਘ ਢੇਰ, ਡਾਕਟਰ ਪਰਮਿੰਦਰ ਸ਼ਰਮਾ, ਦੇਸਰਾਜ ਸੈਣੀ, ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਸਾਬਕਾ ਸਰਪੰਚ ਹਰਮਿੰਦਰਪਾਲ ਸਿੰਘ ਢਾਹੇ, ਸੀਪੀਆਈ ਐਮ ਦੇ ਜ਼ਿਲ੍ਹਾ ਸਕੱਤਰ ਬਰਜਿੰਦਰ ਪੰਡਤ, ਜਸਵਿੰਦਰ ਸਿੰਘ ਭੰਗਲ, ਪ੍ਰਿਤਪਾਲ ਸਿੰਘ ਗੰਡਾ, ਬਲਵੀਰ ਸਿੰਘ ਭੀਰੀ, ਬਾਬਾ ਸੁੱਚਾ ਸਿੰਘ ਕਾਰਸੇਵਾ ਵਾਲੇ, ਧਰਮਪਾਲ ਸਿੰਘ ਸੈਣੀ, ਗੁਰਚੈਨ ਸਿੰਘ ਬੰਗਾ, ਜਥੇਦਾਰ ਸੰਦੀਪ ਸਿੰਘ ਕਲੋਤਾ, ਐਸਜੀਪੀਸੀ ਮੈਂਬਰ ਦਲਜੀਤ ਸਿੰਘ ਭਿੰਡਰ, ਬਾਬਾ ਸਤਨਾਮ ਸਿੰਘ, ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲੇ,ਗੁਰਭਾਗ ਸਿੰਘ ਮਜਾਰੀ, ਕਰਨੈਲ ਸਿੰਘ ਨੰਗਲ, ਤਜਿੰਦਰ ਸਿੰਘ ਭੱਠਲ,ਪਰਮਜੀਤ ਸਿੰਘ ਅਟਵਾਲ, ਬਾਬਾ ਮੁਰਾਦ ਅਲੀ, ਐਡਵੋਕੇਟ ਹਰਦੇਵ ਸਿੰਘ, ਕਮਲਦੇਵ ਜੋਸ਼ੀ, ਜਸਪਾਲ ਸਿੰਘ ਢਾਹੇ, ਸਰਪੰਚ ਭਗਵੰਤ ਸਿੰਘ ਬਲੂਹ, ਸਾਬਕਾ ਐਸਜੀਪੀਸੀ ਮੈਂਬਰ ਕੁਲਵੰਤ ਸਿੰਘ ਬਾਠ, ਮੋਹਿਤ ਸ਼ਰਮਾ, ਅਭਿਨਾਸ਼ ਸ਼ਰਮਾ, ਗੁਰਚਰਨ ਸਿੰਘ ਆਰੀ, ਗਾਇਕ ਪੰਮਾ ਡੂਮੇਵਾਲ, ਹਰਵਿੰਦਰ ਸਿੰਘ ਨੂਰਪੁਰੀ ਆਦਿ ਹਾਜਰ ਸਨ।

## ਮਾਸਟਰ ਭਗਤ ਰਾਮ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਫ਼ਗਵਾੜਾ (ਡਾ. ਰਮਨ )** ਸਾਬਕਾ ਲੋਕ ਸਭਾ ਮੈਂਬਰ ਹਲਕਾ ਫਿਲੌਰ ਮਾਸਟਰ ਭਗਤ ਰਾਮ (85 ਸਾਲ) ਦੇ ਦੇਹਾਂਤ 'ਤੇ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਐਸੋਸੀਏਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ, ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਜਥੇਬੰਦਕ ਸਕੱਤਰ ਨਿਰਮੋਲਕ ਸਿੰਘ ਹੀਰਾ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ, ਐਡੀਟਰ ਕ੍ਰਿਸ਼ਨ ਗੋਪਾਲ ਚੋਪੜਾ, ਜਸਵਿੰਦਰ ਸਿੰਘ, ਜਸਪਾਲ ਸਿੰਘ ਗਰੇਵਾਲ, ਹਰਭਜਨ ਲਾਲ ਕੌਲ,ਕੇ ਕੇ ਪਾਂਡੇ ਆਦਿ ਨੇ ਦੱਸਿਆ ਕਿ ਮਾਸਟਰ ਭਗਤ ਰਾਮ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਉਸਰਈਏ ਮੈਂਬਰਾਂ ਅਤੇ ਸੂਬਾ ਆਗੂ ਵੀ ਰਹੇ ਸਨ।

## ਹੁਸ਼ਿਆਰਪੁਰ ਗੈਸ ਸਰਵਿਸ ਨੇ ਲਗਾਇਆ ਨਵਰਾਤਰਿਆਂ ਦਾ ਲੰਗਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਚੇਤ ਮਹੀਨੇ ਦੇ ਨਵਰਾਤਰਿਆਂ ਦੇ ਆਰੰਭ ਹੋਣ ਮੌਕੇ ਹੁਸ਼ਿਆਰਪੁਰ ਗੈਸ ਸਰਵਿਸ ਵੱਲੋਂ ਦਸਮੇਸ਼ ਮਾਰਕੀਟ ਜਲੰਧਰ ਰੋਡ ਹੁਸ਼ਿਆਰਪੁਰ ਵਿਖੇ ਵਿਸ਼ਾਲ ਲੰਗਰ ਐੱਮਡੀ ਮੈਡਮ ਮੇਘਾ ਓਹਰੀ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਸਤਵੰਤ ਸਿੰਘ ਸਿਆਣ ਅਤੇ ਭਾਜਪਾ ਐੱਸਸੀ ਮੋਰਚਾ ਦੇ ਉਘੇ ਆਗੂ ਐੱਸਐੱਮ ਸਿੱਧੂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਹੁਸ਼ਿਆਰਪੁਰ ਗੈਸ ਸਰਵਿਸ ਦੇ ਐੱਮਡੀ ਮੈਡਮ ਮੇਘਾ ਓਹਰੀ ਅਤੇ ਆਪ ਆਗੂ ਸਤਵੰਤ ਸਿੰਘ ਸਿਆਣ ਨੇ ਕਿਹਾ ਕਿ ਭਾਰਤ ਦੀ ਧਰਤੀ 'ਤੇ ਰਹਿਣ ਵਾਲੇ ਲੋਕਾਂ ਵੱਖ ਵੱਖ ਧਰਮਾਂ ਵਿੱਚ ਆਸਥਾ ਰੱਖਦੇ ਹੋਏ ਇੱਕ ਦੂਜੇ ਦੀਆਂ ਖ਼ੁਸ਼ੀਆਂ ਵਿੱਚ ਸ਼ਰੀਕ ਹੋ ਕੇ ਆਪਸੀ ਪਿਆਰ ਅਤੇ ਮਿਲਵਰਤਣ ਦਾ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਕਿਹਾ ਕਿ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਵਿੱਚ ਲੰਗਰ ਪ੍ਰਥਾ ਦਾ ਬਹੁਤ ਅਹਿਮ ਰੋਲ ਹੈ ਜਿਸ ਵਿੱਚ ਉਚ ਨੀਚ, ਧਰਮ ਅਤੇ ਜਾਤਪਾਤ ਦਾ ਕੋਈ ਭਿੰਨ ਭੇਦ ਨਹੀਂ ਰਹਿੰਦਾ। ਉਨ੍ਹਾਂ ਸਮੂਹ ਭਾਈਚਾਰੇ ਨੂੰ ਚੇਤ ਮਹੀਨੇ ਮਹਾਮਾਈ ਦੇ ਨਵਰਾਤਰੀਆਂ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਦਰਸ਼ਨ ਸਿੰਘ ਪਲਾਹਾ, ਡਾ. ਹਰਜਿੰਦਰ ਸਿੰਘ ਓਬਰਾਏ, ਰਮਨਦੀਪ ਸਿੰਘ ਓਬਰਾਏ, ਰੋਜ਼ੀ ਸੋਹਲ, ਪ੍ਰਿਤਪਾਲ ਸਿੰਘ, ਡਾ.ਬੇਦੀ, ਹਰੀ ਅਤੇ ਹੋਰ ਮਹਿਮਾਨ ਸ਼ਾਮਿਲ਼ ਹੋਏ।



## ਦੋ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ 'ਤੇ ਹੋਈ ਕਾਰਵਾਈ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**— ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ ਚਲਾਏ ਗਏ 'ਯੁੱਧ ਨਸ਼ਾ ਵਿਰੁੱਧ' ਅਭਿਆਨ ਦੇ ਚਲਦਿਆਂ ਕਪੂਰਥਲਾ ਦੇ ਪਿੰਡ ਬੂਟ ਵਿਖੇ ਕਪੂਰਥਲਾ ਪੰਚਾਇਤ ਵਿਭਾਗ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਵੱਡੀ ਕਾਰਵਾਈ ਦੇਖਣ ਨੂੰ ਮਿਲੀ ਹੈ। ਪ੍ਰਸ਼ਾਸਨ ਵੱਲੋਂ ਮੌਕੇ ਦੇ ਪਹੁੰਚ ਕੇ ਨਸ਼ਾ ਤਸਕਰਾ ਦੀਆਂ ਜਾਇਦਾਦਾਂ ਤੇ ਪੀਲਾ ਪੰਜਾ ਚਲਾਉਂਦਿਆਂ ਸਖਤ ਕਾਰਵਾਈ ਕੀਤੀ ਗਈ। ਇਸ ਦੌਰਾਨ ਬੀਡੀਪੀਓ ਕਪੂਰਥਲਾ ਦੇ ਹੁਕਮਾਂ ਅਨੁਸਾਰ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਤੇ ਇਸ ਕਾਰਵਾਈ ਵਿੱਚ ਸਹਿਯੋਗ ਲਈ ਐਸਐਸਪੀ ਕਪੂਰਥਲਾ ਤੇ ਪੂਰੀ ਪੁਲਸ ਪ੍ਰਸ਼ਾਸਨ ਦੀ ਟੀਮ ਮੌਕੇ 'ਤੇ ਮੌਜੂਦ ਰਹੀ। ਫਿਲਹਾਲ ਹੁਣ ਤੱਕ ਦੋ ਨਸ਼ਾ ਤਸਕਰਾਂ ਦੀਆਂ ਨਜਾਇਜ਼ ਜਾਇਦਾਦਾਂ ਉੱਪਰ ਕਾਰਵਾਈ ਕਰ ਦਿੱਤੀ ਗਈ ਹੈ ਅਤੇ ਬਾਕੀ ਦੀ ਕਾਰਵਾਈ ਅਜੇ ਜਾਰੀ ਹੈ।

## ਤਰਕਸ਼ੀਲ ਸੁਸਾਇਟੀ ਨੇ ਪਾਸਟਰ ਬਜਿੰਦਰ ਨੂੰ ਮਿਲੀ ਉਮਰ ਕੈਦ ਦੀ ਸਜ਼ਾ ਦਾ ਕੀਤਾ ਸਵਾਗਤ

**ਮੋਹਾਲੀ (ਗੁਰਜੀਤ ਬਿੱਲਾ)**— ਤਰਕਸ਼ੀਲ ਸੁਸਾਇਟੀ ਪੰਜਾਬ ਨੇ ਅਖੌਤੀ ਦੈਵੀ ਸ਼ਕਤੀਆਂ ਨਾਲ ਭੋਲੇ ਭਾਲੇ ਲੋਕਾਂ ਨੂੰ ਝਾਂਸੇ ਵਿੱਚ ਫਸਾਉਣ ਵਾਲੇ ਪਾਦਰੀ ਬਜਿੰਦਰ ਨੂੰ ਇਕ ਔਰਤ ਨਾਲ ਕੀਤੇ ਜਬਰ ਜਨਾਹ ਅਤੇ ਕੁੱਟ ਮਾਰ ਦੇ ਦੋਸ਼ ਹੇਠ ਮੋਹਾਲੀ ਅਦਾਲਤ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਦਾ ਜ਼ੋਰਦਾਰ ਸਵਾਗਤ ਕੀਤਾ ਹੈ ਅਤੇ ਅਜਿਹੇ ਹੋਰਨਾਂ ਫ਼ਿਰਕਿਆਂ ਦੇ ਪੁਜਾਰੀਆਂ, ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਵੱਲੋਂ ਧਾਰਮਿਕ ਆਸਥਾ ਅਤੇ ਇਲਾਜ ਕਰਨ ਦੇ ਨਾਂਅ ਹੇਠ ਅੰਧ ਵਿਸ਼ਵਾਸ਼ ਫੈਲਾ ਕੇ ਅਖੌਤੀ ਭੂਤ ਪ੍ਰੇਤ ਕੱਢਣ ਦੀਆਂ ਅਪਰਾਧਿਕ ਗਤੀਵਿਧੀਆਂ ਉਤੇ ਸਖਤ ਪਾਬੰਦੀ ਲਾਉਣ ਲਈ ਠੋਸ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ।ਇਸ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਬਲਬੀਰ ਲੌਂਗੋਵਾਲ, ਰਾਜਪਾਲ ਬਠਿੰਡਾ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਇਕ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਮੈਡੀਕਲ ਰਜਿਸਟ੍ਰੇਸ਼ਨ ਐਕਟ ਤਹਿਤ ਕਿਸੇ ਵੀ ਵਿਅਕਤੀ ਵੱਲੋਂ ਡਾਕਟਰੀ ਦੀ ਮਾਨਤਾ ਪ੍ਰਾਪਤ ਡਿਗਰੀ ਤੋਂ ਬਗੈਰ ਧਾਰਮਿਕ ਆਸਥਾ ਹੇਠ ਕਿਸੇ ਕਥਿਤ ਦੈਵੀ ਸ਼ਕਤੀ ,ਪ੍ਰਾਰਥਨਾ ਜਾਂ ਪਾਠ -ਪੂਜਾ ਨਾਲ ਕਿਸੇ ਦੀ ਸਰੀਰਕ ਜਾਂ ਮਾਨਸਿਕ ਬਿਮਾਰੀ, ਕਥਿਤ ਬੁਰੀ ਆਤਮਾ ਦਾ ਇਲਾਜ ਕਰਨਾ ਸਰਾਸਰ ਗ਼ੈਰ ਕਾਨੂੰਨੀ ਅਤੇ ਸਜ਼ਾਯੋਗ ਅਪਰਾਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਠ-ਪੂਜਾ ਅਤੇ ਪ੍ਰਾਰਥਨਾ ਨਾਲ ਕਿਸੇ ਗੰਭੀਰ ਬਿਮਾਰੀ ਦੇ ਮਰੀਜ਼ ਨੂੰ ਕਿਸੇ ਵੀ ਤਰਾਂ ਸਿਹਤਯਾਬ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਦੀ ਖਾਹਿਸ਼ ਦੀ ਪੂਰਤੀ ਜਾਂ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ ਪਰ ਪਾਸਟਰ ਬਜਿੰਦਰ ਅਤੇ ਗੁਰਮੀਤ ਰਾਮ ਰਹੀਮ ਵਰਗੇ ਅਖੌਤੀ ਅਧਿਆਤਮਕ ਆਗੂ ਧਾਰਮਿਕ ਆਸਥਾ ਹੇਠ ਇਲਾਜ ਕਰਨ ਦੇ ਬਹਾਨੇ ਭੋਲੀ ਭਾਲੀ ਲੜਕੀਆਂ ਅਤੇ ਔਰਤਾਂ ਨਾਲ ਜਬਰ ਜਨਾਹ ਕਰਨ ਦੇ ਇਲਾਵਾ ਪੀੜਤ ਪੈਰੋਕਾਰਾਂ ਦੀ ਅੰਨ੍ਹੀ ਆਰਥਿਕ ਲੁੱਟ ਵੀ ਕਰਦੇ ਹਨ। ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਰਫ ਵਿਗਿਆਨਕ ਸੋਚ ਅਪਨਾ ਕੇ ਅਤੇ ਡਾਕਟਰੀ ਇਲਾਜ ਪ੍ਰਣਾਲੀ ਉਤੇ ਭਰੋਸਾ ਕਰਕੇ ਹੀ ਅਜਿਹੇ ਪਾਖੰਡੀਆਂ ਦੀ ਲੁੱਟ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਨੇ ਅਜਿਹੇ ਪਾਖੰਡੀਆਂ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਸ਼ਰਤਾਂ ਅਧੀਨ ਰੱਖੇ ਪੰਜ ਲੱਖ ਰੁਪਏ ਦਾ ਇਨਾਮ ਜਿੱਤਣ ਦੀ ਚੁਣੌਤੀ ਵੀ ਦਿੱਤੀ।

## ਸਿਲਵਰ ਓਕ ਸਕੂਲ 'ਚ ਧੂਮਧਾਮ ਨਾਲ ਹੋਈ ਨਵੇਂ ਸੈਸ਼ਨ ਦੀ ਸ਼ੁਰੂਆਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਬਾਸ਼ਪੁਰ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਬੜੀ ਹੀ ਧੂਮਧਾਮ ਦੇ ਨਾਲ ਹੋਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਦੇ ਵਿੱਚ ਸਮੂਹ ਸਟਾਫ ਨੇ ਬੱਚਿਆਂ ਦੇ ਸਵਾਗਤ ਦੇ ਲਈ ਖੂਬ ਤਿਆਰੀਆਂ ਕੀਤੀਆਂ।ਸਕੂਲ ਵਿੱਚ ਪਹਿਲਾ ਕਦਮ ਰੱਖਦਿਆਂ ਹੀ ਬੱਚਿਆਂ ਦਾ ਫੁੱਲਾਂ ਦੀ ਵਰਖਾ ਦੇ ਨਾਲ ਸਵਾਗਤ ਕੀਤਾ ਗਿਆ। ਸਕੂਲ ਦੇ ਸੀਨੀਅਰ ਵਿਦਿਆਰਥੀਆਂ ਨੇ ਬੱਚਿਆਂ ਦਾ ਬੜੇ ਉਤਸਾਹ ਦੇ ਨਾਲ ਟਿੱਕਾ ਲਗਾ ਕੇ ਸਵਾਗਤ ਕੀਤਾ। ਸਕੂਲ ਮੈਨੇਜਮੈਂਟ ਵੱਲੋਂ ਬੱਚਿਆਂ ਦੀ ਰਿਫਰੈਸ਼ਮੈਂਟ ਦੇ ਲਈ ਖਾਸ ਤੌਰ 'ਤੇ ਤਿਆਰੀ ਕੀਤੀ ਗਈ ਅਤੇ ਹਰ ਬੱਚੇ ਨੂੰ ਚਾਕਲੇਟ ਬਿਸਕੁਟ ਅਤੇ ਵੈਲਕਮ ਕਾਰਡ ਦਿੱਤੇ ਗਏ ਤਾਂ ਕਿ ਉਹਨਾਂ ਦਾ ਪਹਿਲਾ ਦਿਨ ਇੱਕ ਯਾਦਗਾਰ ਦੀ ਤਰ੍ਹਾਂ ਹੋ ਨਿਬੜੇ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਅਸੀਂ ਬੱਚਿਆਂ ਦੇ ਲਈ ਅਲੱਗ ਅਲੱਗ ਗਤੀਵਿਧੀਆਂ ਦੀ ਤਿਆਰੀ ਕੀਤੀ ਹੋਈ ਸੀ ਅਤੇ ਨਾਲ ਹੀ ਕਈ ਤਰ੍ਹਾਂ ਦੀਆਂ ਖੇਡਾਂ ਅਤੇ ਬੱਚਿਆਂ ਨੂੰ ਟ੍ਰੇਨ ਦੇ ਵਿੱਚ ਖੂਬ ਮਜਾ ਕਰਵਾਇਆ ਗਿਆ। ਬੱਚਿਆਂ ਨੂੰ ਉਹਨਾਂ ਦੇ ਕਲਾਸਾਂ ਦੇ ਵਿੱਚ ਅਲੱਗ ਅਲੱਗ ਤਰ੍ਹਾਂ ਦੀਆਂ ਕਾਰਟੂਨ ਫਿਲਮਾਂ ਦਿਖਾਈਆਂ ਗਈਆਂ ਜਿਨਾਂ ਦੇ ਨਾਲ ਬੱਚਿਆਂ ਨੇ ਖੂਬ ਮਸਤੀ ਕੀਤੀ।ਇਸ ਮੌਕੇ 'ਤੇ ਸੰਸਥਾ ਦੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਕੋਆਰਡੀਨੇਟਰ ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਵਿਸ਼ਾਲੀ, ਅਰਚਨਾ, ਰਾਜਵੀਰ, ਮਮਤਾ, ਸੁਰੇਸ਼, ਗੁਰਪ੍ਰੀਤ, ਸੰਜੀਵ ਕੁਮਾਰ ਸ਼ਰਮਾ, ਨੀਨਾ, ਅਨੁਰਾਧਾ, ਮਨੀਸ਼ਾ, ਸੁਖਜਿੰਦਰ, ਗੁਰਦੇਵ, ਹਰਜੀਤ ਅਤੇ ਹੋਰ ਸਟਾਫ ਵੀ ਮੌਜੂਦ ਸੀ।

## ਕਣਕ ਦੀ ਖਰੀਦ ਲਈ ਸਰਕਾਰ ਨੇ ਕੀਤੇ ਪੁਖ਼ਤਾ ਪ੍ਰਬੰਧ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਣਕ ਦੀ ਖਰੀਦ ਨੂੰ ਲੈਅ ਕੇ ਸਰਕਾਰ ਨੇ ਪੁਖ਼ਤਾ ਪ੍ਰਬੰਧ ਕੀਤੇ ਹਨ। ਇਸ ਦੇ ਲਈ ਮੰਡੀਆਂ ਵਿੱਚ ਸਾਰੀ ਤਿਆਰੀ ਪੂਰੀ ਕਰ ਲਈ ਹੈ। ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦੀ ਜਾਵੇਗੀ।ਮੁੱਖ ਮੰਤਰੀ ਪੰਚਕੂਲਾ ਵਿੱਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।ਇੱਕ ਸੁਆਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਕਣਕ ਦੀ ਖਰੀਦ ਲਈ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਪੁਖ਼ਤਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਕਿਸਾਨਾਂ ਨੂੰ ਆਪਣੀ ਫਸਲ ਬੇਚਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਸੂਬਾ ਸਰਕਾਰ ਲਈ ਕਿਸਾਨ ਹਿਤ ਸਭ ਤੋਂ ਪਹਿਲਾਂ ਹੈ, ਉਨ੍ਹਾਂ ਨੇ ਕਿਹਾ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਸਹੀ ਵਿਵਸਥਾ ਦੇ ਨਾਲ ਨਾਲ ਸਫਾਈ ਅਤੇ ਪੀਣ ਦੇ ਪਾਣੀ ਦੀ ਪੁਖ਼ਤਾ ਵਿਵਸਥਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਐਮਐਸਪੀ 'ਤੇ ਖਰੀਦ ਤੋਂ ਬਾਅਦ ਸਮੇਂ ਸਿਰ ਭੁਗਤਾਨ ਹੋਵੇ, ਇਸ ਦੇ ਲਈ ਵੀ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਖਰੀਦੀ ਗਈ ਫਸਲ ਦਾ ਭੁਗਤਾਨ ਕਿਸਾਨਾਂ ਨੂੰ 48 ਤੋਂ 72 ਘੰਟੇ ਅੰਦਰ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਸਾਲ ਕੇਂਦਰ ਸਰਕਾਰ ਵੱਲੋਂ ਕਣਕ ਦਾ ਮੁੱਲ 2425 ਪ੍ਰਤੀ ਕਿਵੰਟਲ ਤੈਅ ਕੀਤਾ ਗਿਆ ਹੈ।

## ਸੰਘੂ, ਜੰਡੂ, ਅੱਠੀ ਗੋਤਰ ਦੇ ਜਠੇਰਿਆਂ ਦਾ ਮੇਲਾ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਸੰਗੂ- ਜੰਡੂ- ਅੱਠੀ ਗੋਤਰ ਦੇ ਕਰੀਬ 150 ਪਰਵਾਰਾਂ ਨੇ ਬੜੇ ਉਤਸ਼ਾਹ ਅਤੇ ਸ਼ਰਧਾ-ਭਾਵ ਨਾਲ ਜਠੇਰਿਆਂ ਦਾ ਮੇਲਾ ਮਨਾਇਆ। ਆਪਣੇ ਪੂਰਵਜਾਂ ਨੂੰ ਧਨ-ਵਸਤੂ- ਮਿਸ਼ਠਾਨ ਆਦਿ ਦਾਨ ਕਰਕੇ ਜਠੇਰਿਆਂ ਵੱਡੇ ਵਡੇਰਿਆਂ ਅੱਗੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਇਹ ਪ੍ਰਗਟਾਵਾ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ



ਨੰਬਰਦਾਰ ਨੂਰਮਹਿਲ ਅਤੇ ਸਵਰਗੀ ਪ੍ਰੇਮ ਸਿੰਘ ਸੰਗੂ ਦੇ ਪਰਵਾਰ ਸਮੇਤ ਸੇਵਾ ਕਰ ਰਹੇ ਕੁਲਵਿੰਦਰ ਸਿੰਘ ਸੰਗੂ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ। ਸਟੇਜ ਸੰਚਾਲਨ ਦਾ ਕਾਰਜ ਜੋਗਿੰਦਰ ਸਿੰਘ ਸੰਗੂ ਨੇ ਨਿਭਾਇਆ। ਉਹਨਾਂ ਜਠੇਰਿਆਂ ਦੇ ਪਾਵਨ ਅਸਥਾਨ ਲਈ ਹੋਏ ਵਿਕਾਸ ਕਾਰਜਾਂ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਗੁਰੂ ਜੀ ਲੰਗਰ ਵੀ ਅਤੁੱਟ ਵਰਤਾਏ। ਸੰਗਤਾਂ ਲਈ ਖਾਣ ਪਾਣ ਦੀ ਸੇਵਾ ਸਵੇਰੇ 8 ਵਜੇ ਤੋਂ ਦੁਪਹਿਰ 3 ਵਜੇ ਤੱਕ ਜਾਰੀ ਰਹੀ। ਢਾਡੀ ਜਥੇ ਰਾਹੀਂ ਸੰਗਤਾਂ ਨੂੰ ਜੀਵਨ ਵਿੱਚ ਸੁਚੱਜੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ।

## ਟੱਪਰੀਆਂ 'ਚ ਨਵਾਂ ਟਰਾਂਸਫਾਰਮਰ ਲਗਾਇਆ



**ਭਲਾਣ (ਹਰਭਜਨ ਢਿੱਲੋਂ)** ਪਿੰਡ ਟੱਪਰੀਆਂ ਦੇ ਸਰਪੰਚ ਨੀਲਮ ਸੋਨੀ ਵੱਲੋਂ ਕੀਤੀ ਮਿਹਨਤ ਸਦਕਾ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਸਹਿਯੋਗ ਨਾਲ ਪਿੰਡ ਵਿੱਚ ਨਵਾਂ ਟਰਾਂਸਫਾਰਮ ਲਗਾਇਆ ਗਿਆ। ਸਰਪੰਚ ਦੇ ਸਪੁੱਤਰ ਤੇ ਸਿੱਖਿਆ ਮੰਤਰੀ ਦੇ ਮੀਡੀਆ ਕੋਆਰਡੀਨੇਟਰ ਦੀਪਕ ਸੋਨੀ ਨੇ ਕਿਹਾ ਕਿ ਪੰਚਾਇਤੀ ਚੋਣਾਂ ਤੋਂ ਪਹਿਲਾਂ ਜੋ ਵਾਅਦੇ ਪਿੰਡ ਵਾਸੀਆਂ ਨਾਲ ਕੀਤੇ ਗਏ ਸਨ ਉਨਾਂ ਨੂੰ ਸਮਾਂ ਰਹਿੰਦਿਆਂ ਪੂਰਾ ਕੀਤਾ ਜਾਵੇਗਾ।ਦੀਪਕ ਸੋਨੀ ਨੇ ਦੱਸਿਆ ਕਿ ਬੀਤੇ ਦਿਨੀਂ ਪਿੰਡ ਵਿੱਚ ਇਜਲਾਸ ਵੀ ਸੱਦਿਆ ਗਿਆ ਸੀ ਜਿਸ ਵਿੱਚ ਕਈ ਅਹਿਮ ਮਤੇ ਪਾਸ ਕੀਤੇ ਗਏ ਜਿਨਾਂ ਵਿੱਚ ਪਿੰਡ ਵਿੱਚ ਨਵਾਂ ਪਾਰਕ ਬਣਾਉਣ ਬਾਰੇ,ਨਵੀਂ ਆਂਗਣਵਾੜੀ ਬਾਰੇ,ਕਮਿਊਨਿਟੀ ਸੈਂਟਰ,ਮਹਿਲਾ ਮੰਡਲ ਲਈ ਕਮਰਾ ਬਣਾਉਣ ਬਾਰੇ,ਕੂੜੇ ਦੇ ਪ੍ਰਬੰਧ ਲਈ ਸੋਲਿਡ ਵੇਸਟ ਮੈਨਜਮੈਂਟ ਪਲਾਂਟ ਲਗਾਉਣ ਬਾਰੇ,ਸੀਵਰੇਜ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਬਾਰੇ,ਨੌਜਵਾਨਾਂ ਲਈ ਖੇਡ ਮੈਦਾਨ ਬਣਾਉਣ ਬਾਰੇ ਮਤੇ ਪਾਸ ਕੀਤੇ ਗਏ।ਇਸ ਮੌਕੇ ਸੰਜੀਵ ਕੁਮਾਰ, ਲਾਲਾ ਤੇਲੂ ਰਾਮ, ਮੂਲਤਾਨ, ਤਿਲਕ ਰਾਜ, ਮਦਨ ਮੱਦੀ,ਸੋਹਣ ਲਾਲ,ਗੁਰਮੇਲ ਫੋਰਮੈਨ,ਬਿਜਲੀ ਵਿਭਾਗ ਦੇ ਅਧਿਕਾਰੀ ਭਾਗ ਸਿੰਘ, ਪਿੰਕੀ ਵਰਮਾ,ਪਵਨ ਕੁਮਾਰ ਤੇ ਹੋਰ ਹਾਜਰ ਸਨ।

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਦੋਆਬਾ ਗਤਕਾ ਮੁਕਾਬਲੇ ਕਰਵਾਏ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਗੁਰਦੁਆਰਾ ਸੰਤ ਬਾਬਾ ਅਜੀਤ ਸਿੰਘ ਪਿੰਡ ਅਲਾਵਲਲੀਸਾ ਆਲਮਪੁਰ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਚੌਥਾ ਦੋਆਬਾ ਗਤਕਾ ਮੁਕਾਬਲੇ ਕਰਵਾਏ ਗਏ। ਮੁੱਖ ਸੇਵਾਦਾਰ ਸੰਤ ਬਾਬਾ ਹੀਰਾ ਸਿੰਘ ਖਾਲਸਾ ਦੇ ਅਸ਼ੀਰਵਾਦ ਸਦਕਾ ਕਰਵਾਏ



ਗਏ ਇਹਨਾਂ ਗਤਕਾ ਮੁਕਾਬਲਿਆਂ ਵਿੱਚ ਹਸ਼ਿਆਰਪੁਰ ਦੀਆਂ ਕੁੱਲ 38 ਟੀਮਾਂ ਨੇ ਭਾਗ ਲੈਂਦੇ ਹੋਏ ਸਿੱਖ ਮਾਰਸ਼ਲ ਆਰਟ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਿੰਗਲ ਸੋਟੀ ਅੰਡਰ 14 ਵਿੱਚ ਰਾਜਵੀਰ ਸਿੰਘ ਨੇ ਪਹਿਲਾ, ਮਨਮੀਤ ਸਿੰਘ ਨੇ ਦੂਸਰਾ ਅਤੇ ਮਨਜੋਧ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।ਫਰੀ ਸੋਟੀ ਅੰਡਰ 14 ਵਰਗ ਦੇ ਮੁਕਾਬਲੇ ਵਿੱਚ ਜਗਜੋਤ ਸਿੰਘ ਨੇ ਪਹਿਲਾ ਤੇ ਭਾਵਜੀਤ ਸਿੰਘ ਨੇ ਦੂਸਰਾ ਸਥਾਨ ਹਾਸਿਲ ਕੀਤਾ। ਖੰਡਾ ਪ੍ਰਦਰਸ਼ਨੀ ਮੁਕਾਬਲੇ ਵਿੱਚ ਜਗਜੋਤ ਸਿੰਘ ਨੇ ਪਹਿਲਾ ਸਥਾਨ , ਤੇਜਵੀਰ ਸਿੰਘ ਨੇ ਦੂਸਰਾ ਸਥਾਨ ਅਤੇ ਸੰਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਅੰਡਰ 17 ਵਿੱਚ ਨਵਜੋਤ ਸਿੰਘ ਨੇ ਪਹਿਲਾ, ਲਵਜੋਤ ਸਿੰਘ ਨੇ ਅੰਮ੍ਰਿਤ ਸਿੰਘ ਨੇ ਦੂਸਰਾ ਅਤੇ ਗਗਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਕਿਰਪਾਨ ਫਹਿਰਾਈ ਵਿੱਚ ਬਲਰਾਜ ਸਿੰਘ ਨੇ ਪਹਿਲਾ ਰਣਵੀਰ ਸਿੰਘ ਨੇ ਦੂਸਰਾ ਅਤੇ ਗਗਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ ।ਜੇਤੂ ਰਹੀਆਂ ਟੀਮਾਂ ਤੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਭਾਈ ਮਨਦੀਪ ਸਿੰਘ ਕਨੇਡਾ ਨੇ ਕੀਤੀ। ਇਸ ਮੌਕੇ ਵਿਜੇ ਪ੍ਰਤਾਪ ਸਿੰਘ, ਦਸੂਹਾ ਇੰਚਾਰਜ ਮਨਦੀਪ ਸਿੰਘ,ਟਾਂਡਾ ਜੋਨ ਇੰਚਾਰਜ ਇੰਦਰਪਾਲ ਸਿੰਘ, ਗਤਕਾ ਕੋਚ ਗੁਰਨੂਰ ਸਿੰਘ, ਪ੍ਰਮੋਟਰ ਬਲਵਿੰਦਰ ਸਿੰਘ, ਗਤਕਾ ਪ੍ਰਮੋਟਰ ਸੁਰਜੀਤ ਸਿੰਘ, ਕੋਚ ਗੁਰਪ੍ਰੀਤ ਸਿੰਘ, ਮਾਨ ਸਿੰਘ ਕੁੱਲੀਆਂ ਵੀ ਹਾਜ਼ਰ ਸਨ।



## ਪੰਚਾਇਤ ਵਲੋਂ ਸ਼ਰਾਬ ਦਾ ਠੇਕਾ ਤਬਦੀਲ ਕਰਨ ਲਈ ਮਤਾ ਪਾਸ

**ਫਿਲੌਰ (ਨਿਰਮਲ)**- ਗੰਨਾ ਪਿੰਡ ਦੀ ਸਮੁੱਚੀ ਪੰਚਾਇਤ ਵਲੋਂ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਪਿੰਡ ਦੇ ਬਜ਼ਾਰ ਵਿਚ ਬਣੇ ਠੇਕੇ ਨੂੰ ਤਬਦੀਲ ਕਰਨ ਦੀ ਮੰਗ ਕੀਤੀ ਹੈ ਤੇ ਪਿੰਡ ਵਾਸੀਆਂ ਵੱਲੋਂ ਠੇਕਾ ਚੁਕਵਾਉਣ ਲਈ ਧਰਨਾ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਅਗਵਾਈ ਪਿੰਡ ਦੀ ਪੰਚਾਇਤ, ਸਰਪੰਚ ਸੁੱਖਪਾਲ ਅਤੇ ਲੋਕ ਇਨਸਾਫ਼ ਮੰਚ ਦੇ ਆਗੂ ਰਾਮਜੀ ਦਾਸ ਨੇ ਕੀਤੀ। ਪਿੰਡ ਵਾਸੀਆਂ ਨੇ ਕਿਹਾ ਕਿ ਘਰਾਂ ਦੇ ਨੇੜੇ ਸ਼ਰਾਬ ਦਾ ਠੇਕਾ ਹੋਣ ਕਰਕੇ ਸ਼ਾਮ ਨੂੰ ਸੜਕ 'ਤੇ ਮਜਮਾ ਲਗਦਾ ਹੈ ਜਿਸ ਕਰਕੇ ਧੀਆਂ ਭੈਣਾਂ ਦਾ ਬਾਹਰ ਨਿਕਲਣਾ ਵੀ ਮੁਸ਼ਕਲ ਹੈ, ਸ਼ਰਾਬੀ ਸ਼ਾਮ ਨੂੰ ਖਰੂਦ ਕਰਦੇ ਹਨ ਅਤੇ ਕਈ ਵਾਰ ਗਾਲੀ ਗਲੋਚ ਵੀ ਕਰਦੇ ਹਨ। ਪਿੰਡ ਦੇ ਲੋਕਾਂ ਨੇ ਮੰਗ ਕੀਤੀ ਕੀ ਇਸ ਥਾਂ ਤੋਂ ਠੇਕਾ ਕਿਤੇ ਦੂਰ ਪਿੰਡ ਦੇ ਬਾਹਰ ਤਬਦੀਲ ਕੀਤਾ ਜਾਵੇ। ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਪ੍ਰਧਾਨ ਕਾਮਰੇਡ ਜਰਨੈਲ ਫਿਲੌਰ ਮਾਸਟਰ ਹੰਸ ਰਾਜ ਤੋਂ ਬਿਨਾਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਕਮਲਜੀਤ ਸਿੰਘ, ਸੁਖਪਾਲ ਸੁੱਖਾ ਸਰਪੰਚ, ਸੰਦੀਪ ਕੁਮਾਰ ਪੰਚ , ਧਰਮਿੰਦਰ ਪੰਚ, ਰਾਣੀ ਪੰਚ, ਬਿੰਦਰ ਕੌਰ ਪੰਚ, ਸੰਤੋਸ਼ ਕੁਮਾਰੀ ਪੰਚ, ਗੁਰਦਿਆਲ ਸਿੰਘ ਪੰਚ, ਕਾਮਰੇਡ ਜਰਨੈਲ ਸਿੰਘ ਪ੍ਰਧਾਨ ਲੋਕ ਇਨਸਾਫ਼ ਮੰਚ, ਕਮਲਜੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ, ਰਾਮਜੀ ਦਾਸ, ਬਿੱਟੂ, ਜਗਤਾਰ ਸਿੰਘ, ਮੁਖਤਿਆਰ ਚੰਦ ਸਾਬਕਾ ਸਰਪੰਚ, ਸ਼ਾਮ ਲਾਲ, ਤਰਸੇਮ ਲਾਲ, ਸੁਲੱਖਣ ਸਿੰਘ, ਝਲਮਣ ਸਿੰਘ, ਸੁਰਜੀਤ ਕੁਮਾਰ, ਮੁਸਲਾ, ਸਾਈ ਰੌਸ਼ਨ ਲਾਲ, ਟਹਿਲ ਰਾਮ, ਖੀਰਾ, ਜਤਿੰਦਰ ਕੁਮਾਰ, ਕਮਲ ਰਾਜ, ਪਾਇਲ ਹੀਬਾ , ਬਲਜਿੰਦਰ ਸੰਘਾ, ਦਲਵੀਰ ਸਿੰਘ, ਵਿਦਿਆ ਦੇਵੀ, ਚੰਦਰ ਰੇਖਾ, ਮਾਸਟਰ ਹੰਸ ਰਾਜ ਅਮਰਜੀਤ ਮਾਓ ਸਾਹਿਬ ਆਦਿ ਹਾਜ਼ਰ ਸਨ।

## ਤਿੰਨ ਵਿਦਿਆਰਥੀਆਂ ਨੇ ਪਾਸ ਕੀਤੀ ਐਨ ਐਮ ਐਮ ਐਸ ਦੀ ਪ੍ਰੀਖਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਖੇਡਾਂ ਅਤੇ ਵਿਦਿਆ ਦੇ ਖੇਤਰ ਵਿੱਚ ਮੋਹਰੀ ਰੋਲ ਅਦਾ ਕਰ ਰਹੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੁੰਡੀਆਂ ਨੂੰ ਇੱਕ ਹੋਰ ਕਾਮਯਾਬੀ ਉਸ ਸਮੇਂ ਮਿਲੀ ਜਦੋਂ ਇਸ ਸਕੂਲ ਦੇ ਅੱਠਵੀਂ ਸ਼੍ਰੇਣੀ ਦੇ ਤਿੰਨ ਵਿਦਿਆਰਥੀਆਂ ਨੇ ਵਜ਼ੀਫੇ ਦੀ ਮਾਨਮੱਤੀ ਪ੍ਰੀਖਿਆ ਐਨ ਐਮ ਐਮ ਐਸ ਪਾਸ ਕੀਤੀ।ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਲਲਿਤਾ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਟਾਫ ਅਤੇ ਬੱਚਿਆਂ ਦੀ ਮਿਹਨਤ ਸਦਕਾ ਇਹ ਮਾਣ ਸਕੂਲ ਨੂੰ ਹਾਸਲ ਹੋਇਆ। ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਦੇ ਇਹ ਤਿੰਨੋ ਵਿਦਿਆਰਥੀ ਰਾਜਪ੍ਰੀਤ ਕੌਰ, ਯੁਵਰਾਜ ਸਿੰਘ ਅਤੇ ਬੰਦਨਾ ਨੇ ਇਹ ਸਫਲਤਾ ਹਾਸਿਲ ਕੀਤੀ ਅਤੇ ਇਹਨਾਂ ਬੱਚਿਆਂ ਨੂੰ ਅੱਜ ਸਕੂਲ ਦੇ ਵਿੱਚ ਸਕੂਲ ਪ੍ਰਿੰਸੀਪਲ ਅਮਨਦੀਪ ਸ਼ਰਮਾ, ਲੈਕਚਰਾਰ ਰਜਨੀ ਅਰੋੜਾ, ਲੈਕਚਰਾਰ ਸਰਬਜੀਤ ਸਿੰਘ, ਲੈਕਚਰਾਰ ਅਨੀਤਾ ਕੁਮਾਰੀ, ਮੈਡਮ ਸ਼ਿਮਲਾ ਦੇਵੀ, ਮੈਡਮ ਗੁਰਦੇਵ ਕੌਰ, ਮੈਡਮ ਪ੍ਰਿਆ, ਮੈਡਮ ਮਨਜੀਤ ਕੌਰ, ਕੰਪਿਊਟਰ ਅਧਿਆਪਕ ਨਰੇਸ਼ ਕੁਮਾਰ ਪਰਮਿੰਦਰ ਕੁਮਾਰ, ਅਮਨਦੀਪ ਸਿੰਘ, ਕਮਲਜੀਤ ਸਿੰਘ ਅਤੇ ਕੈਂਪਸ ਮੈਨੇਜਰ ਸੁਖਵਿੰਦਰ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੱਚਿਆਂ ਦੇ ਮਾਤਾ ਪਿਤਾ ਵੀ ਹਾਜ਼ਰ ਸਨ। ਸਕੂਲ ਦੀ ਇਸ ਸਫਲਤਾ ਲਈ ਜਿੱਥੇ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਅਮਰਜੋਤ ਸਿੰਘ, ਗ੍ਰਾਮ ਪੰਚਾਇਤ ਸਰਹਾਲਾ ਦੇ ਸਰਪੰਚ ਸੁਖਵਿੰਦਰ ਸਿੰਘ ਅਤੇ ਸਮੂਹ ਗ੍ਰਾਮ ਪੰਚਾਇਤ ਮੈਂਬਰਾਂ ਵੱਲੋਂ ਵਧਾਈ ਦਿੱਤੀ ਗਈ ਉੱਥੇ ਪ੍ਰਵਾਸੀ ਭਾਰਤੀ ਕਰਮਜੀਤ ਸਿੰਘ ਸ਼ਾਹੀ ਅਤੇ ਹੋਰਾਂ ਵੱਲੋਂ ਵੀ ਸਮੂਹ ਸਕੂਲ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਭੇਜੀਆਂ ਗਈਆਂ।

## ਸੈਣੀ ਜਾਗਰਤੀ ਮੰਚ ਦੀ ਹੋਈ ਅਹਿਮ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸੈਣੀ ਜਾਗਰਤੀ ਮੰਚ ਪੰਜਾਬ ਦੀ ਇਕ ਮੀਟਿੰਗ ਕੁਲਵੰਤ ਸਿੰਘ ਸੈਣੀ, ਪ੍ਰਧਾਨ ਸੈਣੀ ਜਾਗਰਤੀ ਮੰਚ ਪੰਜਾਬ ਦੀ ਪ੍ਰਧਾਨਗੀ ਵਿੱਚ ਸੈਣੀ ਭਵਨ ਨੇੜੇ ਗੰਜਾ ਸਕੂਲ ਵਿਖੇ ਹੋਈ। ਜਿਸ ਵਿੱਚ ਮੰਚ ਦੇ ਸੰਸਥਾਪਕ ਸੰਦੀਪ ਸੈਣੀ ਚੇਅਰਮੈਨ ਬੈਕਫਿੰਕੋ ਵੀ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਪ੍ਰੇਮ ਸੈਣੀ ਜ਼ਿਲ੍ਹਾ ਪ੍ਰਧਾਨ, ਹਰਿੰਦਰ ਸਿੰਘ ਸੈਣੀ ਜਨ ਸਕੱਤਰ ਪੰਜਾਬ, ਸ਼੍ਰੀਮਤੀ ਸੁਰਿੰਦਰ ਪਾਲ ਕੌਰ ਸੈਣੀ ਪ੍ਰਧਾਨ ਲੇਡੀ ਵਿੰਗ ਪੰਜਾਬ, ਪ੍ਰਭਜੋਤ ਸਿੰਘ ਸੈਣੀ ਯੂਥ ਪ੍ਰਧਾਨ, ਕਿਰਪਾਲ ਸਿੰਘ ਪਾਲੀ ਜ਼ਿਲ੍ਹਾ ਯੂਥ ਪ੍ਰਧਾਨ ਸਾਰੇ ਮੈਂਬਰਾਂ ਨੇ ਇਹੀ ਗੱਲ ਕਹੀ ਕਿ ਯੂਥ ਸੈਣੀ ਫੈਡਰੇਸ਼ਨ ਪੰਜਾਬ ਵਲੋਂ ਜੋ ਸੈਣੀ ਸੰਮੇਲਨ ਭੰਗਾਲਾ ਵਿਖੇ ਮਿਤੀ 5 ਅਪ੍ਰੈਲ ਨੂੰ ਹੋ ਰਿਹਾ ਹੈ ਉਸ ਵਿੱਚ ਹਰ ਜਗ੍ਹਾ 'ਤੇ ਬੈਠੇ ਸੈਣੀ ਹਰ ਹਾਲਤ ਵਿੱਚ ਪਹੁੰਚਣ। ਮੀਟਿੰਗ ਵਿੱਚ ਪਿਆਰੇ ਲਾਲ ਸੈਣੀ, ਅਰਵਿੰਦ ਸੈਣੀ ਨਿਰਮਲ ਸਿੰਘ ਸੈਣੀ, ਕ੍ਰਿਸ਼ਨ ਸੈਣੀ, ਭੁਪਿੰਦਰ ਸੈਣੀ ਅਤੇ ਰਾਜਾ ਸੈਣੀ ਮੌਜੂਦ ਸਨ।



## ਕਿਸਾਨ ਜਥੇਬੰਦੀਆਂ ਕੀਤਾ ਵਿਧਾਇਕ ਰਾਜਾ ਦੇ ਘਰ ਮੂਹਰੇ ਧਰਨਾ ਪ੍ਰਦਰਸ਼ਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)** - ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਸੂਬਾ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜਥੇਬੰਦੀ ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਵਲੋਂ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿਚ ਆਪਣੀਆਂ ਮੰਗਾਂ ਨੂੰ ਲੈ ਕੇ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਦੇ ਘਰ ਮੂਹਰੇ ਧਰਨਾ ਪ੍ਰਦਰਸ਼ਨ ਕੀਤਾ ਤੇ ਸੂਬਾ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ । ਇਹ ਧਰਨਾ ਕਰੀਬ 4 ਘੰਟੇ ਤੱਕ ਲਗਾਤਾਰ ਜਾਰੀ ਰਿਹਾ । ਇਸ ਮੌਕੇ ਪ੍ਰਧਾਨ ਪਰਮਜੀਤ ਸਿੰਘ ਭੁੱਲਾਂ , ਸਕੱਤਰ ਕੁਲਦੀਪ ਸਿੰਘ ਬੇਗੋਵਾਲ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨਾਲ ਕੇਂਦਰ ਸਰਕਾਰ ਦੀ ਸ਼ਹਿ 'ਤੇ ਧੱਕੇਸ਼ਾਹੀ ਕਰ ਰਹੀ ਹੈ ।ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਜਥੇਬੰਦੀ ਆਗੂਆਂ ਵਲੋਂ ਵਿਧਾਇਕ ਰਾਜਾ ਗਿੱਲ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਇੱਕ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਲੈਂਦੇ ਹੋਏ ਵਿਧਾਇਕ ਰਾਜਾ ਗਿੱਲ ਨੇ ਕਿਹਾ ਕਿ ਤੁਸੀਂ ਸਾਡੇ ਹੀ ਭੈਣਾਂ ਭਰਾ ਹੋ, ਜੇਕਰ ਕਿਸਾਨ ਜਥੇਬੰਦੀਆਂ ਦਿੱਲੀ ਵਿਖੇ ਧਰਨਾ ਪ੍ਰਦਰਸ਼ਨ ਕਰਨ ਲਈ ਜਾਣਗੀਆਂ ਉਹ ਉਨਾਂ ਨਾਲ ਸੱਭ ਤੋਂ ਮੂਹਰੇ ਧਰਨਾ ਪ੍ਰਦਰਸ਼ਨ ਲਈ ਜਾਣਗੇ । ਇਸ ਮੌਕੇ ਗੁਰਸੇਵਕ ਸਿੰਘ, ਸੁੱਖਪਾਲ ਸਿੰਘ, ਸਰਵਣ ਸਿੰਘ, ਹਰਮਨ ਸਿੰਘ , ਨਿਸ਼ਾਨ ਸਿੰਘ ਫੌਜੀ ਕਲੋਨੀ, ਰਾਜੂ ਮਿਆਣੀ , ਸਰਬਜੀਤ ਕੌਰ , ਕੁਲਵੰਤ ਕੌਰ , ਜਸਵਿੰਦਰ ਸਿੰਘ, ਸ਼ਾਮ ਸਿੰਘ, ਰਣਜੀਤ ਸਿੰਘ, ਹਰਪਾਲ ਸਿੰਘ ਖੱਖ, ਸਨੀ ਖੱਖ, ਮੰਨਾ ਸਿੰਘ, ਬੇਅੰਤ ਕੌਰ, ਦਲਜੀਤ ਕੌਰ, ਨਰਿੰਦਰ ਕੌਰ, ਲਖਵਿੰਦਰ ਕੌਰ, ਸਿਮਰਨਜੀਤ ਕੌਰ ਬਾਠ, ਅਰਵਿੰਦਰ ਸਿੰਘ ਰਾਣਾ ਮੌਜੂਦ ਸਨ।



## ਈਦ ਦਾ ਪਵਿੱਤਰ ਤਿਉਹਾਰ ਆਪਸੀ ਪ੍ਰੇਮ-ਪਿਆਰ ਦਾ ਪ੍ਰਤੀਕ : ਰਾਜਾ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਓਂਕਾਰ ਸਿੰਘ)**- ਈਦ ਉਲ ਫਿਤਰ ਦਾ ਪਵਿੱਤਰ ਤਿਉਹਾਰ ਨੂਰਾਨੀ ਜਾਮਾ ਮਸਜਿਦ ਲਹੌਰੀਆਂ ਮੁਹੱਲਾ ਉੜਮੁੜ ਟਾਂਡਾ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਇਕੱਤਰ ਹੋਏ ਵੱਡੀ ਗਿਣਤੀ ਵਿੱਚ ਮੁਸਲਮਾਨ ਭਾਈਚਾਰੇ ਨੇ ਈਦ ਦੀ ਨਮਾਜ਼ ਅਦਾ ਕੀਤੀ ਅਤੇ ਇਕ ਦੂਸਰੇ ਨੂੰ ਗਲੇ ਮਿਲ ਕੇ ਪਵਿੱਤਰ ਤਿਉਹਾਰ ਦੀ ਮੁਬਾਰਕਬਾਦ ਦਿੰਦੇ ਹੋਏ ਸਭਨਾਂ ਦੇ ਭਲੇ ਦੀ ਕਾਮਨਾ ਕੀਤੀ।ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਤੇ ਇਮਪਰੂਵਮੈਂਟ ਟਰਸਟ ਹੁਸ਼ਿਆਰਪੁਰ ਦੇ ਸਾਬਕਾ ਚੇਅਰਮੈਨ ਹਰਮੀਤ ਸਿੰਘ ਔਲਖ ਨੇ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਈਦ ਦੇ ਪਵਿੱਤਰ ਤਿਉਹਾਰ ਦੀ ਮੁਬਾਰਕਬਾਦ ਦਿੱਤੀ।ਰਾਜਾ ਗਿੱਲ ਨੇ ਕਿਹਾ ਕਿ ਈਦ ਦਾ ਪਵਿੱਤਰ ਤਿਉਹਾਰ ਆਪਸੀ ਪ੍ਰੇਮ ਪਿਆਰ ਅਤੇ ਭਾਈਚਾਰੇ ਪ੍ਰਤੀਕ ਹੈ ਅਤੇ ਇਹ ਤਿਉਹਾਰ ਸਾਨੂੰ ਜਿੱਥੇ ਰੂਹਾਨੀਅਤ ਦੀ ਬਖਸ਼ਿਸ਼ ਕਰਦਾ ਹੈ ਉੱਥੇ ਹੀ ਸਮੁੱਚੇ ਭਾਈਚਾਰੇ ਲਈ ਇਹ ਦਿਨ ਬੜਾ ਹੀ ਖੁਸ਼ੀਆਂ ਭਰਿਆ ਹੁੰਦਾ ਹੈ। ਇਸ ਮੌਕੇ ਉਨਾਂ ਨੇ ਮੁਸਲਮਾਨ ਭਾਈਚਾਰੇ ਨੂੰ ਦਰਪੇਸ਼ ਆਉਂਦੀਆਂ ਵੱਖ ਵੱਖ ਮੁਸ਼ਕਿਲਾਂ ਵੀ ਸੁਣੀਆਂ ਅਤੇ ਉਨਾਂ ਦੇ ਹੱਲ ਦਾ ਭਰੋਸਾ ਦਿੱਤਾ।ਇਸ ਮੌਕੇ 'ਤੇ ਪੀਰ ਸਈਅਦ ਹਾਜੀ ਇਮਤੀਆਜ ਅਲੀ, ਆਲ ਇੰਡੀਆ ਗੁੱਜਰ ਮਹਾ ਸਭਾ ਟਾਂਡਾ ਉੜਮੁੜ ਸੀਨੀਅਰ ਆਗੂ ਹਨੀਫ ਮੁਹੰਮਦ, ਮੌਲਾਨਾ ਆਫਤਾਫ ਆਲਮ, ਮੁਸ਼ਤਾਕ ਅਲੀ ਖੱਖ, ਹਾਜੀ ਸਾਈ, ਚੇਅਰਮੈਨ ਹਾਜੀ ਆਲਮ, ਬੱਬੂ ਗੁੱਜਰ,ਨੂਰ ਆਲਮ ਗਨੀ,ਹਾਜੀ ਮੁਹੰਮਦ, ਈਸਰਾ ਮੁਹੰਮਦ, ਮੁਹੰਮਦ ਮੂਸਾ ਅਲੀ, ਲਤੀਫ ਟਾਂਡਾ, ਹਾਜੀ ਦਲਮੀਰ ਟਾਂਡਾ, ਅਤਵਾਰ ਸਿੰਘ ਵੀ ਹਾਜ਼ਰ ਸਨ।



## ਸਹੇਲੀ ਫਾਊਂਡੇਸ਼ਨ ਨੇ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

**ਨੰਗਲ (ਸੁਰਜੀਤ ਸਿੰਘ)**— ਸਹੇਲੀ ਫਾਊਂਡੇਸ਼ਨ ਸਰੀ ਕੈਨੇਡਾ ਵੱਲੋਂ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕਰਕੇ ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਨੰਗਲੀ ਦੇ 10 ਹੋਣਹਾਰ ਵਿਦਿਆਰਥੀਆਂ ਸੁਖਪ੍ਰੀਤ ਸਿੰਘ, ਕਿਰਨਜੀਤ ਕੌਰ, ਗਨਿਕਾ, ਨਵਨੀਤ ਕੌਰ, ਸਮਰਪ੍ਰੀਤ ਸਿੰਘ, ਤਾਨੀਆ, ਨਵਜੋਤ ਕੌਰ, ਨਕਸ਼ ਕੁਮਾਰ,ਅਮਨਪ੍ਰੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ।ਵਿਸ਼ੇਸ਼ ਮਹਿਮਾਨ ਅਤੇ ਪੰਜਾਬ ਜੰਗਲੀ ਜੀਵ ਸਲਾਹਕਾਰ ਬੋਰਡ ਦੇ ਸਾਬਕਾ ਮੈਂਬਰ ਡਾਕਟਰ ਗੁਲਜੀਤ ਸਿੰਘ ਚੱਡਾ ਨੇ ਸਹੇਲੀ ਫਾਊਂਡੇਸ਼ਨ ਵੱਲੋਂ ਚਲਾਈ ਜਾ ਰਹੀ ਫਾਸਟ ਫੂਡ ਵਿਰੋਧੀ ਮੁਹਿੰਮ ਦੀ ਸ਼ਲਾਘਾ ਕੀਤੀ। ਇਸ ਮੌਕੇ, ਸੀਨੀਅਰ ਪੱਤਰਕਾਰ ਗੁਰਪ੍ਰੀਤ ਗਰੇਵਾਲ,ਮੈਡਮ ਕਮਲੇਸ਼ ਨੱਡਾ, ਜਗਮੋਹਨ ਨੱਡਾ ਏਕਤਾ ਰਾਣੀ, ਪੂਨਮ ਸ਼ਰਮਾ, ਯੋਗੇਸ਼ ਸੱਚਦੇਵਾ ਸੰਜੀਵ ਕੁਮਾਰ ਆਦਿ ਹਾਜ਼ਰ ਸਨ।





ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵਿੱਚ ਮਹਾਂਮਾਈ ਦੇ ਨਵਰਾਤਰੇ ਮੌਕੇ ਸ੍ਰੀ ਦੁਰਗਾ ਸਤੁਤੀ ਦਾ ਪਾਠ ਕਰਦੇ ਹੋਏ ਸ਼ਰਧਾਲੂ । **(ਫੋਟੋ ਤੇ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ)**

## ਬਾਹੜ ਮਜਾਰਾ ਵਿਖੇ ਲਗਾਇਆ ਹੈੱਲਥ, ਫਿੱਟਨੈੱਸ ਤੇ ਐਜੂਕੇਸ਼ਨ ਮੋਟੀਵੇਸ਼ਨਲ ਕੈਂਪ

**ਫਗਵਾੜਾ (ਜਸਵਿੰਦਰ ਢੱਡਾ)** ਨੇੜਲੇ ਪਿੰਡ ਬਾਹੜ ਮਜ਼ਾਰਾ ਵਿਖੇ ਸਕੂਲ ਅਧਿਆਪਕਾਂ, ਐਨ.ਆਰ.ਆਈ. ਵੀਰਾਂ, ਪੰਚਾਇਤ ਅਤੇ ਨਿਰਭੈ ਵੈਲਫੇਅਰ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਨਵ ਫਿਟਨੈਸ ਕਲੱਬ ਦੁਆਰਾ ਹੈਲਥ, ਫਿਟਨੈਸ ਅਤੇ ਐਜੂਕੇਸ਼ਨ ਮੋਟੀਵੇਸ਼ਨਲ ਕੈਂਪ ਦਾ ਸਫਲ ਆਯੋਜਨ ਐਡਵੋਕੇਟ ਨਵਦੀਪ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਬੱਚਿਆਂ ਨੂੰ ਚੰਗੀ ਸਿਹਤ, ਕਸਰਤ ਕਰਨ, ਚੰਗੀ ਖੁਰਾਕ ਖਾਣ ਅਤੇ ਚੰਗੀ ਪੜ੍ਹਾਈ ਕਰਨ ਦੇ ਬਾਰੇ ਜਾਗਰੂਕ ਕੀਤਾ ਗਿਆ। ਇਸ ਦੌਰਾਨ 29 ਮਾਰਚ ਨੂੰ ਨਸ਼ਿਆਂ ਦੇ ਖਿਲਾਫ ਪਿੰਡ ਵਿੱਚ ਇਕ ਜਾਗਰੂਕਤਾ ਰੈਲੀ ਵੀ ਕੱਢੀ ਗਈ। ਜਿਸ ਦੀ ਅਗਵਾਈ ਪਿੰਡ ਦੇ ਸਕੂਲ ਟੀਚਰ ਮਦਨ ਮੋਹਨ ਰਾਏ, ਹਰਮੇਸ਼ ਲਾਲ, ਪਰਮਜੀਤ ਸਿੰਘ, ਜਸਕਰਨ ਸਿੰਘ ਵਲੋਂ ਸਾਂਝੇ ਤੌਰ 'ਤੇ ਕੀਤੀ ਗਈ। ਦੂਸਰੇ ਦਿਨ ਦੇ ਇਵੈਂਟ ਵਿੱਚ ਮੁੱਖ ਮਹਿਮਾਨਾਂ ਵਜੋਂ ਰਣਜੀਤ ਉੱਪਲ ਚੇਅਰਮੈਨ ਚੰਡੀਗੜ੍ਹ, ਚੰਦਨ ਮੋਹਨ, ਪਰਵੀਨ ਬੰਗਾ, ਡਾ. ਇੰਦਰਜੀਤ ਕੁਮਾਰ ਐਡਵੋਕੇਟ, ਯੁਵਰਾਜ ਸਿੰਘ ਐਡਵੋਕੇਟ, ਡਾ. ਅਮਰਦੀਪ ਲੌਂਗੀਆ, ਡਾ. ਹਰਜਿੰਦਰ ਬੈਂਸ, ਹਰਜੋਤ ਰਾਏ ਓਲੰਪੀਅਨ ਬਾਡੀ ਬਿਲਡਰ, ਰਕੇਸ਼ ਕੁਮਾਰ ਬਾਡੀ ਬਿਲਡਰ, ਪਰਮਜੀਤ ਸਿੰਘ ਕਨੇਡਾ ਵੇਟ ਲਿਫਟਰ, ਤੇਜਸ ਪਹਿਲਵਾਨ, ਵਿਸ਼ਾਲ ਨੰਨ੍ਹਾ ਢਡਵਾਲ ਆਦਿ ਸ਼ਾਮਲ ਹੋਏ। ਉਹਨਾਂ ਆਪਣੇ ਵਡਮੁੱਲੇ ਵਿਚਾਰਾਂ ਨਾਲ ਬੱਚਿਆਂ ਨੂੰ ਸਿਹਤ ਫਿਟਨੈਸ, ਖੇਡਾਂ ਅਤੇ ਚੰਗੀ ਖੁਰਾਕ ਲੈਣ ਬਾਰੇ ਜਾਗਰੂਕ ਕੀਤਾ। ਇਸ ਦੌਰਾਨ ਨਿੱਕੇ-ਨਿੱਕੇ ਬੱਚਿਆਂ ਵਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਬੱਚਿਆਂ ਨੇ ਗਿੱਧਾ, ਭੰਗੜਾ ਅਤੇ ਭਾਸ਼ਣ ਰਾਹੀਂ ਇਵੈਂਟ ਦੀ ਰੌਣਕ ਨੂੰ ਚਾਰ ਚੰਨ ਲਗਾਏ। ਜਿਸ ਨੂੰ ਹਾਜਰੀਨ ਨੇ ਖੂਬ ਪਸੰਦ ਕੀਤਾ। ਹੋਣਹਾਰ ਬੱਚਿਆਂ ਅਤੇ ਬਜ਼ੁਰਗਾਂ ਦਾ ਸਨਮਾਨ ਵੀ ਕੀਤਾ ਗਿਆ। ਸਟੇਜ ਦੀ ਸੇਵਾ ਪ੍ਰੋਫੈਸਰ ਬਲਵਿੰਦਰ ਸਿੰਘ ਨੇ ਨਿਭਾਈ। ਐਡਵੋਕੇਟ ਨਵਦੀਪ ਸਿੰਘ ਅਤੇ ਪ੍ਰਬੰਧਕਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਐਨ.ਆਰ.ਆਈ. ਵੀਰਾਂ ਅਤੇ ਸਹਿਯੋਗੀਆਂ ਚੇਤਨ ਸਿੰਘ, ਸੁਖਬੀਰ ਸਿੰਘ, ਗੁਰਪ੍ਰੀਤ ਸਿੰਘ, ਰਵੀ ਸ਼ੋਭਰਾਜ, ਮਨਜਿੰਦਰ ਸਿੰਘ, ਅਮਰਿੰਦਰ ਸਿੰਘ, ਰੂਬੀ ਦੁਸਾਂਝ, ਨੋਬਲ ਠਾਕੁਰ, ਹੈਪੀ, ਗੋਪੀ, ਗੋਰਾ, ਲੱਕੀ, ਕਸਤੂਰੀ ਲਾਲ, ਦਿਲਬਰ, ਰਾਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਆਸ਼ਾ ਰਾਣੀ ਸਰਪੰਚ, ਰਾਜਵਿੰਦਰ ਕੌਰ ਅਤੇ ਸਮੂਹ ਪੰਚਾਇਤ ਮੈਂਬਰ, ਪਰਮਜੀਤ ਕੌਰ, ਦੀਪ ਕੌਰ, ਗਿਆਨ ਕੌਰ, ਬਿਮਲਾ, ਸੁਰਿੰਦਰ ਪਾਲ, ਚੇਤਨ ਆਨੰਦ, ਸਰਵਣ, ਦੇਵ ਰਾਮ, ਨਰਿੰਦਰ ਪਾਲ, ਜਸਵੀਰ ਤੋਂ ਇਲਾਵਾ ਕਲੱਬ ਮੈਂਬਰ ਰਾਜੇਸ਼ ਕੁਮਾਰ, ਸੱਤੀ ਦੁਸਾਂਝ, ਸਤਵਿੰਦਰ ਕੁਮਾਰ, ਲੋਕ ਗਾਇਕ ਪੰਮਾ ਕੁਲਥਮ, ਅਜੇ ਕਲਸੀ, ਬਲਿਹਾਰ, ਕੁਲਬੀਰਾ, ਸੌਰਭ, ਸਾਹਿਲ, ਸਾਈਮਨ, ਮਨੀ, ਰਾਹੁਲ, ਅਭਿਸ਼ੇਕ, ਅਜੇ ਆਦਿ ਹਾਜਰ ਸਨ।



## ਕਿਤਾਬਾਂ ਪੜ੍ਹਨਾ ਮਹਾਨ ਲੋਕਾਂ ਦਾ ਸਾਥ ਮਾਨਣ ਵਾਂਗ : ਇੰਜੀ. ਮੋਰੋਂ



**ਬੰਗਾ (ਅਵਤਾਰ ਕਲੇਰ)**— ਗਿਆਨਵਾਨ ਲੋਕ ਆਪਣੇ ਲਈ ਅਤੇ ਸਮੁੱਚੇ ਸਮਾਜ ਵਾਸਤੇ ਚੰਗੇ ਫੈਸਲੇ ਕਰਨ ਦੇ ਸਮਰੱਥ ਹੁੰਦੇ ਹਨ। ਸਿਆਣੇ ਕਹਿੰਦੇ ਹਨ ਕਿ ਗਿਆਨ ਵੰਡਿਆਂ ਵਧਦਾ ਹੈ। ਇਸ ਵਿਚਾਰ ਨੂੰ ਉਦੇਸ਼ ਬਣਾ ਕੇ ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ ,ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗਿਆਨ ਵੰਡਣ ਦੀ ਮੁਹਿੰਮ ਮੁਫ਼ਤ ਪੁਸਤਕਾਂ ਰਾਹੀਂ ਸ਼ੁਰੂ ਕੀਤੀ ਹੋਈ ਹੈ। ਜਿਸ ਤਹਿਤ ਪਿੰਡਾਂ ਵਿੱਚ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਗਿਆਨ, ਵਿਗਿਆਨ ਨਾਲ ਸੰਬੰਧਿਤ ਬਿਲਕੁੱਲ ਮੁਫਤ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਬੇਗੋਵਾਲ, ਗੋਸਲ, ਸਾਹਲੋਂ ਤੋਂ ਬਾਅਦ ਹੁਣ ਪਿੰਡ ਮਾਈਦਿੱਤਾ ਵਿਖੇ ਬੱਚਿਆ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ । ਬੱਚਿਆਂ ਨੂੰ ਸੰਬੋਧਨ ਕਰਦਿਆਂ ਇੰਜੀ. ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਕਿਤਾਬਾਂ ਪੜ੍ਹਨਾ ਮਹਾਨ ਲੋਕਾਂ ਦਾ ਸਾਥ ਮਾਨਣ ਵਾਂਗ ਹੁੰਦਾ ਹੈ, ਚੰਗੀਆਂ ਕਿਤਾਬਾਂ ਵਧੀਆ ਜੀਵਨ ਜਾਂਚ ਸਿਖਾਉਂਦੀਆਂ ਹਨ। ਮਹਾਨ ਸ਼ਖਸੀਅਤਾਂ ਦੇ ਜੀਵਨ, ਸਾਡੇ ਲਈ ਪ੍ਰੇਰਨਸ੍ਰੋਤ ਬਣਦੇ ਹਨ । ਸਰਪੰਚ ਨਿੰਦਰ ਮਾਈਦਿੱਤਾ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਨਿਰਾਸ਼ਾ ਦੇ ਦੌਰ ਵਿੱਚ ਜੀਅ ਰਹੇ ਹਨ, ਜਿਸ ਦਾ ਸਿੱਟਾ ਨਸ਼ਿਆਂ ਅਤੇ ਖੁਦਕੁਸ਼ੀਆਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਅਜਿਹੇ ਸਮੇਂ ਚੰਗੀਆਂ ਪੁਸਤਕਾਂ ਸਾਨੂੰ ਸਹੀ ਰਾਹ ਪਾਉਣ ਵਿੱਚ ਆਪਣੀ ਭੂਮਿਕਾ ਨਿਭਾਉਣਗੀਆਂ। ਸਾਨੂੰ ਸਾਰਿਆਂ ਨੂੰ ਆਪਣੀ ਸੋਚ ਵਿਗਿਆਨਕ, ਤਰਕਵਾਦੀ ਬਣਾਉਣ ਲਈ ਕਿਤਾਬਾਂ ਪੜ੍ਹਨ ਦੀ ਆਦਤ ਬਣਾ ਲੈਣੀ ਚਾਹੀਦੀ ਹੈ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅਧਿਆਪਕਾ ਕੁਲਵਿੰਦਰ ਕੌਰ, ਰਾਜਵਿੰਦਰ ਕੌਰ ਆਂਗਨਵਾੜੀ ਵਰਕਰ, ਸਰਬਜੀਤ ਕੌਰ ਪੰਚ,ਅਮਨਦੀਪ ਕੌਰ ਪੰਚ,ਮਨਪ੍ਰੀਤ ਸਿੰਘ ਪੰਚ, ਗੁਰਪ੍ਰੀਤ ਸਿੰਘ ਪੰਚ, ਚਰਨਜੀਤ ਕੌਰ,ਮਨਦੀਪ ਕੌਰ, ਅਮਰਿੰਦਰ ਕੌਰ, ਦਲਵੀਰ ਮਾਹੀ ਬੇਗੋਵਾਲ, ਵਿਜੇ ਕੁਮਾਰ ਸੋਡੀਆਂ ਹਾਜ਼ਰ ਸਨ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵਲੋਂ ਗੀਤ, ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

## ਭਾਰਤੀ ਸ਼ੇਅਰ ਬਾਜ਼ਾਰ ਬਨਾਮ ਅਰਥਚਾਰਾ... (ਸਫ਼ਾ 4 ਦੀ ਬਾਕੀ)

ਮੁਨਾਫ਼ੇ ਦਾ ਡਿੱਗਣਾ ਸ਼ੁਰੂ ਹੋਇਆ ਸੀ । ਪੈਦਾਵਾਰ-ਵੰਡ ਦੇ ਖੇਤਰ ਵਿੱਚ ਨਵੇਂ ਨਿਵੇਸ਼ ਦੀਆਂ ਸੰਭਾਵਨਾਵਾਂ ਦੇ ਘੱਟ ਹੁੰਦੇ ਜਾਣ ਨਾਲ ਹੁਣ ਮਜ਼ਦੂਰ ਮਿਹਨਤਕਸ਼ ਜਨਤਾ ਦੀ ਆਮਦਨ ਵਿੱਚ ਕਟੌਤੀ ਨਾਲ ਇਹ ਸੰਭਾਵਨਾ ਹੋਰ ਘੱਟ ਹੋ ਜਾਂਦੀ ਸੀ । ਅਜਿਹੇ ਵਿੱਚ ਪੂੰਜੀ ਦੇ ਸੱਟੇਬਾਜ਼ੀ ਦੇ ਖੇਤਰ ਵਿੱਚ ਵੱਧ ਲਾਏ ਜਾਣ ਦਾ ਰੁਝਾਨ ਪੈਦਾ ਹੋਇਆ । ਉਦਾਰੀਕਰਨ, ਵਿਸ਼ਵੀਕਰਨ ਦੇ ਦੌਰ ਵਿੱਚ ਵਿੱਤੀ ਖੇਤਰ ਦਾ ਹਿੱਸਾ ਅਰਥਚਾਰੇ ਵਿੱਚ ਲਗਾਤਾਰ ਵਧਦਾ ਗਿਆ । ਇਸ ਤਰ੍ਹਾਂ ਇਸ ਖੇਤਰ ਵਿੱਚ ਹੋਣ ਵਾਲਾ ਮੁਨਾਫਾ ਵੀ ਕੁੱਲ ਮੁਨਾਫੇ ਦੇ ਅਨੁਪਾਤ ਵਿੱਚ ਵਧਦਾ ਗਿਆ । ਅਸਲ ਪੈਦਾਵਾਰ-ਵੰਡ ਦੇ ਮੁਕਾਬਲੇ ਵਿੱਤੀ ਖੇਤਰ ਦੇ ਫਲਾਅ ਦਾ ਸਿਰਫ ਇਕ ਹੀ ਮਤਲਬ ਸੀ, ਭਾਂਤ-ਭਾਂਤ ਦੀ ਸੱਟੇਬਾਜ਼ੀ ਦਾ ਵਧਦੇ ਜਾਣਾ ਸ਼ੇਅਰ ਬਾਜ਼ਾਰ ਦੀ ਸੱਟੇਬਾਜ਼ੀ ਇਹਨਾਂ ਵਿੱਚੋਂ ਇੱਕ ਸੀ। ਇਸ ਤਰ੍ਹਾਂ ਦੁਨੀਆ ਭਰ ਵਿੱਚ ਸ਼ੇਅਰ ਬਾਜ਼ਾਰਾਂ ਵਿੱਚ ਲਗਾਤਾਰ ਉਛਾਲ ਅਰਥਚਾਰੇ ਵਿੱਚ ਵਾਧੇ ਦਾ ਸੂਚਕ ਹਰਗਿਜ਼ ਨਹੀਂ ਹੈ। ਇਸ ਦੇ ਠੀਕ ਬਜਟ ਉਲਟ ਇਹ ਅਰਥਚਾਰੇ ਦੇ ਲੰਬੇ ਸਮੇਂ ਦੇ ਸੰਕਟ ਦਾ ਸੂਚਕ ਹੈ । ਇਹ ਉਦੋਂ ਵੀ ਜਦ ਪੂੰਜੀਵਾਦੀ ਕੌਲੀਚੱਟਾਂ ਦੇ ਹਿਸਾਬ ਨਾਲ ਸ਼ੇਅਰਾਂ ਦੇ ਭਾਅ ਅਤੇ ਆਮਦਨ ਦਾ ਅਨੁਪਾਤ ਠੀਕ ਹੋਵੇ । 15 ਤੋਂ 18 ਗੁਣ ਤੱਕ । ਅੱਜ ਭਾਰਤ ਵਿੱਚ ਕੰਪਨੀਆਂ ਕਿਸ ਤਰ੍ਹਾਂ ਮੁਨਾਫ਼ਾ ਕਮਾਉਂਦੀਆਂ ਹਨ, ਇਹ ਕਿਸੇ ਤੋਂ ਛੁਪਿਆ ਨਹੀਂ ਹੈ । ਕੋਵਿਡ ਕਾਲ 'ਚ ਜਦ ਭਾਰਤੀ ਅਰਥਚਾਰਾ ਸੁੰਗੜ ਗਿਆ ਸੀ, ਉਦੋਂ ਵੱਡੇ ਪੂੰਜੀਪਤੀਆਂ ਦੀਆਂ ਕੰਪਨੀਆਂ ਨੇ ਰਿਕਾਰਡ ਤੋੜ ਮੁਨਾਫ਼ਾ ਕਮਾਇਆ ਸੀ, ਇਹੀ ਹਾਲ ਸਾਰੀ ਦੁਨੀਆਂ ਦਾ ਹੈ । ਸਾਰੀ ਦੁਨੀਆ ਨੂੰ 2008-09 ਦੇ ਭਿਆਨਕ ਸੰਕਟ ਵਿੱਚ ਪਾਉਣ ਵਾਲੇ ਅਮਰੀਕੀ ਵਿੱਤੀ ਅਦਾਰਿਆਂ ਨੇ 2009 ਵਿੱਚ ਰਿਕਾਰਡ ਮੁਨਾਫ਼ਾ ਕਮਾਇਆ ਸੀ । ਸਭ ਥਾਂ ਇਹ ਸਰਕਾਰਾਂ ਦੀ ਕ੍ਰਿਪਾ ਨਾਲ ਸੰਭਵ ਹੋਇਆ, ਜਿਨ੍ਹਾਂ ਇਹ ਮੁਨਾਫਾ ਯਕੀਨੀ ਬਣਾਇਆ ਤੇ ਉਸ ਦਾ ਸਾਰਾ ਬੋਝ ਮਜ਼ਦੂਰ ਮਿਹਨਤਕਸ਼ ਜਨਤਾ 'ਤੇ ਪਾ ਦਿੱਤਾ । ਜਿਵੇਂ-ਜਿਵੇਂ ਛੋਟੀ ਜਾਇਦਾਦ ਵਾਲਿਆਂ ਦੇ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ, ਉਵੇਂ-ਉਵੇਂ ਉਹਨਾਂ ਦੀ ਆਪਣੀ ਹੈਸੀਅਤ ਨੂੰ ਬਚਾਉਣ ਦੀ ਛਟਪਟਾਹਟ ਵੀ ਵਧੀ ਜਾ ਰਹੀ ਹੈ। ਇਸ ਛੱਟਪਟਾਹਟ ਵਿੱਚ ਉਹ ਨਿਰਾਸ਼ਾ ਭਰੀ ਕਾਰਵਾਈ ਦੇ ਤੌਰ 'ਤੇ ਸੱਟੇਬਾਜ਼ੀ ਦੀ ਵੀ ਸ਼ਰਨ ਲੈ ਰਹੇ ਹਨ । ਅੱਜਕੱਲ੍ਹ ਆਨਲਾਈਨ ਜੂਏ ਦੀ ਪਰਮਾਰ ਹੈ । ਜਿਸ ਤਰ੍ਹਾਂ ਸ਼ੇਅਰ ਬਾਜ਼ਾਰ ਦੀ ਸੱਟੇਬਾਜ਼ੀ ਦਾ ਵੀ ਜਲਵਾ ਹੈ, ਪਰ ਇਸ ਸਭ ਸਾਰੇ ਕੁਝ ਦਾ ਸਿੱਟਾ ਉਹਨਾਂ ਦੀ ਹੋਰ ਜ਼ਿਆਦਾ ਤਬਾਹੀ ਦੇ ਤੌਰ 'ਤੇ ਸਾਹਮਣੇ ਆਉਂਦਾ ਹੈ । ਭਾਰਤ ਵਿੱਚ ਇਸ ਤਬਾਹੀ ਨੇ ਹਿੰਦੂ ਫਾਸ਼ੀਵਾਦੀਆਂ ਦੇ ਫਿਰਕੂ ਪ੍ਰਚਾਰ ਦੀ ਧਾਰ ਨੂੰ ਕਿਸ ਹੱਦ ਤੱਕ ਤੇਜ਼ ਕੀਤਾ ਹੈ । ਸਮਾਂ ਗਿਆ ਹੈ ਕਿ ਛੋਟੀ ਜਾਇਦਾਦ ਵਾਲੇ ਆਪਣੀ ਤਬਾਹੀ ਅਤੇ ਹਿੰਦੂ ਫਾਸ਼ੀਵਾਦੀਆਂ ਦੀ ਖੇਡ ਦੇ ਵਿੱਚ ਦੇ ਅਸਲ ਸੰਬੰਧ ਨੂੰ ਸਮਝਣ ਉਹ ਆਪਣੀ ਤਬਾਹੀ ਦੇ ਫੌਰੀ ਤੇ ਦੂਰਗਾਮੀ ਕਾਰਕਾਂ ਨੂੰ ਵੀ ਸਮਝਣ।

**(ਕਰਟਸੀ ਨਾਗਰਿਕ ਮਾਰਚ,** 2025)

**#ਸੰਪਰਕ :** 9815629301

## ਜਾਅਲੀ ਸਰਟੀਫਿਕੇਟ ਧਾਰਕਾਂ ਖਿਲਾਫ ਐੱਫ ਆਈ ਆਰ ਦਰਜ ਹੋਣਾ ਸਵਾਗਤਯੋਗ : ਤਰਸੇਮ ਚੁੰਬਰ

**ਫਗਵਾੜਾ (ਡਾ. ਰਮਨ, ਢੱਡਾ)** ਪਟਿਆਲਾ ਪੁਲਸ ਵਲੋਂ ਫਰਜੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਵਾ ਕੇ ਸਰਕਾਰੀ ਨੌਕਰੀ ਸਮੇਤ ਰਿਜ਼ਰਵ ਕੈਟੇਗਰੀ ਅਧੀਨ ਹੋਰ ਲਾਭ ਲੈਣ ਦੇ ਦੋਸ਼ 'ਚ 12 ਵਿਅਕਤੀਆਂ ਖਿਲਾਫ ਐਫ.ਆਈ.ਆਰ. ਦਰਜ਼ ਕੀਤੀ ਹੈ। ਫਰਜੀ ਐਸ.ਸੀ. ਸਰਟੀਫਿਕੇਟ ਧਾਰਕਾਂ ਖਿਲਾਫ ਸੰਘਰਸ਼ ਕਰ ਰਹੇ ਰਿਜਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਦੇ ਲੀਗਲ ਸੈਲ ਪ੍ਰਧਾਨ ਤਰਸੇਮ ਲਾਲ ਚੁੰਬਰ ਨੇ ਪਟਿਆਲਾ ਪੁਲਸ ਦੀ ਕਾਰਵਾਈ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਖਾਸ ਤੌਰ 'ਤੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਦਾ ਧੰਨਵਾਦ ਕੀਤਾ ਹੈ, ਜਿਸਦੇ ਹੁਕਮ 'ਤੇ ਅਮਨਦੀਪ ਸਿੰਘ ਪੁੱਤਰ ਭਾਗ ਸਿੰਘ, ਵਿੱਕੀ ਪੁੱਤਰ ਭਾਗ ਸਿੰਘ, ਮਨਜੀਤ ਕੌਰ ਪਤਨੀ ਭਾਗ ਸਿੰਘ, ਅੰਗ੍ਰੇਜ਼ ਸਿੰਘ ਪੁੱਤਰ ਕਸ਼ਮੀਰ ਸਿੰਘ, ਕੁਲਵੰਤ ਕੌਰ ਪਤਨੀ ਬਲਜੀਤ ਸਿੰਘ ਜਸਵੰਤ ਸਿੰਘ ਪੁੱਤਰ ਸਵਰਨ ਸਿੰਘ, ਸਵਰਨ ਸਿੰਘ ਪੁੱਤਰ ਪਾਲਾ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਸਵਰਨ ਸਿੰਘ, ਬਲਬੀਰ ਕੌਰ ਪਤਨੀ ਸਵਰਨ ਸਿੰਘ, ਦਵਿੰਦਰ ਸਿੰਘ ਪੁੱਤਰ ਸੇਵਾ ਸਿੰਘ ਅਤੇ ਨਰਿੰਦਰ ਸਿੰਘ ਪੁੱਤਰ ਸੇਵਾ ਸਿੰਘ ਸਾਰੇ ਵਾਸੀ ਪਿੰਡ ਆਲਮਪੁਰ ਜਿਲ੍ਹਾ ਪਟਿਆਲਾ ਖਿਲਾਫ ਥਾਣਾ ਸਦਰ ਪਟਿਆਲਾ ਵਿਖੇ ਐਫ.ਆਈ.ਆਰ. ਨੰਬਰ 42/2025 ਅ.ਧ. 420, 465, 467, 468, 471, 120-ਬੀ, ਤਹਿਤ ਕੇਸ ਦਰਜ ਕੀਤਾ ਗਿਆ ਹੈ। ਤਰਸੇਮ ਚੁੰਬਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਸਾਰੇ ਵਿਅਕਤੀ ਜਨਰਲ ਕੈਟੇਗਰੀ ਦੇ ਨਾਲ ਸਬੰਧ ਰੱਖਦੇ ਹਨ। ਜਿਹਨਾਂ ਦੇ ਵਿਰੁੱਧ ਉਧਮ ਸਿੰਘ ਪੁੱਤਰ ਭਗਵਾਨ ਸਿੰਘ ਅਤੇ ਬਲਵੀਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਆਲਮਪੁਰ ਜ਼ਿਲ੍ਹਾ ਪਟਿਆਲਾ ਨੇ ਡਾਇਰੈਕਟਰ ਸਮਾਜਿਕ ਨਿਆ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਪਾਸ ਸ਼ਿਕਾਇਤ ਕੀਤੀ ਸੀ।

## ਨਵੇਂ ਭਰਤੀ ਅਧਿਆਪਕਾਂ ਨੇ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਦੀ ਕੀਤੀ ਸ਼ਲਾਘਾ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਸਿੱਖਿਆ ਵਿਭਾਗ ਵਿੱਚ ਨਵੇਂ ਭਰਤੀ ਹੋਏ ਅਧਿਆਪਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦੇਣ ਲਈ ਸ਼ਲਾਘਾ ਕੀਤੀ।ਸੰਗਰੂਰ ਦੀ ਸਿਮਰਨਜੀਤ ਸ਼ਰਮਾ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਦੇ ਪਤੀ ਨੂੰ 2023 ਵਿੱਚ ਨਿਯੁਕਤੀ ਪੱਤਰ ਮਿਲਿਆ ਸੀ ਅਤੇ ਹੁਣ ਉਸ ਨੇ ਇਹ ਨੌਕਰੀ ਹਾਸਲ ਕਰ ਕੇ ਆਪਣੇ ਦਾਦਾ ਜੀ ਦਾ ਸੁਪਨਾ ਸਾਕਾਰ ਕੀਤਾ ਹੈ। ਉਸ ਨੇ ਕਿਹਾ ਕਿ ਇਸ ਦਾ ਸਾਰਾ ਸਿਹਰਾ ਮੁੱਖ ਮੰਤਰੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੂਰੇ ਪਾਰਦਰਸ਼ੀ ਢੰਗ ਨਾਲ ਭਰਤੀ ਯਕੀਨੀ ਬਣਾਈ ਹੈ। ਮਾਨਸਾ ਦੇ ਰਹਿਣ ਵਾਲੇ ਗਗਨਦੀਪ ਸਿੰਘ ਨੇ ਦੱਸਿਆ ਕਿ ਉਹ ਪ੍ਰਾਈਵੇਟ ਤੌਰ 'ਤੇ ਕੰਮ ਕਰਦਾ ਸੀ ਅਤੇ ਲੰਬੇ ਸਮੇਂ ਤੋਂ ਨੌਕਰੀ ਲਈ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਸ ਦੇ ਪਰਵਾਰ ਦੇ ਕਿਸੇ ਵੀ ਮੈਂਬਰ ਕੋਲ ਸਰਕਾਰੀ ਨੌਕਰੀ ਨਹੀਂ ਸੀ। ਇਸ ਨੌਕਰੀ ਲਈ ਉਹ ਮੁੱਖ ਮੰਤਰੀ ਅਤੇ ਸੂਬਾ ਸਰਕਾਰ ਦੇ ਸਦਾ ਕਰਜ਼ਦਾਰ ਰਹਿਣਗੇ। ਰਾਮਫਲ ਸਿੰਘ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਉਸ ਦੀ ਅਤੇ ਉਸ ਦੇ ਦੋਸਤ ਦੀ ਸਰਕਾਰੀ ਨੌਕਰੀ ਦੀ ਆਸ ਟੁੱਟ ਗਈ ਸੀ ਪਰ ਮੁੱਖ ਮੰਤਰੀ ਦੀ ਬਦੌਲਤ ਅੱਜ ਉਸ ਨੂੰ ਨੌਕਰੀ ਮਿਲੀ ਹੈ। ਉਸ ਨੇ ਕਿਹਾ ਕਿ ਮੌਜੂਦਾ ਸਰਕਾਰ ਦੌਰਾਨ ਉਸ ਨੂੰ ਤੀਜੀ ਨੌਕਰੀ ਮਿਲੀ ਹੈ, ਜੋ ਉਸ ਲਈ ਬਹੁਤ ਮਾਣ ਵਾਲੀ ਗੱਲ ਹੈ। ਰੂਪਨਗਰ ਦੀ ਰਹਿਣ ਵਾਲੀ ਸੰਦੀਪ ਕੌਰ ਨੇ ਦੱਸਿਆ ਕਿ ਉਸ ਦੇ ਮਾਪਿਆਂ ਦਾ ਸੁਪਨਾ ਸੀ ਕਿ ਉਹ ਸਰਕਾਰੀ ਨੌਕਰੀ ਕਰੇ। ਉਸ ਨੇ ਕਿਹਾ ਕਿ ਮੁੱਖ ਮੰਤਰੀ ਦੀ ਬਦੌਲਤ ਇਹ ਸੁਪਨਾ ਪੂਰਾ ਹੋਇਆ ਹੈ ਕਿਉਂਕਿ ਇਸ ਤੋਂ ਪਹਿਲਾਂ ਉਸ ਦੇ ਪਤੀ ਨੂੰ ਵੀ ਇਸ ਸਰਕਾਰ ਦੌਰਾਨ ਨੌਕਰੀ ਮਿਲ ਚੁੱਕੀ ਹੈ। ਮਾਨਸਾ ਦੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਨੂੰ ਮੌਜੂਦਾ ਸਰਕਾਰ ਵੇਲੇ ਹੀ ਪੰਜਾਬ ਪੁਲੀਸ ਵਿੱਚ ਨੌਕਰੀ ਮਿਲੀ ਸੀ ਪਰ ਹੁਣ ਮੁੜ ਅਧਿਆਪਕ ਵਜੋਂ ਨੌਕਰੀ ਮਿਲੀ ਹੈ। ਉਸ ਨੇ ਕਿਹਾ ਕਿ ਇਸ ਦਾ ਸਾਰਾ ਸਿਹਰਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜਾਂਦਾ ਹੈ। ਸੰਗਰੂਰ ਦੀ ਗੋਲੋ ਕੌਰ ਨੇ ਮੁੱਖ ਮੰਤਰੀ ਵੱਲੋਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਅਤੇ ਆਮ ਆਦਮੀ ਦਾ ਜੀਵਨ ਰੌਸ਼ਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਉਸ ਨੂੰ ਅਤੇ ਕਈ ਹੋਰਾਂ ਨੂੰ ਦਸ ਦਿਨਾਂ ਦੇ ਅੰਦਰ ਦੂਜੀ ਨੌਕਰੀ ਮਿਲੀ ਹੈ, ਜੋ ਬੇਮਿਸਾਲ ਪ੍ਰਾਪਤੀ ਹੈ। ਪਟਿਆਲਾ ਤੋਂ ਰਵਨੀਤ ਕੌਰ ਨੇ ਕਰੋੜਾਂ ਪੰਜਾਬੀਆਂ ਦੇ ਸੁਪਨੇ ਸਾਕਾਰ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਇਹ ਨੌਕਰੀ ਦੇਣ ਲਈ ਉਹ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ ਦੀ ਹਮੇਸ਼ਾ ਰਿਣੀ ਰਹੇਗੀ।



## ਪੁਲਸ ਹਿਰਾਸਤ 'ਚ ਵਿਅਕਤੀ ਦੀ ਮੌਤ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ )**— ਥਾਣਾ ਸਦਰ ਵਿਖੇ ਨਸ਼ੇ ਦੇ ਮਾਮਲੇ ਵਿੱਚ ਪੁਲਸ ਹਿਰਾਸਤ ਦੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ।ਡੀਐਸਪੀ ਦੀਪ ਕਰਨ ਸਿੰਘ ਨੇ ਦੱਸਿਆ ਕਿ ਕਥਿਤ ਦੋਸ਼ੀ ਵਿਨੋਦ ਕੁਮਾਰ ਪੁੱਤਰ ਮੇਲਾ ਰਾਮ ਵਾਸੀ ਸੈਦੋ ਭੁਲਾਣਾ



ਵਿਰੁੱਧ ਥਾਣਾ ਸਦਰ 'ਚ 30 ਮਾਰਚ ਨੂੰ ਨਸ਼ੇ ਦੇ ਮਾਮਲੇ ਸਬੰਧੀ ਪਰਚਾ ਦਰਜ ਕੀਤਾ ਗਿਆ ਸੀ ਜਿਸ ਨੂੰ ਅਦਾਲਤ 'ਚ ਪੇਸ਼ ਕਰਕੇ ਇੱਕ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਸੀ। ਉਸ ਨੂੰ ਦੁਬਾਰਾ ਅਦਾਲਤ 'ਚ ਪੇਸ਼ ਕਰਨਾ ਸੀ ਪਰ ਤੜਕਸਾਰ ਉਸਦੀ ਸਿਹਤ ਖਰਾਬ ਹੋਣ 'ਤੇ ਉਸ ਨੂੰ ਸਿਵਲ ਹਸਪਤਾਲ ਕਪੂਰਥਲਾ ਲਿਆਂਦਾ ਗਿਆ ਜਿੱਥੇ ਡਿਊਟੀ ਡਾਕਟਰ ਅਸ਼ਿਸ ਪਾਲ ਸਿੰਘ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

2-APR-PAGE-10.qxd 4/1/2025 8:52 PM Page 1



## ਸੀਨੀਅਰ ਸਿਟੀਜ਼ਨ ਕੌਂਸਲ ਦੀ ਮਾਸਿਕ ਮੀਟਿੰਗ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਨੀਅਰ ਸਿਟੀਜ਼ਨ ਕੌਂਸਲ ਫਿਰੋਜ਼ਪੁਰ ਦੀ ਮਾਸਿਕ ਮੀਟਿੰਗ ਪ੍ਰਦੀਪ ਕੁਮਾਰ ਦੀ ਪ੍ਰਧਾਨਗੀ ਹੇਠ ਬਾਗਵਾਨ ਵਿਖੇ ਹੋਈ, ਜਿਸ ਵਿੱਚ ਮੁਕੇਸ਼ ਲੁਥਰਾ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਮੀਟਿੰਗ ਦੇ ਪ੍ਰਧਾਨ ਪ੍ਰਦੀਪ ਕੁਮਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਐਡਵੋਕੇਟ ਸੁਭਾਸ਼ ਕਾਲੀਆ ਬਤੌਰ ਰਿਟਰਨਿੰਗ-ਕਮ-ਪ੍ਰਜ਼ਾਈਡਿੰਗ ਅਫਸਰ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਵੱਲੋਂ ਸੀਨੀਅਰ ਸਿਟੀਜ਼ਨ ਕੌਂਸਲ ਦੀ ਹੋਣ ਵਾਲੀ ਚੋਣ ਦੇ ਕੰਮ ਨੂੰ ਨੇਪਰੇ ਚਾੜ੍ਹਦੇ ਹੋਏ ਪੀ ਡੀ ਸ਼ਰਮਾ ਨੂੰ ਅਗਲੇ ਦੋ ਸਾਲਾਂ 2025-2026 ਲਈ ਸਰਬਸੰਮਤੀ ਨਾਲ ਪ੍ਰਧਾਨ ਐਲਾਨਿਆ।ਪੀ ਡੀ ਸ਼ਰਮਾ ਨੇ ਕਿਹਾ ਕਿ ਉਹ ਉਨ੍ਹਾਂ ਸਾਰਿਆਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ 'ਤੇ ਇੰਨਾ ਲੰਬਾ ਸਮਾਂ ਵਿਸ਼ਵਾਸ ਕਰਕੇ ਉਨ੍ਹਾਂ ਨੂੰ ਮਾਨ ਬਖਸ਼ਿਆ ਹੈ।ਉਹ ਕੌਂਸਲ ਦੀ ਤਰੱਕੀ ਲਈ ਦਿਨ-ਰਾਤ ਕੰਮ ਕਰਦੇ ਰਹਿਣਗੇ।ਪੀ ਡੀ ਸ਼ਰਮਾ ਨੇ ਦੱਸਿਆ ਕਿ ਉਹ ਅਗਲੀ ਕਾਰਜਕਾਰਨੀ ਦਾ ਅਪ੍ਰੈਲ ਮਹੀਨੇ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਐਲਾਨ ਕਰ ਦੇਣਗੇ ਤਾਂ ਜੋ ਕੌਂਸਲ ਦਾ ਕੰਮ ਵਧੀਆ ਢੰਗ ਨਾਲ ਅੱਗੇ ਚਲਦਾ ਰਹੇ।ਮੀਟਿੰਗ ਵਿੱਚ ਸੀਨੀਅਰ ਸਿਟੀਜ਼ਨ ਕਲਾਕਾਰਾਂ ਵੱਲੋਂ ਆਪਣੇ ਗੀਤਾਂ ਰਾਹੀਂ ਹਾਜ਼ਰੀਨ ਨੂੰ ਮੰਤਰਮੁਗਧ ਕੀਤਾ।

## ਭਗਤ ਪੂਰਨ ਸਿੰਘ ਦੀ ਯਾਦ ਨੂੰ ਸਮਰਪਤ ਖ਼ੂਨਦਾਨ ਕੈਂਪ




**ਸੰਗਰੂਰ (ਪ੍ਰਵੀਨ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੀ ਸਥਾਨਕ ਸ਼ਾਖਾ ਵਿਖੇ 25ਵੇਂ ਸਥਾਪਨਾ ਦਿਵਸ ਨੂੰ ਸਮਰਪਤ ਤਿੰਨ ਰੋਜ਼ਾ ਸਮਾਗਮਾਂ ਅਧੀਨ ਦੂਸਰੇ ਦਿਨ ਵਿਸ਼ਾਲ ਖ਼ੂਨਦਾਨ ਕੈਂਪ ਡਾਕਟਰ ਇੰਦਰਜੀਤ ਕੌਰ ਪ੍ਰਧਾਨ ਸੁਸਾਇਟੀ, ਤਰਲੋਚਨ ਸਿੰਘ ਚੀਮਾ ਪ੍ਰਬੰਧਕ, ਹਰਜੀਤ ਸਿੰਘ ਅਰੋੜਾ ਵਧੀਕ ਪ੍ਰਬੰਧਕ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ ਦੀ ਦੇਖ-ਰੇਖ ਹੇਠ ਲਾਇਆ ਗਿਆ।ਸੁਰਿੰਦਰ ਪਾਲ ਸਿੰਘ ਸਿਦਕੀ ਵੱਲੋਂ ਕੈਂਪ ਸ਼ੁਰੂਆਤ ਦੀ ਅਰਦਾਸ ਕੀਤੀ ਗਈ। ਸਿਵਲ ਹਸਪਤਾਲ ਸੰਗਰੂਰ ਬਲੱਡ ਬੈਂਕ ਤੇ ਰੈੱਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਵਿੱਚ ਇਲਾਕੇ ਦੇ ਪਿੰਡਾਂ ਦੇ ਨੌਜਵਾਨਾਂ, ਸਲਾਈਟ ਲੌਂਗੋਵਾਲ ਦੇ ਵਿਦਿਆਰਥੀਆਂ ਤੇ ਪਿੰਗਲਵਾੜਾ ਦੇ ਸਟਾਫ ਮੈਂਬਰਾਂ ਨੇ ਖ਼ੂਨ ਦਾਨ ਕੀਤਾ। ਡਾ: ਉਪਾਸਨਾ, ਰਾਣੀ ਬਾਲਾ, ਹਰਦੀਪ ਕੌਰ, ਜਸਵੀਰ ਕੌਰ ਦੀ ਨਿਗਰਾਨੀ ਹੇਠ ਸਿਵਲ ਹਸਪਤਾਲ ਬਲੱਡ ਬੈਂਕ ਦੇ ਡਾ. ਪੱਲਵੀ ਤੇ ਸਟਾਫ ਨੇ ਮੈਡੀਕਲ ਡਿਊਟੀਆਂ ਨਿਭਾਈਆਂ।ਇਸ ਮੌਕੇ ਰਾਜਵੀਰ ਸਿੰਘ ਅੰਮ੍ਰਿਤਸਰ, ਤਿਲਕ ਰਾਜ, ਐੱਸ ਐੱਸ ਛੀਨਾ, ਜਗਦੀਪਕ ਸਿੰਘ, ਤਰਲੋਚਨ ਸਿੰਘ ਚੀਮਾ, ਹਰਜੀਤ ਸਿੰਘ ਅਰੋੜਾ, ਮਾਸਟਰ ਸਤਪਾਲ ਸ਼ਰਮਾ ਨੇ ਖ਼ੂਨਦਾਨੀਆਂ ਨੂੰ ਪਿੰਗਲਵਾੜਾ ਵੱਲੋਂ ਸਰਟੀਫਿਕੇਟ ਦੇ ਕੇ ਉਤਸ਼ਾਹਤ ਕੀਤਾ। ਡਾ: ਇੰਦਰਜੀਤ ਕੌਰ ਨੇ ਕਿਹਾ ਕਿ ਪਿੰਗਲਵਾੜਾ ਵੱਲੋਂ ਕੀਤੀਆਂ ਜਾ ਰਹੀਆਂ ਵੱਖ ਵੱਖ ਸੇਵਾਵਾਂ ਦੀ ਲੜੀ ਵਿੱਚ ਭਗਤ ਪੂਰਨ ਸਿੰਘ ਦੀ ਮਾਨਵਤਾ ਭਲਾਈ ਦੀ ਸੋਚ ਨੂੰ ਸਮਰਪਤ ਇਹ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ। ਇਸ ਮੌਕੇ ਡਾ. ਗੁਨਿੰਦਰਜੀਤ ਸਿੰਘ ਜਵੰਦਾ ਚੇਅਰਮੈਨ ਇਨਫੋਟੈਕ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਰਾਜ ਕੁਮਾਰ ਅਰੋੜਾ, ਰਾਜਵਿੰਦਰ ਸਿੰਘ ਲੱਕੀ, ਗਿਆਨੀ ਮਨਦੀਪ ਸਿੰਘ ਮੁਰੀਦ, ਹਰਪ੍ਰੀਤ ਸਿੰਘ ਪ੍ਰੀਤ, ਬਲਵੰਤ ਸਿੰਘ, ਕੁਲਵੰਤ ਸਿੰਘ ਅਕੋਈ, ਪ੍ਰੋ. ਨਰਿੰਦਰ ਸਿੰਘ, ਸਰਬਜੀਤ ਸਿੰਘ ਰੇਖੀ, ਸੁਭਾਸ਼ ਕਰਾੜੀਆ, ਹਰਕੀਰਤ ਕੌਰ, ਇੰਦਰਪਾਲ ਕੌਰ, ਕਮਲਪ੍ਰੀਤ ਕੌਰ ਆਦਿ ਹਾਜ਼ਰ ਸਨ।ਇਸ ਕੈਂਪ ਵਿੱਚ 83 ਖ਼ੂਨਦਾਨੀਆਂ ਨੇ ਇਸ ਮਾਨਵ ਭਲਾਈ ਕਾਰਜ ਵਿੱਚ ਹਿੱਸਾ ਪਾਇਆ।

## ਡਾਕਟਰ ਨਵੀਨ ਜੈਨ ਆਯੂਸ਼ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਅਯੂਸ਼ ਮੈਡੀਕਲ ਐਸੋਸੀਏਸ਼ਨ ਸਮਾਣਾ ਦੀ ਇੱਕ ਵਿਸ਼ੇਸ਼ ਮੀਟਿੰਗ ਡਾਕਟਰ ਨਰੇਸ਼ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਆਯੂਸ ਮੈਡੀਕਲ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਡਾਕਟਰ ਨਰੇਸ਼ ਗੁਪਤਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਸੰਸਥਾ ਦੀ ਚੁਣੀ ਗਈ ਬੌਡੀ ਦੀ ਮਿਆਦ ਦੋ ਸਾਲ ਤੱਕ ਹੁੰਦੀ ਹੈ ਅਤੇ ਦੋ ਸਾਲ ਬਾਅਦ ਨਵੇਂ ਪ੍ਰਧਾਨ ਤੇ ਨਵੀਂ ਬੌਡੀ ਦੀ ਚੋਣ ਕੀਤੀ ਜਾਂਦੀ ਹੈ।ਪਿਛਲੀ ਬੌਡੀ ਦੀ ਟਰਮ ਪੂਰੀ ਹੋ ਚੁੱਕੀ ਹੈ, ਜਿਸ ਕਰਕੇ ਅੱਜ ਨਵੀਂ ਬੌਡੀ ਦੀ ਚੋਣ ਕਰਦਿਆਂ ਸਰਬਸੰਮਤੀ ਨਾਲ ਡਾਕਟਰ ਨਵੀਨ ਜੈਨ ਨੂੰ ਇਸ ਸੰਸਥਾ ਦਾ ਪ੍ਰਧਾਨ ਚੁਣ ਲਿਆ ਗਿਆ ਹੈ ਅਤੇ ਬਾਕੀ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਹੈ।ਇਸ ਮੌਕੇ ਡਾਕਟਰ ਨਰਿੰਦਰ ਸਿੰਘ ਧੀਮਾਨ, ਡਾਕਟਰ ਤੇਜਿੰਦਰ ਸ਼ਰਮਾ, ਸੰਸਥਾ ਦੇ ਸਰਪ੍ਰਸਤ ਡਾਕਟਰ ਸੁਰਿੰਦਰ ਸਿੰਗਲਾ, ਡਾਕਟਰ ਸਾਮੰਧ ਸਿੰਗਲਾ, ਡਾਕਟਰ ਸੌਰਵ ਬਾਂਸਲ, ਡਾਕਟਰ ਰਘਬੀਰ ਜਿੰਦਲ, ਡਾਕਟਰ ਸੰਦੀਪ ਮਿੱਤਲ, ਡਾਕਟਰ ਪੰਕਜ ਸਿੰਗਲਾ, ਡਾਕਟਰ ਰਜੇਸ਼ ਗੁਪਤਾ ਨੇ ਨਵੇਂ ਚੁਣੇ ਗਏ ਪ੍ਰਧਾਨ ਡਾਕਟਰ ਨਵੀਨ ਜੈਨ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਡਾਕਟਰ ਨਵੀਨ ਜੈਨ ਨੇ ਕਿਹਾ ਕਿ ਉਹ ਇਸ ਸੰਸਥਾ ਲਈ ਇਮਾਨਦਾਰੀ, ਲਗਨ ਤੇ ਮਿਹਨਤ ਨਾਲ ਕੰਮ ਕਰਨਗੇ।

## ਕੋਆਰਡੀਨੇਟਰ ਸਤਵਿੰਦਰ ਕੌਰ ਨੂੰ ਵਿਦਾਇਗੀ ਪਾਰਟੀ




**ਜਗਰਾਓਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਕੂਲ ਦੇ ਕੋਆਰਡੀਨੇਟਰ ਮੈਡਮ ਸਤਵਿੰਦਰ ਕੌਰ 30 ਸਾਲ ਦੀ ਸੇਵਾ ਨਿਭਾਅ ਕੇ ਸਕੂਲ ਤੋਂ ਸੇਵਾ ਮੁਕਤ ਹੋ ਗਏ ਹਨ।ਉਨ੍ਹਾਂ ਦੀ ਵਿਦਾਇਗੀ ਪਾਰਟੀ ਮੌਕੇ ਇੱਕ ਛੋਟਾ ਜਿਹਾ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿੱਚ ਅਧਿਆਪਕਾਂ ਵੱਲੋਂ ਮੈਡਮ ਪ੍ਰਤੀ ਆਪਣੀਆਂ ਪਿਆਰ ਤੇ ਸਨਮਾਨ ਭਰੀਆਂ ਭਾਵਨਾਵਾਂ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਪੇਸ਼ ਕੀਤੀਆਂ ਗਈਆਂ।ਸਕੂਲ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਨੂੰ ਤੋਹਫ਼ੇ ਦੇਖ ਕੇ ਸਨਮਾਨਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਵੱਲੋਂ ਵੀ ਮੈਡਮ ਦੀ ਸਕੂਲ ਦੇ ਕਾਰਜਾਂ ਵਿੱਚ ਨਿਭਾਈ ਮਿਹਨਤ ਤੇ ਲਗਨ ਲਈ ਪ੍ਰਸੰਸਾ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ।ਮੈਡਮ ਸਤਵਿੰਦਰ ਕੌਰ ਵੱਲੋਂ ਸਕੂਲ ਦੇ ਪੀਅਨ ਸਟਾਫ਼ ਲਈ ਤੋਹਫ਼ੇ ਤੇ ਸਕੂਲ ਲਈ ਹੋਟ ਕੇਸ ਦਿੱਤੇ ਗਏ।ਅੰਤ ਵਿੱਚ ਮੈਡਮ ਸਤਵਿੰਦਰ ਕੌਰ ਵੱਲੋਂ ਵੀ ਸ਼ਾਨਦਾਰ ਪ੍ਰੋਗਰਾਮ ਤੇ ਉਚੇਚੇ ਰੂਪ ਵਿੱਚ ਸਨਮਾਨ ਕਰਨ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਮੈਡਮ ਸਤਵਿੰਦਰ ਕੌਰ, ਸ੍ਰ. ਗੁਰਵਿੰਦਰ ਸਿੰਘ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਸਮੂਹ ਸਟਾਫ਼ ਹਾਜ਼ਰ ਸੀ।

## ਚਹਿਲ ਫਾਊਂਡੇਸ਼ਨ ਨੇ ਬਾਬਾ ਜੋਗੀ ਪੀਰ ਦੇ ਮੇਲੇ ਮੌਕੇ ਛਬੀਲ ਲਗਾਈ



**ਭੀਖੀ (ਧਰਮਵੀਰ ਸ਼ਰਮਾ)**-ਪਿੰਡ ਭੁਪਾਲ ਵਿਖੇ ਬਾਬਾ ਜੋਗੀਪੀਰ ਦੇ ਚੱਲ ਰਹੇ ਜੋੜ ਮੇਲੇ 'ਤੇ ਰਾਹਗੀਰਾਂ ਲਈ ਪਿੰਡ ਸਮਾਉਂ ਵਿਖੇ ਚਹਿਲ ਫਾਊਂਡੇਸ਼ਨ ਵੱਲੋਂ ਜਲਜ਼ੀਰਾ ਦੀ ਛਬੀਲ ਲਗਾਈ ਗਈ। ਇਸ ਮੌਕੇ ਫਾਊਂਡੇਸ਼ਨ ਦੇ ਚੇਅਰਮੈਨ ਡਾ. ਗੁਰਤੇਜ ਸਿੰਘ ਸਮਾਉਂ ਨੇ ਕਿਹਾ ਕਿ ਸੰਸਥਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਜੋਗੀਪੀਰ ਦੇ ਸ਼ਰਧਾਲੂਆਂ ਲਈ ਠੰਡੇ ਜਲ ਦੀ ਛਬੀਲ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਸੰਸਥਾ ਜਿੱਥੇ ਸਿੱਖਿਆ ਤੇ ਸਮਾਜਿਕ ਕਾਰਜਾਂ ਵਿੱਚ ਅੱਗੇ ਹੋ ਕੇ ਕੰਮ ਕਰ ਰਹੀ ਹੈ, ਉਥੇ ਧਾਰਮਿਕ ਕਾਰਜਾਂ ਵਿੱਚ ਵੀ ਆਪਣਾ ਸਹਿਯੋਗ ਕਰ ਰਹੀ ਹੈ।ਇਸ ਮੌਕੇ ਗੁਲਜਾਰ ਸਿੰਘ, ਲਾਭ ਸਿੰਘ, ਗੁਰਚਰਨ ਸਿੰਘ, ਜਨਕ ਸਿੰਘ, ਬੁੱਧ ਸਿੰਘ ਹੀਰੋਂ, ਭੋਲਾ ਸਿੰਘ ਖੀਵਾ ਕਲਾਂ, ਹਰਬਚਨ ਸਿੰਘ ਅਤਲਾ, ਦਲਵਾਰਾ ਸਿੰਘ ਅਤਲਾ, ਸੁਖਵਿੰਦਰ ਸਿੰਘ ਗੁੜਥੜੀ, ਸੁਖਦੇਵ ਸਿੰਘ ਸਮਾਉਂ ਆਦਿ ਸਮੇਤ ਵੱਡੀ ਗਿਣਤੀ 'ਚ ਪਿੰਡ ਵਾਸੀ ਮੌਜੂਦ ਸਨ।

## ਸਰਾਂ ਇਮੀਗ੍ਰੇਸ਼ਨ ਨੇ ਆਸਟ੍ਰੇਲੀਆ ਦਾ ਵੀਜ਼ਾ ਲਵਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਰਾਂ ਇਮੀਗ੍ਰੇਸ਼ਨ, ਜੋ ਲਗਾਤਾਰ ਸਟੱਡੀ, ਵਿਜ਼ਟਰ ਤੇ ਸੁਪਰ ਵੀਜ਼ਾ ਲਗਵਾਉਣ ਲਈ ਮਾਹਰ ਵਜੋਂ ਜਾਣੀ ਜਾਂਦੀ ਹੈ, ਨੇ ਇੱਕੋ ਪਰਿਵਾਰ ਦੇ ਦੋ ਮੈਂਬਰ ਅਮਨਦੀਪ ਕੌਰ ਤੇ ਅਮਰਜੀਤ ਕੌਰ (ਨਾਨਣ ਭਰਜਾਈ) ਵਾਸੀ ਮਾੜੀ ਮੁਸਤਫਾ ਦਾ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ ਲਗਵਾ ਕੇ ਉਨ੍ਹਾ ਦਾ ਆਸਟ੍ਰੇਲੀਆ ਜਾਣ ਦਾ ਸੁਪਨਾ ਸਾਕਾਰ ਕੀਤਾ।ਇਸ ਮੌਕੇ ਸੰਸਥਾ ਦੇ ਐੱਮ ਡੀ ਹਰਸਿਮਰਨਜੀਤ ਸਿੰਘ ਸਰਾਂ ਨੇ ਦੱਸਿਆ ਕਿ ਇਹ ਵੀਜ਼ਾ ਅਸੀਂ ਸਿਰਫ 15 ਦਿਨਾਂ ਵਿੱਚ ਪ੍ਰਾਪਤ ਕੀਤਾ।ਉਨ੍ਹਾ ਦੱਸਿਆ ਕਿ ਵਿਦੇਸ਼ ਜਾਣ ਲਈ ਫਾਈਲਾਂ ਸਹੀ ਤਰੀਕੇ ਨਾਲ ਅੰਬੈਸੀ ਵਿੱਚ ਲਾਈਆਂ ਜਾਂਦੀਆਂ ਹਨ, ਜਿਸ ਕਰਕੇ ਬਹੁਤ ਜਲਦ ਵੀਜ਼ੇ ਲੱਗ ਕੇ ਆ ਰਹੇ ਹਨ।ਜੋ ਬੱਚੇ ਆਪਣੇ ਮਾਤਾ ਪਿਤਾ ਜਾਂ ਕਿਸੇ ਰਿਸ਼ਤੇਦਾਰ ਦਾ ਵਿਜ਼ਟਰ ਵੀਜ਼ਾ ਜਾਂ ਸੁਪਰ ਵੀਜ਼ਾ ਲਗਵਾਉਣਾ ਚਾਹੁੰਦੇ ਹਨ ਤਾਂ ਅੱਜ ਹੀ ਉਨ੍ਹਾ ਨਾਲ ਸੰਪਰਕ ਕਰ ਸਕਦੇ ਹਨ।ਇਸ ਮੌਕੇ ਸੰਸਥਾ ਦੇ ਐੱਮ ਡੀ ਨੇ ਦੱਸਿਆ ਕਿ ਇੱਥੇ ਬੱਚਿਆਂ ਨੂੰ ਪੀ. ਟੀ. ਈ. ਤੇ ਆਈਲੈਟਸ ਵੀ ਕਰਵਾਈ ਜਾਂਦੀ ਹੈ।ਇਸ ਮੌਕੇ ਪਰਵਾਰ ਨੇ ਸੰਸਥਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਸਰਕਾਰੀ ਪ੍ਰਾਇਮਰੀ ਸਕੂਲ ਮਲੂਕਾ ਵਿਖੇ ਇਨਾਮ ਵੰਡ ਸਮਾਗਮ



**ਬਠਿੰਡਾ (ਰਾਜੀਵ ਗੋਇਲ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਲੂਕਾ (ਬਠਿੰਡਾ) ਵਿਖੇ ਪ੍ਰੀ ਪ੍ਰਾਇਮਰੀ ਬੱਚਿਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਤੇ ਪ੍ਰਾਇਮਰੀ ਬੱਚਿਆਂ ਦਾ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪਿੰਡ ਦੀ ਪੰਚਾਇਤ ਤੇ ਮੁਹਤਬਰ ਵਿਅਕਤੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਸਕੂਲ ਦੇ ਮੁੱਖ ਅਧਿਆਪਕ ਬੇਅੰਤ ਸਿੰਘ ਮਲੂਕਾ (ਸਟੇਟ ਐਵਾਰਡੀ) ਨੇ ਮੁੱਖ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਆਖਿਆ।ਇਸ ਮੌਕੇ ਸਕੂਲ ਦੀ ਸਾਲਾਨਾ ਪ੍ਰਗਤੀ ਰਿਪੋਰਟ ਪੜ੍ਹੀ ਗਈ ਤੇ ਪਿਛਲੇ ਸਮੇਂ ਦੌਰਾਨ ਦਾਨੀ ਸੱਜਣਾਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਵੀ ਚਰਚਾ ਕੀਤੀ ਗਈ।ਸ੍ਰ. ਤਰਲੋਚਨ ਸਿੰਘ ਢਿੱਲੋਂ (ਅਮਰੀਕਾ) ਵਾਸੀ ਮਲੂਕਾ ਵੱਲੋਂ ਸਕੂਲ ਅਧਿਆਪਕਾਂ, ਕੁੱਕ ਬੀਬੀਆਂ, ਸਫਾਈ ਸੇਵਕ ਤੇ ਵੈਨ ਡਰਾਈਵਰ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਬੱਚਿਆਂ ਦੀ ਸਾਲਾਨਾ ਕਾਰਗੁਜ਼ਾਰੀ ਨੂੰ ਮੁੱਖ ਰੱਖਦੇ ਹੋਏ ਵਧੀਆ ਪੁਜ਼ੀਸ਼ਨਾਂ ਵਾਲੇ ਬੱਚਿਆਂ ਨੂੰ ਹਰਪਾਲ ਸਿੰਘ ਮਲੂਕਾ (ਧਰਮੀ ਫੌਜੀ) ਵੱਲੋਂ ਇਨਾਮ ਤਕਸੀਮ ਕੀਤੇ ਗਏ।ਸ਼੍ਰੀਮਤੀ ਕੁਮਾਰੀ ਪ੍ਰਵੀਨ (ਸਟੇਟ ਐਵਾਰਡੀ) ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕਰਨ ਵਾਲੇ ਬੱਚਿਆਂ ਨੂੰ ਸਪੈਸ਼ਲ ਇਨਾਮ ਦਿੱਤੇ ਗਏ।ਸਕੂਲ ਸਟਾਫ਼ ਵੱਲੋਂ ਮੁੱਖ ਮਹਿਮਾਨ ਤੇ ਦਾਨੀ ਸੱਜਣਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਹਰਜੀਤ ਸਿੰਘ ਮਲੂਕਾ ਨੇ ਬੱਚਿਆਂ ਨੂੰ ਉਨ੍ਹਾਂ ਦੀ ਸਫ਼ਲਤਾ 'ਤੇ ਆਸ਼ੀਰਵਾਦ ਦਿੱਤਾ, ਉੱਥੇ ਸਮੁੱਚੇ ਸਟਾਫ਼ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ।ਸ੍ਰ. ਬੂਟਾ ਸਿੰਘ ਸੀ.ਐੱਚ.ਟੀ. ਨੇ ਚੰਗੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਤੇ ਸਕੂਲ ਦੇ ਮਿਹਨਤੀ ਸਟਾਫ ਨੂੰ ਵਧਾਈ ਦਿੱਤੀ, ਆਉਣ ਵਾਲੇ ਸਮੇਂ ਵਿੱਚ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।ਪ੍ਰੋਗਰਾਮ ਦੇ ਅੰਤ ਵਿੱਚ ਹਰਜਿੰਦਰ ਸਿੰਘ ਬੁਰਜ ਥਰੋੜ ਨੇ ਸਾਰੇ ਮਹਿਮਾਨਾਂ, ਬੱਚਿਆਂ ਦੇ ਮਾਪਿਆਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅਮਰੀਕ ਸਿੰਘ ਕਲਿਆਣ, ਹਰਜਿੰਦਰ ਸਿੰਘ ਬੁਰਜ ਥਰੋੜ, ਕੁਲਦੀਪ ਸ਼ਰਮਾ ਭਗਤਾ, ਸੁਖਜੀਤ ਕੌਰ ਕਲਿਆਣ, ਸੁਖਜਿੰਦਰ ਸਿੰਘ ਘਣੀਆਂ, ਰਾਜਵਿੰਦਰ ਕੌਰ, ਮਨਦੀਪ ਕੌਰ, ਮਨਦੀਪ ਕੌਰ ਬੱਬੂ (ਸਾਰੇ ਅਧਿਆਪਕ) ਅਤੇ ਮਹਿੰਦਰ ਸਿੰਘ ਬੈਹਣੀਵਾਲ (ਐਡਵੋਕੇਟ), ਦਰਸ਼ਨ ਸਿੰਘ ਪ੍ਰਧਾਨ, ਲੋਕਲ ਗੁਰਦੁਆਰਾ ਕਮੇਟੀ ਮਲੂਕਾ, ਸਿਕੰਦਰ ਸਿੰਘ ਮਾਨਕ ਸਰਪੰਚ ਗ੍ਰਾਮ ਪੰਚਾਇਤ ਮਲੂਕਾ, ਬਹਾਦਰ ਸਿੰਘ ਗਿੱਲ, ਨਿਰਮਲ ਸਿੰਘ ਸਾਬਕਾ ਸਰਪੰਚ, ਰੇਸ਼ਮ ਸਿੰਘ ਔਲਖ ਸਾਬਕਾ ਸਰਪੰਚ, ਰਣਜੀਤ ਸਿੰਘ ਢਿੱਲੋਂ, ਬਲਦੇਵ ਸਿੰਘ ਢਿੱਲੋਂ, ਡਾ: ਸਤਿਗੁਰ ਸਿੰਘ, ਬੂਟਾ ਸਿੰਘ ਪ੍ਰਧਾਨ, ਜਗਸੀਰ ਸਿੰਘ ਪ੍ਰਧਾਨ ਨਗਰ ਪੰਚਾਇਤ, ਬਲਜੀਤ ਸਿੰਘ ਢਿੱਲੋਂ, ਰੇਸ਼ਮ ਸਿੰਘ ਸਿੱਧੂ, ਗੁਰਮੀਤ ਸਿੰਘ ਢਿੱਲੋਂ, ਰਾਜਪਾਲ ਸਿੰਘ, ਹਰਦੀਪ ਸਿੰਘ, ਸੁਖਦੀਪ ਕੌਰ (ਚੇਅਰਪਰਸਨ ਐੱਸ ਐੱਮ ਸੀ) ਹਾਜ਼ਰ ਸਨ।ਸਟੇਜ ਦੀ ਕਾਰਵਾਈ ਅਮਰੀਕ ਸਿੰਘ ਕਲਿਆਣ ਤੇ ਮੈਡਮ ਸੁਖਜੀਤ ਕੌਰ ਨੇ ਸਾਂਝੇ ਤੌਰ 'ਤੇ ਚਲਾਈ।

## ਡਾ. ਅਟਵਾਲ ਦੇ ਦੇਹਾਂਤ 'ਤੇ ਅਫ਼ਸੋਸ ਦਾ ਪ੍ਰਗਟਾਵਾ

**ਲੁਧਿਆਣਾ (ਐਮ.ਐਸ.ਭਾਟੀਆ)** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਅਕਾਡਮੀ ਦੇ ਜੀਵਨ ਮੈਂਬਰ ਡਾ. ਹਰਜਿੰਦਰ ਸਿੰਘ ਅਟਵਾਲ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਡਾ. ਹਰਜਿੰਦਰ ਸਿੰਘ ਅਟਵਾਲ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸੀਨੀਅਰ ਮੀਤ ਪ੍ਰਧਾਨ, ਨਵਾਂ ਜ਼ਮਾਨਾ ਦੇ ਸਾਬਕਾ ਸਾਹਿਤ ਸੰਪਾਦਕ ਤੇ ਉੱਘੇ ਵਿਦਵਾਨ ਸਨ।ਉਨ੍ਹਾਂ ਦੇ ਅਚਾਨਕ ਸਦੀਵੀ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਵਿਚ ਸੋਗ ਦੀ ਲਹਿਰ ਹੈ।ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿ ਡਾ. ਹਰਜਿੰਦਰ ਸਿੰਘ ਅਟਵਾਲ ਜਿੱਥੇ ਵੱਡੇ ਵਿਦਵਾਨ ਸਨ, ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਸਨ, ਇਹੋ ਜਿਹੇ ਵਿਦਵਾਨ ਦਾ ਅਚਾਨਕ ਤੁਰ ਜਾਣ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਹਰਜਿੰਦਰ ਸਿੰਘ ਅਟਵਾਲ ਸਿਆਣੇ ਵਿਦਵਾਨ ਤੇ ਸਲੀਕੇ ਵਾਲੇ ਇਨਸਾਨ ਸਨ, ਜੋ ਬੜੇ ਧੀਮੇ ਅੰਦਾਜ਼ 'ਚ ਆਪਣੀ ਬਾਦਲੀਲ ਗੱਲ ਕਰਦੇ ਸਨ।

## ਖੇਤਾਂ 'ਚੋਂ ਅਣਪਛਾਤੀ ਗਲ਼ੀ-ਸੜੀ ਲਾਸ਼ ਮਿਲੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਥਾਨਕ ਸ਼ਹਿਰ ਦੇ ਨਾਲ ਲੱਗਦੇ ਪਿੰਡ ਚੁਨਾਗਰਾ ਦੇ ਖੇਤਾਂ ਵਿੱਚੋਂ ਅਣਪਛਾਤੀ ਲਾਸ਼ ਮਿਲੀ ਹੈ।ਲਾਸ਼ ਗਲ਼ੀ ਸੜੀ ਹੋਣ ਕਰਕੇ ਪਹਿਚਾਣੀ ਨਹੀਂ ਜਾ ਸਕੀ। ਲਾਸ਼ ਸਬੰਧੀ ਪੁਲਸ ਨੂੰ ਸੂਚਿਤ ਕੀਤੇ ਜਾਣ ਉਪਰੰਤ ਮੌਕੇ 'ਤੇ ਪੁੱਜੀ ਪੁਲਸ ਪਾਰਟੀ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਮਾਣਾ ਦੇ ਸਰਕਾਰੀ ਹਸਪਤਾਲ ਵਿੱਚ ਭੇਜ ਦਿੱਤਾ ਹੈ।ਥਾਣਾ ਮੁਖੀ ਪਾਤੜਾਂ ਹਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪਿੰਡ ਜਿਉਪੁਰਾ ਦੇ ਸਾਬਕਾ ਸਰਪੰਚ ਗੁਰਦੇਵ ਸਿੰਘ ਨੇ ਦੱਸਿਆ ਹੈ ਕਿ ਉਸ ਦੇ ਭਤੀਜੇ ਦੇ ਕਣਕ ਦੇ ਖੇਤ ਵਿੱਚ ਇੱਕ ਲਾਸ਼ ਪਈ ਹੈ, ਜਿਹੜੀ ਕਿ ਗਲ਼ੀ ਸੜੀ ਹੋਈ ਹੈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਪਹੁੰਚ ਕੇ ਲਾਸ਼ ਦੀ ਪਹਿਚਾਣ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਪਹਿਚਾਣ ਨਹੀਂ ਹੋ ਸਕੀ।ਥਾਣਾ ਪਾਤੜਾਂ ਵਿੱਚ ਕਿਸੇ ਦੇ ਗੁੰਮ ਹੋਣ ਦੀ ਸੂਚਨਾ ਵੀ ਨਹੀਂ, ਲਾਸ਼ ਨੂੰ ਨਗਰ ਕੌਂਸਲ ਪਾਤੜਾਂ ਦੇ ਕਰਮਚਾਰੀਆਂ ਦੀ ਮਦਦ ਨਾਲ ਸਮਾਣਾ ਦੇ ਸਰਕਾਰੀ ਹਸਪਤਾਲ ਵਿੱਚ ਭੇਜ ਦਿੱਤਾ ਹੈ।

# ਆਪਸੀ ਭਾਈਚਾਰਾ ਤੋੜਨ ਵਾਲੇ ਕਦੇ ਵੀ ਕਾਮਯਾਬ ਨਹੀਂ ਹੋਣਗੇ : ਦੇਵ ਮਾਨ

### ਨਾਭਾ 'ਚ ਸ਼ਰਧਾ ਨਾਲ ਮਨਾਇਆ ਈਦ ਦਾ ਤਿਉਹਾਰ



**ਨਾਭਾ (ਵਰਿੰਦਰ ਵਰਮਾ)**-ਇਤਿਹਾਸਕ ਤੇ ਵਿਰਾਸਤੀ ਸ਼ਹਿਰ ਨਾਭਾ ਵਿਖੇ ਮੁਸਲਮਾਨ ਭਾਈਚਾਰੇ ਵੱਲੋਂ ਈਦਗਾਹ ਵਿਖੇ ਈਦ-ਉੱਲ-ਫਿਤਰ ਦਾ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਅਮਨ ਸ਼ਾਂਤੀ ਤੇ ਆਪਸੀ ਭਾਈਚਾਰੇ ਦਾ ਪ੍ਰਤੀਕ ਈਦ-ਉੱਲ-ਫਿਤਰ ਮੌਕੇ ਸਾਰੇ ਧਰਮਾਂ ਤੇ ਦੇਸ਼ ਦੀ ਅਮਨ ਸ਼ਾਂਤੀ ਅਤੇ ਆਪਸੀ ਭਾਈਚਾਰੇ ਲਈ ਦੁਆ ਕੀਤੀ ਗਈ। ਇਸ ਮੌਕੇ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਵੀ ਈਦਗਾਹ ਵਿਖੇ ਪਹੁੰਚ ਕੇ ਸਮੁੱਚੇ ਭਾਈਚਾਰੇ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ ਗਈ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਕੋਈ ਵੀ ਭਾਈਚਾਰਕ ਸਾਂਝ ਦੀ ਤੋੜਨ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੇ, ਉਹ ਕਦੇ ਵੀ ਕਾਮਯਾਬ ਨਹੀਂ ਹੋਣਗੇ, ਕਿਉਂਕਿ ਮੁਸਲਮ ਭਾਈਚਾਰੇ ਨਾਲ ਜੋ ਸਾਂਝ ਹੈ, ਉਹ ਪੱਕੀ ਹੈ।ਮੁਸਤਾਕ ਅਲੀ ਕਿੰਗ ਨੇ ਕਿਹਾ ਕਿ ਜੋ ਲੋਕ ਆਪਸੀ ਭਾਈਚਾਰੇ ਨੂੰ ਖਤਮ ਕਰਨ ਲਈ ਚਾਲਾਂ ਚੱਲ ਰਹੇ ਨੇ, ਉਨ੍ਹਾਂ ਦੇ ਭਲੇ ਲਈ ਵੀ ਨਮਾਜ਼ ਅਦਾ ਕੀਤੀ ਗਈ ਹੈ।ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਭਾਈਚਾਰੇ ਨੇ ਈਦਗਾਹ ਵਿਖੇ ਪਹੁੰਚ ਕੇ ਨਮਾਜ਼ ਅਦਾ ਕੀਤੀ ਤੇ ਸਮੁੱਚੀ ਮਾਨਵਤਾ ਦਾ ਭਲਾ ਮੰਗਿਆ।ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੋਸਾਇਟੀ ਵੱਲੋਂ ਵੀ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਵਧਾਈ ਦਿੱਤੀ ਗਈ।ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਦੇਵ ਮਾਨ ਸਮੇਤ ਪਹੁੰਚੇ ਰਾਜਨੀਤਕ ਆਗੂ ਤੇ ਸ਼ਹੀਦ ਬਾਬਾ ਦੀਪ ਸਿੰਘ ਵੈੱਲਫੇਅਰ ਸੇਵਾ ਸੁਸਾਇਟੀ ਨਾਭਾ ਦੇ ਮੁੱਖ ਸੇਵਾਦਾਰ ਭਾਈ ਅਮਨਦੀਪ ਸਿੰਘ ਖਾਲਸਾ ਦਾ ਵੀ ਸਨਮਾਨ ਕੀਤਾ ਗਿਆ।ਇਸ ਮੌਕੇ ਪ੍ਰਧਾਨ ਇਰਫਾਨ ਖਾਨ ਬੱਬਲੂ, ਮੁਹੰਮਦ ਰਮਜ਼ਾਨ, ਮੁਸਤਾਕ ਅਲੀ ਕਿੰਗ ਸਾਬਕਾ ਸਰਪੰਚ, ਯਾਦਵਿੰਦਰ ਸਿੰਘ ਯਾਦੂ, ਮੁਹੰਮਦ ਸਲੀਮ ਰਾਜਾ ਮੈਡੀਕਲ ਹਾਲ, ਮੁਹੰਮਦ ਸ਼ਬੀਰ, ਹੱਜ ਸ਼ੇਖ ਹਾਫੀਜ਼, ਮਕਬੂਲ ਅਹਿਮਦ, ਨਵਾਬ ਸਰਪੰਚ, ਜੈਲੀ ਖਾਨ, ਮੁਹੰਮਦ ਯਾਮੀਨ, ਹਾਜੀ ਖੁਸ਼ੀ, ਰਾਜਾ ਸਰਪੰਚ ਅਮਜ਼ਦ ਖਾਨ, ਇਨਾਇਤ ਅੰਸਾਰੀ, ਖੁਰਸ਼ੀਦ ਆਲਮ, ਮੁਹੰਮਦ ਗੁਲਸ਼ਾਦ, ਅਨਵਰ ਖਾਨ ਸਮੇਤ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਲੋਕ ਹਾਜ਼ਰ ਸਨ।

# ਬਰਿੰਦਰ ਗੋਇਲ ਵੱਲੋਂ ਹਲਕੇ 'ਚ ਬਣੇ ਚਾਰ ਮਾਈਨਰਾਂ ਤੇ ਪੁਲ ਦਾ ਉਦਘਾਟਨ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਜ਼ਿਲ੍ਹਾ ਮਾਨਸਾ ਦੇ ਹਲਕਾ ਸਰਦੂਲਗੜ੍ਹ ਵਿੱਚ ਨਵੇਂ ਬਣਾਏ ਚਾਰ ਮਾਈਨਰਾਂ ਤੇ ਇੱਕ ਪੁਲ ਦਾ ਉਦਘਾਟਨ ਕੀਤਾ।ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤੇ ਗਏ ਇਨ੍ਹਾਂ ਪ੍ਰਾਜੈਕਟਾਂ ਨਾਲ ਇਸ ਖੇਤਰ ਵਿੱਚ ਸਿੰਜਾਈ ਸਹੂਲਤਾਂ ਵਿੱਚ ਹੋਰ ਵਾਧਾ ਹੋਵੇਗਾ।ਇਨ੍ਹਾਂ ਪ੍ਰਾਜੈਕਟਾਂ ਨੂੰ ਲੋਕਾਂ ਨੂੰ ਸਮਰਪਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਨੇ ਦੱਸਿਆ ਕਿ ਜਿੱਥੇ 12.82 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਾਈਨਰ ਰੋੜਕੀ ਮਾਈਨਰ, ਖੈਰਾ ਮਾਈਨਰ, ਝੰਡਾ ਮਾਈਨਰ ਤੇ ਮਾਈਨਰ ਨੰਬਰ-11 ਬੋਹਾ ਡਿਸਟ੍ਰੀਬਿਊਟਰੀ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਉਥੇ 2.10 ਕਰੋੜ ਰੁਪਏ ਨਾਲ ਇਤਿਹਾਸਕ ਮਹੱਤਤਾ ਵਾਲਾ ਪੁਲ ਬਣਾਇਆ ਗਿਆ ਹੈ।

ਉਨ੍ਹਾ ਕਿਹਾ ਕਿ ਰੋੜਕੀ ਮਾਈਨਰ ਦੀ ਕੁੱਲ ਲੰਬਾਈ 45125 ਫੁੱਟ ਹੈ ਜਿਸ ਰਾਹੀਂ ਸਰਦੂਲਗੜ੍ਹ ਬਲਾਕ ਦੇ ਕਈ ਪਿੰਡਾਂ ਦੇ 7636 ਏਕੜ ਰਕਬੇ ਨੂੰ ਲਾਭ ਪੁੱਜੇਗਾ।ਇਸੇ ਤਰ੍ਹਾਂ ਖੈਰਾ ਮਾਈਨਰ, ਜੋ 22040 ਫੁੱਟ ਲੰਮਾ ਹੈ, ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਖੈਰਾ ਖੁਰਦ, ਆਹਲੂਪੁਰ, ਖੈਰਾ ਕਲਾਂ, ਝੰਡਾ ਕਲਾਂ, ਸਰਦੂਲਗੜ੍ਹ ਨੂੰ ਪੀਣਯੋਗ ਤੇ ਸਿੰਜਾਈਯੋਗ ਪਾਣੀ ਮੁਹੱਈਆ ਕੀਤਾ ਜਾ ਰਿਹਾ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ 19180 ਫੁੱਟ ਲੰਮੇ ਝੰਡਾ ਮਾਈਨਰ ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਮਾਨਖੇੜਾ ਤੇ ਝੰਡਾ ਕਲਾਂ ਨੂੰ ਪੀਣਯੋਗ ਪਾਣੀ ਮਿਲੇਗਾ ਅਤੇ 2586 ਏਕੜ ਰਕਬੇ ਨੂੰ ਸਿੰਜਾਈਯੋਗ ਪਾਣੀ ਮਿਲ ਸਕੇਗਾ। ਇਸੇ ਤਰ੍ਹਾਂ ਮਾਈਨਰ ਨੰਬਰ-11 ਬੋਹਾ ਡਿਸਟ੍ਰੀਬਿਊਟਰੀ, ਜੋ 22575 ਫੁੱਟ ਲੰਮੀ ਹੈ, ਰਾਹੀਂ ਸਰਦੂਲਗੜ੍ਹ ਬਲਾਕ ਦੇ ਪਿੰਡਾਂ ਮੀਰਪੁਰ ਖੁਰਦ, ਜਟਾਣਾਂ ਕਲਾਂ, ਟਿੱਬੀ ਹਰੀ ਸਿੰਘ, ਸਰਦੂਲੇਵਾਲਾ, ਕਾਹਨੇਵਾਲਾ ਨੂੰ ਪੀਣਯੋਗ ਤੇ ਸਿੰਜਾਈਯੋਗ ਪਾਣੀ ਮੁਹੱਈਆ ਹੁੰਦਾ ਹੈ।ਇਸ ਨਾਲ 4114 ਏਕੜ ਰਕਬੇ ਦੀ ਸਿੰਜਾਈ ਯਕੀਨੀ ਬਣੇਗੀ।

ਸ੍ਰੀ ਗੋਇਲ ਨੇ ਦੱਸਿਆ ਕਿ ਘੱਗਰ ਦਰਿਆ ਉੱਪਰ ਸਟੀਲ ਫੁੱਟ ਬ੍ਰਿਜ, ਜੋ 2.10 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ, ਵੀ ਅੱਜ ਲੋਕਾਂ ਨੂੰ ਸਮਰਪਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇੱਕ ਸਾਲ ਦੇ ਰਿਕਾਰਡ ਸਮੇਂ ਵਿੱਚ ਤਿਆਰ ਕੀਤੇ ਗਏ ਇਸ ਪੁਲ ਨਾਲ ਤਿੰਨ ਤੋਂ ਚਾਰ ਪਿੰਡਾਂ ਦੇ ਲੋਕਾਂ ਨੂੰ ਘੱਗਰ ਦਰਿਆ ਨੂੰ ਪਾਰ ਕਰਨ ਵਿੱਚ ਆਸਾਨੀ ਹੋਈ ਹੈ।ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹੁਣ ਤੱਕ ਸੂਬੇ ਵਿੱਚ 17565 ਦੇ ਕਰੀਬ ਖਾਲ ਬਣਾਏ ਤੇ ਬਹਾਲ ਕੀਤੇ ਹਨ ਅਤੇ 4500 ਕਿਲੋਮੀਟਰ ਅੰਡਰਗਰਾਊਂਡ ਪਾਈਪਾਂ ਪਾਈਆਂ ਹਨ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਪੋਰਟਸ ਕਲੱਬ ਵੱਲੋਂ ਕਬੱਡੀ ਟੂਰਨਾਮੈਂਟ ਅੱਜ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਮਾਛੀਕੇ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਪੋਰਟਸ ਕਲੱਬ ਐਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਦਾ ਸ਼ਾਨਦਾਰ ਟੂਰਨਾਮੈਂਟ 2 ਅਪ੍ਰੈਲ ਨੂੰ ਸਵ: ਪਵਨਦੀਪ ਸਿੰਘ ਚਹਿਲ ਯਾਦਗਾਰੀ ਸਟੇਡੀਅਮ ਵਿੱਚ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਕਬੱਡੀ ਉੱਪਨ ਵਿੱਚ ਇੱਕ ਖਿਡਾਰੀ ਬਾਹਰੋਂ ਖੇਡ ਸਕਦਾ ਹੈ। ਪਹਿਲਾਂ ਇਨਾਮ 51000+ ਕੱਪ ਤੇ ਦੂਜਾ ਇਨਾਮ 41000+ ਕੱਪ ਉਸ ਤੋਂ ਇਲਾਵਾ ਕਬੱਡੀ 57 ਕਿਲੋ 11000+ ਕੱਪ ਤੇ ਦੂਜਾ ਇਨਾਮ 8100+ ਕੱਪ ਉਸ ਤੋਂ ਇਲਾਵਾ ਕਬੱਡੀ ਦੇ ਉਪਨ ਦੇ ਬੈਸਟ ਰੇਡਰ ਤੇ ਜਾਫੀ ਨੂੰ ਕੱਪਾਂ ਨਾਲ ਸਨਮਾਨਤ ਕੀਤਾ ਜਾਵੇਗਾ ਤੇ ਕਬੱਡੀ 57 ਕਿਲੋ ਦੇ ਬੈਸਟ ਰੇਡਰ ਤੇ ਜਾਫੀ ਨੂੰ ਕੱਪਾਂ ਨਾਲ ਸਨਮਾਨਤ ਕੀਤਾ ਜਾਵੇਗਾ।ਪ੍ਰੈਸ ਨੂੰ ਇਸ ਦੀ ਜਾਣਕਾਰੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਪੋਰਟਸ ਕਲੱਬ ਵੱਲੋਂ ਦਿੱਤੀ ਗਈ।

# ਨਾਟਕ 'ਰਾਹਾਂ ਵਿੱਚ ਅੰਗਿਆਰ ਬੜੇ ਨੇ' ਦਾ ਸਫ਼ਲ ਮੰਚਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-23 ਮਾਰਚ ਦੇ ਅਮਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਸੁਖਜੀਤ ਤੇ ਸ਼੍ਰੋਮਣੀ ਨਾਟਕਕਾਰ ਤਰਲੋਚਨ ਸਮਰਾਲਾ ਦੀ ਯਾਦ ਨੂੰ ਸਮਰਪਤ ਪੰਜਾਬੀ ਸੱਭਿਆਚਾਰਕ ਕੇਂਦਰ ਮਾਛੀਵਾੜਾ ਵੱਲੋਂ ਨਾਟਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਕਾਨੂੰਨਗੋ ਪਰਮਜੀਤ ਸਿੰਘ ਢਿੱਲੋਂ, ਨੰਬਰਦਾਰ ਗੁਰਨਾਮ ਸਿੰਘ ਨਾਗਰਾ, ਐਡਵੋਕੇਟ ਦਲਜੀਤ ਸ਼ਾਹੀ, ਲੈਕਚਰਾਰ ਪਰਮਜੀਤ ਕੌਰ ਨਾਗਰਾ ਤੇ ਪ੍ਰਬੰਧਕ ਕਮੇਟੀ ਵੱਲੋਂ ਡਾਇਰੈਕਟਰ ਗੁਰਮੁਖ ਦੀਪ, ਕਾਮਰੇਡ ਦਰਸ਼ਨ ਸਿੰਘ, ਅਮਰਜੀਤ ਸਿੰਘ ਕੰਗ, ਬਲਿਹਾਰ ਸਿੰਘ ਤੇ ਕਹਾਣੀਕਾਰ ਸੁਖਜੀਤ ਦੀ ਪਤਨੀ ਗੁਰਦੀਪ ਕੌਰ ਤੇ ਬੇਟੀ ਪ੍ਰੋਫ਼ੈਸਰ ਜਪੁਜੀ ਨੇ ਉਪਰੋਕਤ ਹਸਤੀਆਂ ਦੀਆਂ ਤਸਵੀਰਾਂ 'ਤੇ ਫੁੱਲ ਚੜ੍ਹਾ ਕੇ ਕੀਤੀ। ਸਮਾਗਮ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਕਹਾਣੀਕਾਰ ਸੁਖਜੀਤ ਤੇ ਨਾਟਕਕਾਰ ਤਰਲੋਚਨ ਦੇ ਜੀਵਨ ਸਬੰਧੀ ਚਾਨਣਾ ਪਾਉਂਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫਾਸ਼ੀਵਾਦ ਤਾਕਤਾਂ ਵਿਰੁੱਧ ਲੋਕ ਲਹਿਰ ਉਸਾਰਨ ਦਾ ਸੱਦਾ ਦਿੱਤਾ। ਅਕਸ਼ ਰੰਗਮੰਚ ਸਮਰਾਲਾ ਦੀ ਟੀਮ ਵੱਲੋਂ ਲੇਖਕ ਤੇ ਨਿਰਦੇਸ਼ਕ ਰਾਜਵਿੰਦਰ ਸਮਰਾਲਾ ਦੀ ਅਗਵਾਈ ਹੇਠ ਨਾਟਕ 'ਰਾਹਾਂ ਵਿੱਚ ਅੰਗਿਆਰ ਬੜੇ ਨੇ' ਦੀ ਸਫ਼ਲ ਪੇਸ਼ਕਾਰੀ ਦਿੱਤੀ। ਅਦਾਕਾਰਾ ਕਮਲਜੀਤ ਕਮਲ ਦੀ ਵਧੀਆ ਅਦਾਕਾਰੀ ਨੇ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਸਮਾਗਮ ਦੇ ਮੁੱਖ ਮਹਿਮਾਨ ਕਾਨੂੰਨਗੋ ਪਰਮਜੀਤ ਸਿੰਘ ਢਿੱਲੋਂ, ਆੜ੍ਹਤੀ ਗੁਰਨਾਮ ਸਿੰਘ ਨਾਗਰਾ, ਪਰਮਜੀਤ ਕੌਰ ਨਾਗਰਾ ਤੇ ਪ੍ਰਬੰਧਕ ਕਮੇਟੀ ਵੱਲੋਂ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਕਹਾਣੀਕਾਰ ਸੁਖਜੀਤ ਦੀ ਪਤਨੀ ਗੁਰਦੀਪ ਕੌਰ, ਬੇਟੀ ਪ੍ਰੋਫ਼ੈਸਰ ਜਪੁਜੀ, ਨਿਰਦੇਸ਼ਕ ਰਾਜਵਿੰਦਰ ਸਮਰਾਲਾ ਤੇ ਅਦਾਕਾਰਾ ਕਮਲਜੀਤ ਨੂੰ ਯਾਦਗਾਰੀ ਚਿੰਨ੍ਹ ਤੇ ਸ਼ਾਲ ਭੇਟ ਕਰਕੇ ਸਨਮਾਨਤ ਕੀਤਾ। ਆਏ ਦਰਸ਼ਕਾਂ ਤੇ ਕਲਾਕਾਰਾਂ ਦਾ ਪਰਮਜੀਤ ਢਿੱਲੋਂ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਸ਼ਾਇਰ ਐੱਸ. ਨਸੀਮ, ਨਿਰੰਜਨ ਸੂਖਮ, ਕਮਲਜੋਤ ਸਿੰਘ ਬੱਤਰਾ, ਜਗਦੀਸ਼ ਰਾਏ ਬੌਬੀ, ਅੰਮ੍ਰਿਤਪਾਲ ਸਮਰਾਲਾ, ਸਵਰਨ ਸਿੰਘ ਛੌੜੀਆਂ, ਕਾਮਰੇਡ ਰਾਮ ਰਤਨ, ਸੇਵਾ ਸਿੰਘ, ਬਾਬੂ ਪ੍ਰੇਮ ਅਮਨ, ਪਰਮਿੰਦਰ ਸਿੰਘ ਲਾਡੀ, ਉਦੈਵੀਰ, ਅਬਦੁਲ ਖਾਨ, ਵੰਸ਼ ਜਾਂਗੜਾ, ਇਸ਼ਾ ਅਹੂਜਾ, ਰਣਜੀਤ ਸਿੰਘ ਜੀਤੀ, ਯੁੱਧਵੀਰ ਸਿੰਘ, ਲਾਲ ਸਿੰਘ ਫੌਜੀ, ਬੁੱਧ ਰਾਜ, ਕੁਨਾਲ ਅਭੈਜੀਤ ਸਿੰਘ, ਤਮਨਪ੍ਰੀਤ ਸਿੰਘ, ਕਰਮਜੀਤ ਸਿੰਘ, ਹਰਪ੍ਰੀਤ ਕੌਰ, ਰਾਜਵੰਤ ਕੌਰ ਬੇਬੀ, ਮਨਜੀਤ ਕੌਰ ਮੋਹਾਲੀ, ਰਣਜੀਤ ਕੌਰ ਕੰਗ ਆਦਿ ਮੌਜੂਦ ਸਨ।

# ਗਿੱਲਾਂ ਵਾਲੇ ਖੂਹ 'ਤੇ ਲੱਗਿਆ ਵਿਰਾਸਤੀ ਗਾਇਕੀ ਦਾ ਅਖਾੜਾ

### ਕਲੱਬ ਦੇ ਵਲੰਟੀਅਰਾਂ ਕੀਤਾ ਵੱਡੀ ਮਾਤਰਾ 'ਚ ਖੂਨ ਦਾਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਮਾਲਵਾ ਵੈੱਲਫੇਅਰ ਕਲੱਬ ਵੱਲੋਂ ਸਥਾਨਕ ਗਿੱਲਾਂ ਵਾਲਾ ਖੂਹ ਚੌਕ ਵਿਖੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਮਰਪਤ ਖੂਨਦਾਨ ਕੈਂਪ ਅਤੇ ਵਿਰਾਸਤੀ ਗਾਇਕੀ ਦਾ ਅਖਾੜਾ ਲਗਾਇਆ ਗਿਆ।ਕਲੱਬ ਪ੍ਰਧਾਨ ਗਗਨਦੀਪ ਸਿੰਘ ਹੈਪੀ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਦੱਸਿਆ ਕਿ ਇਸ ਖੂਨਦਾਨ ਕੈਂਪ ਦਾ ਉਦਘਾਟਨ ਡਾਕਟਰ ਰਵੀਕਾਂਤ ਐੱਸ ਐੱਮ ਓ ਤਲਵੰਡੀ ਸਾਬੋ ਵੱਲੋਂ ਕੀਤਾ ਗਿਆ।ਡਾਕਟਰ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਲੋਕਾਂ ਨੂੰ ਸਰਕਾਰੀ ਹਸਪਤਾਲ ਦੀਆਂ ਸਹੂਲਤਾਂ ਬਾਰੇ ਦੱਸਿਆ ਤੇ ਨਾਲ ਹੀ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਤਲਵੰਡੀ ਸਾਬੋ ਦੇ ਸਰਕਾਰੀ ਹਸਪਤਾਲ ਨੂੰ ਬਹੁਤ ਹੀ ਆਧੁਨਿਕ ਤਰੀਕੇ ਨਾਲ ਚਲਾਇਆ ਜਾਵੇਗਾ।ਇਸ ਕੈਂਪ ਵਿੱਚ ਵਿਸ਼ੇਸ਼ ਮਹਿਮਾਨ ਬਾਬਾ ਕਾਕਾ ਸਿੰਘ ਜੀ ਬੁੰਗਾ ਮਸਤੂਆਣਾ, ਨਗਰ ਕੌਂਸਲ ਪ੍ਰਧਾਨ ਦੇ ਸਪੁੱਤਰ ਹਰਜੀਤ ਸਿੰਘ ਤੇ ਰਘਵੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਪਹੁੰਚੇ।ਉਨ੍ਹਾਂ ਖੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਹੌਸਲਾ ਅਫਜ਼ਾਈ ਕੀਤੀ ਤੇ ਨਾਲ ਹੀ ਖੂਨ ਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ।ਇਸ ਕੈਂਪ ਵਿੱਚ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਲੋਕ ਢਾਡੀ ਜਥੇ ਨਵਜੋਤ ਸਿੰਘ ਮੰਡੇਰ ਵੱਲੋਂ ਖੁੱਲ੍ਹਾ ਅਖਾੜਾ ਲਗਾਇਆ ਗਿਆ, ਜਿਸ ਦਾ ਖੂਨਦਾਨੀਆਂ ਤੇ ਸਰੋਤਿਆਂ ਨੇ ਭਰਪੂਰ ਅਨੰਦ ਮਾਣਿਆ।ਇਸ ਕੈਂਪ ਵਿੱਚ ਬਾਬਾ ਕਾਕਾ ਸਿੰਘ ਤੇ ਰਘਵੀਰ ਸਿੰਘ ਮਾਨ ਨੇ ਕਲੱਬ ਦੀਆਂ ਗਤੀਵਿਧੀਆਂ ਦੀ ਸ਼ਲਾਘਾ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਵੱਲੋਂ ਕਲੱਬ ਦੀ ਹਰ ਮਦਦ ਕੀਤੀ ਜਾਵੇਗੀ।ਕਲੱਬ ਸਰਪ੍ਰਸਤ ਅੰਮ੍ਰਿਤਪਾਲ ਬਰਾੜ ਤੇ ਸਰਪ੍ਰਸਤ ਚੰਦਰ ਸ਼ੇਖਰ ਨੇ ਦੱਸਿਆ ਕਿ ਇਸ ਕੈਂਪ ਵਿੱਚ 86 ਖੂਨਦਾਨੀਆਂ ਨੇ ਖੂਨ ਦਾਨ ਕੀਤਾ।ਅੰਤ ਵਿੱਚ ਕਲੱਬ ਸਕੱਤਰ ਜਗਨਦੀਪ ਤੇ ਮਨਦੀਪ ਸਿੰਘ ਨੇ ਆਏ ਹੋਏ ਸਾਰੇ ਹੀ ਮਹਿਮਾਨਾਂ ਤੇ ਖੂਨਦਾਨੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਕੌਂਸਲਰ ਗੁਰਪ੍ਰੀਤ ਸਿੰਘ ਕੀਪਾ, ਬਲਵਿੰਦਰ ਸਿੰਘ ਗਿੱਲ, ਰਵੀ ਕੁਮਾ ਕੋਕੀ, ਦਵਿੰਦਰ ਸਿੰਘ ਸੂਬਾ, ਡਾਕਟਰ ਸੁਖਦੇਵ ਸਿੰਘ ਬੱਬੀ ਚੱਠਾ, ਰੌਕੀ ਬਾਂਸਲ, ਤਰਸੇਮ ਕੁਮਾਰ ਸਿੰਗਲਾ, ਡਾ. ਰਾਜਵੀਰ ਸਿੰਘ, ਡਾ. ਗੁਰਮੇਲ ਸਿੰਘ ਘਈ, ਹਰਬੰਸ ਸਿੰਘ, ਬਰਿੰਦਰਪਾਲ ਮਹੇਸ਼ਵਰੀ, ਕਲੱਬ ਮੈਂਬਰ ਪ੍ਰਿੰਸੀਪਲ ਬਿਕਰਮਜੀਤ ਸਿੰਘ, ਵਿਕਾਸ ਸਿੰਗਲਾ, ਅਮਨਦੀਪ ਸਿੰਘ, ਗਗਨਦੀਪ ਸਿੰਘ, ਚਿਮਨ ਲਾਲ, ਬਲਵਿੰਦਰ ਬੱਡੂ, ਸ਼ੁਭਦੀਪ ਸਿੰਘ, ਸੁਖਵਿੰਦਰ ਸਿੰਘ, ਰਜਤ ਕੁਮਾਰ, ਵਿਜੈਪਾਲ ਚੌਧਰੀ, ਰਾਜਦੀਪ ਸਿੰਘ, ਬਲਰਾਜ ਸਿੰਘ, ਰਾਜਿੰਦਰ ਚੱਠਾ, ਹਰਬੰਸ ਸਿੰਘ ਮਾਨ, ਸੁਖਪਾਲ ਸੋਨੂੰ, ਅਰਸ਼ਦੀਪ ਗਿੱਲ, ਪ੍ਰੀਤ ਫਲੈਕਸ, ਡਾ. ਜਗਸੀਰ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਹਮੀਦੀ ਨੂੰ ਏ ਸੀ ਦਾਨ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਹਮੀਦੀ ਵਿਖੇ ਸਮਾਜ ਸੇਵੀ ਹਰਬੰਸ ਸਿੰਘ ਰਾਣੂ, ਹਰਪਿੰਦਰ ਸਿੰਘ ਪਿੰਦਾ ਅਤੇ ਨਿਰਮਲ ਸਿੰਘ ਨਿੰਮਾ ਵੱਲੋਂ ਵਧ ਰਹੀ ਗਰਮੀ ਦੇ ਮੱਦੇਨਜ਼ਰ ਸਕੂਲੀ ਬੱਚਿਆਂ ਦੀ ਸਹੂਲਤ ਲਈ ਏ. ਸੀ. ਦਾਨ ਵਜੋਂ ਭੇਟ ਕੀਤਾ ਗਿਆ।ਮੁੱਖ ਅਧਿਆਪਕ ਅਸ਼ਵਨੀ ਕੁਮਾਰ ਨੇ ਦਾਨੀ ਪਰਵਾਰਾਂ ਦਾ ਧੰਨਵਾਦ ਕਰਦਿਆਂ ਹੋਰ ਸਮਾਜ ਸੇਵੀ ਪਰਿਵਾਰਾਂ ਨੂੰ ਸਰਕਾਰੀ ਸਕੂਲਾਂ ਦੀ ਬਿਹਤਰੀ ਲਈ ਅੱਗੇ ਆਉਣ ਦੀ ਅਪੀਲ ਕੀਤੀ।

ਇਸ ਦੌਰਾਨ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਹਰਦੀਪ ਸਿੰਘ, ਸਮਾਜ ਸੇਵੀ ਗੁਰਲਾਲ ਸਿੰਘ, ਸਰਪੰਚ ਓਮਨਦੀਪ ਸਿੰਘ, ਪੰਚ ਹਰਪ੍ਰੀਤ ਸਿੰਘ ਹੈਪੀ ਅਤੇ ਗ੍ਰਾਮ ਪੰਚਾਇਤ ਹਮੀਦੀ ਦੇ ਸਮੂਹ ਮੈਂਬਰਾਂ ਵੱਲੋਂ ਸਮਾਜ ਸੇਵੀ ਹਰਬੰਸ ਸਿੰਘ ਰਾਣੂ, ਹਰਪਿੰਦਰ ਸਿੰਘ ਪਿੰਦਾ ਤੇ ਨਿਰਮਲ ਸਿੰਘ ਨੂੰ ਸਨਮਾਨਤ ਕੀਤਾ ਗਿਆ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ 38 ਅੰਗਹੀਣ ਵਿਅਕਤੀਆਂ ਨੂੰ ਸੰਤ ਸਿੰਘ ਬਰਾੜ ਤੇ ਮਹੰਤ ਕਸਮੀਰ ਸਿੰਘ ਦੀ ਹਾਜ਼ਰੀ ਵਿੱਚ ਪਿਛਲੇ ਦਿਨੀਂ ਇੱਕ ਸਮਾਗਮ ਦੌਰਾਨ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰੱਥ ਹਨ। ਕਈ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ ਤੇ ਕਈ ਲੰਮੇ ਸਮੇਂ ਤੋਂ ਬੈੱਡ ਉੱਪਰ ਹੀ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਓਬਰਾਏ ਹਮੇਸ਼ਾ ਲਾਠੀ ਬਣਕੇ ਸਾਡੇ ਨਾਲ ਖੜਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਰਾਸ਼ੀ ਡਾਕਟਰ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿਤੀ ਜਾਂਦੀ ਹੈ।

## ਬਾਬਾ ਫ਼ਰੀਦ ਸਰਬ ਧਰਮ ਸੇਵਾ ਸੁਸਾਇਟੀ ਵੱਲੋਂ ਵਿਧਾਇਕ ਦਾ ਸਨਮਾਨ




**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਾਬਾ ਫ਼ਰੀਦ ਸਰਬ ਧਰਮ ਵੈਲਫ਼ੇਅਰ ਸੇਵਾ ਸੁਸਾਇਟੀ ਵੱਲੋਂ ਹਾਜੀ ਬਾਬਾ ਦਿਲਸ਼ਾਦ ਜੀ ਦੀ ਅਗਵਾਈ ਵਿੱਚ ਈਦ ਦਾ ਤਿਉਹਾਰ ਬਹੁਤ ਹੀ ਧੂਮਧਾਮ ਤੇ ਸ਼ਰਧਾ ਦੇ ਨਾਲ ਮਨਾਇਆ ਗਿਆ। ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਉਨ੍ਹਾਂ ਜਿੱਥੇ ਬਾਬਾ ਫ਼ਰੀਦ ਸਰਬ ਧਰਮ ਵੈਲਫ਼ੇਅਰ ਸੇਵਾ ਸੁਸਾਇਟੀ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ, ਉੱਥੇ ਹੀ ਸੰਬੋਧਨ ਕਰਦਿਆਂ ਕਿਹਾ ਕਿ ਸਭ ਤੋਂ ਵੱਡਾ ਧਰਮ ਇਨਸਾਨੀਅਤ ਦਾ ਹੈ। ਜੇਕਰ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਸਮਝ ਗਏ ਤਾਂ ਇਸ ਸਮਾਜਿਕ ਦਾਇਰੇ ਨੂੰ ਖੁਸ਼ਹਾਲ ਤੇ ਸੁੰਦਰ ਬਣਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਇੱਕ ਹੈ ਸਾਨੂੰ ਉਸ ਦੇ ਪਿੱਛੇ ਲੜਾਈ-ਝਗੜੇ ਨਹੀਂ ਕਰਨੇ ਚਾਹੀਦੇ। ਸਾਨੂੰ ਸਾਰਿਆਂ ਨੂੰ ਦੂਜੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

## ਈਦ-ਉੱਲ-ਫਿਤਰ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



**ਭੀਖੀ (ਧਰਮਵੀਰ ਸ਼ਰਮਾ)**-ਰਮਜਾਨ ਦੇ ਪਵਿੱਤਰ ਮਹੀਨੇ ਦੀ ਸੰਪੰਨਤਾ 'ਤੇ ਮੁਸਲਿਮ ਭਾਈਚਾਰੇ ਵੱਲੋਂ ਈਦ-ਉੱਲ-ਫਿਤਰ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਮੁਹੰਮਦੀ ਮਸਜਿਦ ਮੋਹਰ ਸਿੰਘ ਵਾਲਾ, ਮਦੀਨਾ ਮਸਜਿਦ ਭੀਖੀ ਤੋਂ ਇਲਾਵਾ ਪਿੰਡ ਹਮੀਰਗੜ੍ਹ ਢੈਪਈ ਤੇ ਪਿੰਡ ਖੀਵਾ ਕਲਾਂ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਇੱਕ ਦੂਜੇ ਨੂੰ ਵਧਾਈ ਦੇ ਕੇ ਖੁਦਾ ਦੀ ਇਬਾਦਤ ਕੀਤੀ ਗਈ।ਇਸ ਮੌਕੇ ਪਿੰਡ ਮੋਹਰ ਸਿੰਘ ਵਾਲਾ ਵਿਖੇ ਨਵਾਬ ਖਾਂ, ਸਰਾਜ ਖਾਂ, ਬਹਾਦਰ ਖਾਂ, ਅਰਸ਼ਦ ਖਾਂ, ਅਲੀ ਖਾਂ, ਆਫਤਾਬ ਖਾਂ, ਅਕਬਰ ਖਾਂ, ਭੀਖੀ ਵਿਖੇ ਡਾ. ਸੁਲਤਾਨ ਸ਼ਾਹ, ਬਾਰੂ ਖਾਨ, ਸਲੀਮ ਖਾਨ, ਮਿੱਠੂ ਖਾਨ, ਫਿਰੋਜ਼ ਖਾਨ, ਮਕਸੂਦ ਫਿਰੋਜ਼ਦੀਨ, ਪਿੰਡ ਹਮੀਰਗੜ੍ਹ ਢੈਪਈ ਦੇ ਬੀਰਬਲ ਖਾਨ, ਬੂਟਾ ਖਾਨ, ਮੱਖਣ ਖਾਨ, ਬਬਲਾ ਖਾਨ ਤੋਂ ਇਲਾਵਾ ਪਿੰਡ ਦੀ ਪੰਚਾਇਤ ਨੇ ਵੀ ਇਕੱਤਰ ਹੋ ਕੇ ਇੱਕ ਦੂਸਰੇ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ।

## ਪਿੰਡਾਂ 'ਚ ਇੱਕੋ ਸਮੇਂ ਵਿਸ਼ੇਸ਼ ਅਜਲਾਸ ਬੁਲਾਉਣ ਦੀ ਹੋਵੇ ਜਾਂਚ : ਡਾ. ਅਮਰ ਸਿੰਘ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਹਲਕਾ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਦੇ ਮੈਂਬਰ ਡਾਕਟਰ ਅਮਰ ਸਿੰਘ ਨੇ ਸਟੇਟ ਇੰਸਟੀਚਿਊਟ ਆਫ਼ ਰੂਰਲ ਡਿਵੈਲਪਮੈਂਟ ਦੇ ਡਿਪਟੀ ਡਾਇਰੈਕਟਰ ਵੱਲੋਂ 27 ਮਾਰਚ ਨੂੰ ਆਪਣੇ ਪੱਤਰ ਨੰਬਰ 1134-45 ਰਾਹੀਂ 29 ਤੇ 30 ਮਾਰਚ ਨੂੰ ਸਾਰੇ ਪੰਜਾਬ ਵਿੱਚ ਇੱਕੋ ਸਮੇਂ ਗਰਾਮ ਸਭਾਵਾਂ ਦੇ ਵਿਸ਼ੇਸ਼ ਅਜਲਾਸ ਬੁਲਾਏ ਜਾਣ ਉੱਪਰ ਸਵਾਲ ਖੜ੍ਹਾ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀ ਹੈ।ਉਨ੍ਹਾ ਕਿਹਾ ਕਿ ਆਮ ਅਜਲਾਸ ਬੁਲਾਉਣ ਦਾ ਅਧਿਕਾਰ ਕੇਵਲ ਪਿੰਡਾਂ ਦੀਆਂ ਪੰਚਾਇਤਾਂ ਜਾਂ ਪਿੰਡਾਂ ਦੇ ਲੋਕਾਂ ਕੋਲ ਹੈ, ਵਿਭਾਗ ਵੱਲੋਂ ਅਜਿਹੇ ਅਜਲਾਸ ਬੁਲਾਉਣੇ ਗ਼ੈਰ-ਕਾਨੂੰਨੀ ਹਨ।ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਬਿਨਾਂ ਕਾਨੂੰਨੀ ਪ੍ਰਕਿਰਿਆ ਪੂਰਾ ਕੀਤੇ ਅਤੇ ਘੱਟ-ਘੱਟ ਦੋ ਹਫ਼ਤੇ ਦੇ ਜਨਤਕ ਨੋਟਿਸ ਬਗੈਰ ਇਸ ਤਰ੍ਹਾਂ ਗਰਾਮ ਸਭਾਵਾਂ ਦੇ ਅਜਲਾਸ ਬੁਲਾਉਣ ਪਿੱਛੇ ਕੋਈ ਛੁਪਿਆ ਏਜੰਡਾ ਹੋ ਸਕਦਾ ਹੈ। ਉਨ੍ਹਾਂ ਬਿਨਾਂ ਕੋਰਮ ਪੂਰਾ ਕੀਤੇ ਜਾਂ ਫ਼ਰਜ਼ੀ ਹਾਜ਼ਰੀਆਂ ਦੇ ਸਹਾਰੇ ਕੀਤੇ ਅਜਿਹੇ ਵਿਸ਼ੇਸ਼ ਅਜਲਾਸਾਂ ਦੀ ਜਾਂਚ ਦੀ ਮੰਗ ਕੀਤੀ ਹੈ।

## ਮਾਛੀਵਾੜਾ ਵਿਖੇ ਈਦ ਦਾ ਤਿਉਹਾਰ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਈਦ ਦਾ ਤਿਉਹਾਰ ਮਾਛੀਵਾੜਾ ਸਾਹਿਬ ਵਿਖੇ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਮੁਸਲਿਮ ਭਾਈਚਾਰੇ ਨਾਲ ਸੰਬੰਧਤ ਲੋਕਾਂ ਵੱਲੋਂ ਈਦਗਾਹ ਵਿੱਚ ਨਮਾਜ਼ ਅਦਾ ਕੀਤੀ ਗਈ ਅਤੇ ਇੱਕ ਦੂਜੇ ਦੇ ਗਲ ਮਿਲ ਕੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਗਈ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਮੁਸਲਿਮ ਭਾਈਚਾਰੇ ਨਾਲ ਪਵਿੱਤਰ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਕੌਂਸਲਰ ਜਗਮੀਤ ਸਿੰਘ ਮੱਕੜ, ਬਲਾਕ ਪ੍ਰਧਾਨ ਪ੍ਰਵੀਨ ਮੱਕੜ, ਮਨੀਸ਼ ਥੌਰ, ਸਿਕੰਦਰ ਸਿੰਘ, ਗੁਰਿੰਦਰ ਰਾਣਾ ਹਾਜ਼ਰ ਸਨ।

## ਪ੍ਰਗਤੀਸ਼ੀਲ ਬ੍ਰਾਹਮਣ ਸਭਾ ਨੇ ਸ਼ਾਂਤੀ ਪਾਠ ਕਰਵਾਇਆ



**ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬੀਤੇ ਦਿਨੀਂ ਪ੍ਰਗਤੀਸ਼ੀਲ ਬ੍ਰਾਹਮਣ ਸਭਾ ਸੁਨਾਮ ਵੱਲੋਂ ਸਭਾ ਦੇ ਸਰਪ੍ਰਸਤ ਸਵ. ਸ੍ਰੀ ਦੁਰਗਾ ਰਾਮ ਅਵਸਥੀ ਨਮਿਤ ਸ਼ਾਂਤੀ ਪਾਠ ਕਰਵਾਇਆ ਗਿਆ। ਅਚਾਰੀਆ ਕਮਲੇਸ਼ ਅਗਨੀਹੋਤਰੀ ਨੇ ਸ੍ਰੀ ਸੁੰਦਰ ਕਾਂਡ ਜੀ ਦਾ ਪਾਠ ਸੁਣਾ ਕੇ ਆਏ ਹੋਏ ਲੋਕਾਂ ਨੂੰ ਸਨਾਤਨ ਧਰਮ ਪ੍ਰਤੀ ਜਾਗਰੂਕ ਕੀਤਾ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ, ਆਲ ਇੰਡੀਆ ਬ੍ਰਾਹਮਣ ਫਰੰਟ ਤੇ ਮਹਾਂਵੀਰ ਦਲ ਦੇ ਨੈਸ਼ਨਲ ਪ੍ਰਧਾਨ ਮਹੰਤ ਸਵਰੂਪ ਬਿਹਾਰੀ ਸ਼ਰਨ, ਬ੍ਰਾਹਮਣ ਸਭਾ ਪੰਜਾਬ ਦੇ ਪ੍ਰਧਾਨ ਸ਼ੇਖਰ ਸ਼ੁਕਲਾ ਤੇ ਪ੍ਰਗਤੀਸ਼ੀਲ ਬ੍ਰਾਹਮਣ ਸਭਾ ਦੇ ਪ੍ਰਧਾਨ ਰੁਪਿੰਦਰ ਭਾਰਦਵਾਜ ਨੇ ਭਰਤ ਹਰੀ ਸ਼ਰਮਾ ਨੂੰ ਪ੍ਰਗਤੀਸ਼ੀਲ ਬ੍ਰਾਹਮਣ ਸਭਾ ਦੇ ਨਵੇਂ ਸਰਪ੍ਰਸਤ ਵਜੋਂ ਘੋਸ਼ਿਤ ਕਰਕੇ ਉਨ੍ਹਾਂ ਦੀ ਪਗੜੀ ਦੀ ਰਸਮ ਕੀਤੀ। ਇਸ ਮੌਕੇ ਖਟ ਦਰਸ਼ਨ ਸਾਧੂ ਸਮਾਜ ਪੰਜਾਬ ਦੇ ਪ੍ਰਧਾਨ ਕਾਹਨ ਦਾਸ ਬਾਵਾ, ਮਹੰਤ ਚੰਦਰ ਮੁਨੀ (ਸ਼ੇਰੋਂ), ਮਹੰਤ ਤੁਲਸੀ ਦਾਸ (ਮਹਿਲਾਂ ਚੌਂਕ), ਮਹੰਤ ਮੱਘਰ ਦਾਸ, ਮਹੰਤ ਬਲਦੇਵ ਦਾਸ ਪਟਿਆਲਾ ਤੋਂ, ਮਹੰਤ ਸੀਤਾ ਰਾਮ ਲੌਂਗੋਵਾਲ ਤੋਂ ਹਾਜ਼ਰ ਹੋਏ। ਸੈਕਟਰੀ ਮਾਸਟਰ ਭੂਸ਼ਣ ਸ਼ਰਮਾ ਨੇ ਆਈਆਂ ਸੰਸਥਾਵਾਂ ਤੇ ਇਕਾਈਆਂ ਨੂੰ ਜੀ ਆਇਆਂ ਕਿਹਾ ਮਹੰਤ ਸਵਰੂਪ ਬਿਹਾਰੀ ਸ਼ਰਨ ਨੇ ਸ੍ਰੀ ਅਮਨ ਅਰੋੜਾ ਨੂੰ ਬ੍ਰਾਹਮਣਾਂ ਨੂੰ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦੇ ਹੋਏ ਇੱਕ ਮੰਗ ਪੱਤਰ ਸੌਂਪਿਆ। ਇਸ ਮੌਕੇ ਰਾਮ ਮੁਹੰਮਦ ਸਿੰਘ ਆਜ਼ਾਦ ਕਲੱਬ ਵੱਲੋਂ ਮਹੰਤ ਸਵਰੂਪ ਬਿਹਾਰੀ ਸ਼ਰਨ ਤੇ ਸ਼ੇਖਰ ਸ਼ੁਕਲਾ ਦਾ ਸੁਨਾਮ ਪਹੁੰਚਣ 'ਤੇ ਸਨਮਾਨ ਕੀਤਾ ਗਿਆ। ਅੰਤ 'ਚ ਪ੍ਰਗਤੀਸ਼ੀਲ ਬ੍ਰਾਹਮਣ ਸਭਾ ਸੁਨਾਮ ਤੇ ਬਰਾਦਰੀ ਤਰਫ ਅਭਰਾਓ ਬ੍ਰਾਹਮਣ ਸਭਾ ਸੁਨਾਮ ਦੇ ਪ੍ਰਧਾਨ ਰੁਪਿੰਦਰ ਭਾਰਦਵਾਜ ਅਤੇ ਸੰਦੀਪ ਸ਼ਰਮਾ ਵੱਲੋਂ ਸਾਰੀਆਂ ਬ੍ਰਾਹਮਣ ਇਕਾਈਆਂ ਦਾ ਸੁਨਾਮ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਵਿਦਿਆਰਥੀ ਦੀ ਨਵੋਦਿਆ ਲਈ ਚੋਣ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਪੁੱਤਰ ਬੰਟੀ ਸਿੰਘ ਪਿੰਡ ਅਚਰਾਲ ਖੁਰਦ ਦੀ ਚੋਣ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਹੋਣ 'ਤੇ ਸਕੂਲ ਪ੍ਰਬੰਧਕ ਕਮੇਟੀ ਪ੍ਰਿੰਸੀਪਲ ਤੇ ਸਟਾਫ਼ ਵੱਲੋਂ ਵਿਦਿਆਰਥੀ ਨੂੰ ਸਨਮਾਨਤ ਕੀਤਾ ਗਿਆ ਅਤੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

# ਬੀ ਐੱਨ ਓ ਨੇ ਮੂਸੇ ਸਕੂਲ ਤੋਂ ਦਾਖ਼ਲਾ ਵੈਨ ਨੂੰ ਦਿਖਾਈ ਹਰੀ ਝੰਡੀ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**–ਜ਼ਿਲ੍ਹਾ ਸਿੱਖਿਆ ਅਫ਼ਸਰ (ਸ ਸ) ਸਤਨਾਮ ਸਿੰਘ ਬਾਠ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਪਰਮਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਹਾਈ ਸਕੂਲ ਮੂਸੇ 'ਚ ਸੈਸ਼ਨ 2025-26 ਲਈ ਦਾਖ਼ਲਾ ਮੁਹਿੰਮ ਦਾ ਆਗਾਜ਼ ਪ੍ਰਿੰਸੀਪਲ-ਕਮ- ਬੀ ਐੱਨ ਓ ਗੰਡੀਵਿੰਡ ਸ੍ਰੀਮਤੀ ਵਰਿੰਦਰ ਕੌਰ, ਏ ਬੀ ਐੱਨ ਓ ਪ੍ਰਭਜੋਤ ਸਿੰਘ ਤੇ ਜੂਨੀਅਰ ਸਹਾਇਕ ਭੁਪੇਸ਼ ਰਾਮਪਾਲ ਵੱਲੋਂ ਦਾਖ਼ਲਾ ਵੈਨ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਗਿਆ।ਦੱਸਣਯੋਗ ਹੈ ਕਿ ਪ੍ਰਚਾਰ ਵੈਨ ਚੱਕ ਸਿਕੰਦਰ, ਪੱਧਰੀ, ਮਾਲੂਵਾਲ, ਰਾਮਰੌਣੀ, ਕੰਬੋਅ, ਗੱਗੋਬੂਹਾ, ਬੁਰਜ, ਛਿੱਛਰੇਵਾਲ, ਦੋਬਲੀਆ ਆਦਿ ਪਿੰਡਾਂ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਤੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਸੰਬੰਧੀ ਮਾਪਿਆਂ ਨੂੰ ਜਾਗਰੂਕ ਕਰਨ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਮੁਖੀ ਗੁਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਨੂੰ ਸੈਸ਼ਨ 2025-26 ਵਿੱਚ ਵਿਲੱਖਣ ਪ੍ਰਾਪਤੀਆਂ ਲਈ ਸਿੱਖਿਆ ਵਿਭਾਗ ਪੰਜਾਬ ਵੱਲੋਂ ਉੱਤਮ ਸਕੂਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਵਿਦਿਆਰਥੀਆਂ ਲਈ ਉੱਤਮ ਦਰਜੇ ਦੇ ਫਰਨੀਚਰ, ਸਾਫ਼-ਸੁਥਰੇ ਪਖਾਨਿਆਂ, ਇੰਟਰਨੈੱਟ, ਪ੍ਰੋਜੈਕਟਰਜ਼, ਲਾਇਬ੍ਰੇਰੀ, ਸਾਇੰਸ ਤੇ ਮੈਥ ਲੈਬ, ਖੇਡ ਦੇ ਮੈਦਾਨ ਤੇ ਕਰੀਅਰ ਗਾਈਡੈਂਸ ਦੀ ਖ਼ਾਸ ਵਿਵਸਥਾ ਹੈ।ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਮੂਸੇ ਸਕੂਲ ਵਿੱਚ ਦਾਖ਼ਲਾ ਕਰਵਾ ਕੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।ਇਸ ਮੌਕੇ ਨਰਿੰਦਰ ਕੁਮਾਰ, ਨਰਿੰਦਰ ਸਿੰਘ, ਰਤਨ ਸਿੰਘ, ਗੁਰਪ੍ਰੀਤ ਕੌਰ, ਉਪਦੀਪ ਸਿੰਘ, ਅਮਨਜੋਤ ਕੌਰ, ਲਵਪ੍ਰੀਤ ਕੌਰ, ਮੰਗਲ ਸਿੰਘ, ਗੁਰਬੀਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਬਾਬਾ ਮੋਤੀ ਰਾਮ ਦਾ ਸ਼ਹੀਦੀ ਦਿਹਾੜਾ ਮਨਾਇਆ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**–ਧੰਨ ਧੰਨ ਬਾਬਾ ਮੋਤੀ ਰਾਮ ਮਹਿਰਾ ਦਾ ਸਰਬ ਸਾਂਝਾ ਸ਼ਹੀਦੀ ਸਮਾਗਮ ਬਾਬਾ ਮੋਤੀ ਰਾਮ ਮਹਿਰਾ ਵੈਲਫੇਅਰ ਸੁਸਾਇਟੀ ਵੱਲੋਂ ਬਾਬਾ ਮੋਤੀ ਰਾਮ ਯਾਦਗਾਰੀ ਹਾਲ ਬੱਦੋਵਾਲ ਰੋਡ ਫਤਿਹਗੜ੍ਹ ਚੂੜੀਆਂ ਵਿਖੇ ਕਰਵਾਇਆ ਗਿਆ।ਜਿਸ ਵਿੱਚ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਭਰੀ।ਇਸ ਮੌਕੇ ਭਾਈ ਕੁਲਬੀਰ ਸਿੰਘ ਕਾਮਲ ਇੰਟਰਨੈਸ਼ਨਲ ਪੰਥਕ ਢਾਡੀ ਜਥਾ, ਭਾਈ ਸਰਵਣ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਇੰਦਰਜੀਤ ਸਿੰਘ ਫਤਿਹਗੜ੍ਹ ਚੂੜੀਆਂ, ਬਲਵਿੰਦਰ ਸਿੰਘ ਜੌਹਲ ਵੱਲੋਂ ਬਾਬਾ ਮੋਤੀ ਰਾਮ ਦੇ ਇਤਿਹਾਸ 'ਤੇ ਚਾਨਣਾ ਪਾ ਕੇ ਸੰਗਤ ਨੂੰ ਨਿਹਾਲ ਕੀਤਾ। ਸੰਗਤਾਂ ਲਈ ਦੁੱਧ ਅਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਸਾਰਾ ਦਿਨ ਚਲਦੇ ਰਹੇ।ਸਮਾਗਮ ਦੌਰਾਨ ਡੀ ਡੀ ਆਈ ਸਕੂਲ ਫਤਿਹਗੜ੍ਹ ਚੂੜੀਆਂ ਅਤੇ ਹੈਬਰਨ ਵਰਲਡ ਸਕੂਲ ਬਲ ਬਾਵਾ ਦੇ ਮਾਲਕਾਂ ਵੱਲੋਂ ਵੀ ਸੇਵਾ 'ਚ ਵੱਧ ਚੜ੍ਹ ਕੇ ਹਿੱਸਾ ਪਾਇਆ ਗਿਆ।ਜੋੜਾ ਘਰ ਵਿਖੇ ਜੋੜਿਆਂ ਦੀ ਸੇਵਾ ਗੁਰਮੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਨਿਭਾਈ ਗਈ।ਇਸ ਮੌਕੇ ਮਾਸਟਰ ਅਵਤਾਰ ਸਿੰਘ ਸਰਪਰਸਤ, ਪ੍ਰਤਾਪ ਸਿੰਘ ਚੇਅਰਮੈਨ, ਰਸਪਾਲ ਸਿੰਘ ਪ੍ਰਧਾਨ, ਲਖਵਿੰਦਰ ਸਿੰਘ ਜਨਰਲ ਸੈਕਟਰੀ, ਹਰਧਮਣ ਸਿੰਘ ਸੀਨੀਅਰ ਮੀਤ ਪ੍ਰਧਾਨ, ਅਸ਼ੋਕ ਕੁਮਾਰ ਸੀਨੀਅਰ ਮੀਤ ਪ੍ਰਧਾਨ, ਰਘਬੀਰ ਸਿੰਘ ਵਾਈਸ ਪ੍ਰਧਾਨ, ਮਨਦੀਪ ਸਿੰਘ ਸਹਾਇਕ ਸਕੱਤਰ, ਮਾਸਟਰ ਜਗੀਰ ਸਿੰਘ ਕੈਸ਼ੀਅਰ, ਸਰਦਾਰੀ ਲਾਲ ਸਹਾਇਕ ਕੈਸ਼ੀਅਰ, ਕੁਲਦੀਪ ਸਿੰਘ ਪ੍ਰੈਸ ਸਕੱਤਰ, ਗੁਰਮੀਤ ਸਿੰਘ ਮੁੱਖ ਸਲਾਹਕਾਰ, ਨਿਰਮਲ ਸਿੰਘ ਪ੍ਰਚਾਰ ਸਕੱਤਰ, ਲਖਵਿੰਦਰ ਸਿੰਘ ਲੱਖਾ ਦਫਤਰੀ ਸਕੱਤਰ, ਚਰਨਜੀਤ ਸਿੰਘ ਰਾਜਾ, ਰਸਪਾਲ ਸਿੰਘ ਲਵਲੀ ,ਬਾਬਾ ਮਨਿੰਦਰ ਸਿੰਘ ਗੰਬੀ ਖਾਲਸਾ ਕਲੋਨੀ ਆਦਿ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਬਲਵਿੰਦਰ ਸਿੰਘ ਜੌਹਲ ਵੱਲੋਂ ਬਾਖੂਬੀ ਨਿਭਾਈ ਗਈ।

# ਸਾਹਿਤਕ ਸਿਤਾਰੇ ਮੰਚ ਵੱਲੋਂ ਬਹਾਦਰ ਸਿੰਘ ਗੋਸਲ ਸ਼ਾਨ-ਏ-ਪੰਜਾਬ ਪੁਰਸਕਾਰ ਨਾਲ ਸਨਮਾਨਤ



**ਚੋਹਲਾ ਸਾਹਿਬ (ਰਮਨ ਚੱਢਾ)**–ਬੀਤੇ ਦਿਨੀ ਸਾਹਿਤਕ ਸਿਤਾਰੇ ਮੰਚ ਰਜਿਸਟਰ ਤਰਨ ਤਾਰਨ ਵੱਲੋਂ ਗੰਡਿਆਂਵਾਲੀ ਧਰਮਸ਼ਾਲਾ ਵਿੱਚ ਹਰਦੇਵ ਸਿੰਘ ਗਾਂਧੀ ਦੀ ਯਾਦ ਵਿੱਚ ਕਵਿਤਾ ਮੁਕਾਬਲੇ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ 110 ਕਿਤਾਬਾਂ ਦੇ ਸਿਰਜਨਹਾਰੇ ਬਹਾਦਰ ਸਿੰਘ ਗੋਸਲ ਚੰਡੀਗੜ੍ਹ ਅਤੇ ਉਹਨਾਂ ਦੀ ਪੂਰੀ ਟੀਮ ਨੇ ਭਾਗ ਲਿਆ ਅਤੇ ਉੱਘੇ ਸਾਹਿਤਕਾਰ ਡਾਕਟਰ ਦਵਿੰਦਰ ਸੈਫੀ ਆਪਣੇ ਸਾਥੀਆਂ ਸਮੇਤ ਇਸ ਪ੍ਰੋਗਰਾਮ ਵਿੱਚ ਪਹੁੰਚੇ ਦਵਿੰਦਰ ਸੈਫੀ ਨੂੰ ਗੁਰਬਖਸ਼ ਸਿੰਘ ਪ੍ਰੀਤ ਲੜੀ ਪੁਰਸਕਾਰ ਪ੍ਰਦਾਨ ਕੀਤਾ ਗਿਆ ਅਤੇ ਬਹਾਦਰ ਸਿੰਘ ਗੋਸਲ ਨੂੰ ਸ਼ਾਨ ਏ ਪੰਜਾਬ ਪੁਰਸਕਾਰ ਦੇ ਕੇ ਨਿਵਾਜਿਆ ਗਿਆ। ਇਹਨਾਂ ਤੋਂ ਇਲਾਵਾ ਕੰਵਲਜੀਤ ਢਿੱਲੋਂ ਪਰਮਜੀਤ ਜੈਸਵਾਲ ਮੱਖਣ ਭੈਣੀਵਾਲ ਚਰਨ ਸਿੰਘ, ਕਰਮ ਸਿੰਘ ਮਾਹਲਾ ਬਲਕਾਰ ਸਿੰਘ ਮੈਂਬਰ ਮੋਰਾਂਵਾਲੀ, ਤਿਲਕਰਾਜ ਕੌਂਸਲਰ ਗੁਰਬੇਜ ਸਿੰਘ, ਕੌਂਸਲਰ ਰਘਬੀਰ ਸਿੰਘ ਆਨੰਦ ਮੀਤ ਪ੍ਰਧਾਨ ਸਾਹਿਤਕ ਸਿਤਾਰੇ, ਰਕੇਸ਼ ਸਚਦੇਵਾ ਜਨਰਲ ਸਕੱਤਰ ਸਾਹਿਤਕ ਸਿਤਾਰੇ ਵਰਨ ਸੂਦ ਵਿੱਤ ਸਕੱਤਰ, ਗੁਰਮੀਤ ਸਿੰਘ ਜੇ ਈ ਪ੍ਰੈਸ ਸਕੱਤਰ ਜਸਬੀਰ ਸਿੰਘ ਪ੍ਰਧਾਨ ਗ੍ਰਾਮੀਨ ਡਾਕ ਸੇਵਕ ਯੂਨੀਅਨ, ਜਗਤਾਰ ਸਿੰਘ ਜੋਗਾ ਚੰਡੀਗੜ੍ਹ, ਭੁਪਿੰਦਰ ਸਿੰਘ ਚੰਡੀਗੜ੍ਹ ਸਭ ਨੂੰ ਵੱਖ ਵੱਖ ਸਮਨਮਾਨਾ ਦੁਆਰਾ ਸਨਮਾਨਿਤ ਕੀਤਾ ਗਿਆ। ਧਰਮ ਸਿੰਘ ਪੰਨੂ, ਜਸਬੀਰ ਸਿੰਘ ਭੱਟੀ, ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਆਏ ਪ੍ਰਗਟ ਸਿੰਘ ਕਾਰਜ ਕਰਨੀ ਮੈਂਬਰ ਤੋਂ ਇਲਾਵਾ ਹਰਦੇਵ ਸਿੰਘ ਗਾਂਧੀ ਦੇ ਪਰਵਾਰ ਦੇ ਮੈਂਬਰ ਪ੍ਰੋਗਰਾਮ ਵਿੱਚ ਪਹੁੰਚੇ ਮਨਜਿੰਦਰ ਸਿੰਘ ਰਾਜਾ ਸਪੁੱਤਰ ਹਰਦੇਵ ਸਿੰਘ ਗਾਂਧੀ ਨੂੰ ਵਿਸ਼ੇਸ਼ ਸਨਮਾਨ ਦੁਆਰਾ ਨਿਵਾਜਿਆ ਗਿਆ। ਇਸ ਤਰ੍ਹਾਂ ਇਹ ਪ੍ਰੋਗਰਾਮ ਆਪਣੀਆਂ ਯਾਦਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ। ਇਸ ਸਮੇਂ ਸਾਹਿਤਕ ਸਿਤਾਰੇ ਮੰਚ ਦੇ ਸੰਚਾਲਕ ਹਰਭਜਨ ਸਿੰਘ ਭਗਰੱਥ ਨੇ ਦੱਸਿਆ ਕਿ ਉਹ ਸਫਰਨਾਮਿਆਂ ਦੇ ਨਾਲ ਨਾਲ ਕਵਿਤਾ ਵੀ ਲਿਖਦੇ ਹਨ।

## ਪੰਜਾਬ ਸਰਕਾਰ ਹਰ ਮੁਹਾਜ਼ 'ਤੇ ਫੇਲ੍ਹ

**ਝਬਾਲ ( ਮੱਖਣ ਮਨੋਜ)**–ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਸਕੱਤਰ ਜਰਨੈਲ ਸਿੰਘ ਰਸੂਲਪੁਰ ਨੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਭਗਵੰਤ ਮਾਨ ਸਰਕਾਰ ਹਰ ਮੁਹਾਜ਼ ਤੋਂ ਬੁਰੀ ਤਰ੍ਹਾਂ ਨਾਲ ਫੇਲ੍ਹ ਸਾਬਿਤ ਹੋ ਚੁੱਕੀ ਹੈ ਗਰੀਬ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ ਹਰ ਘਰ ਵਿੱਚ ਨੌਕਰੀ ਦੇਣ ਦਾ ਵਾਅਦਾ ਜੁਮਲਾ ਹੀ ਲੱਗ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਲਈ ਨੀਤੀਆਂ ਨੂੰ ਲਾਗੂ ਕੀਤੀਆਂ ਜਾ ਰਹੀਆਂ। ਸਾਥੀ ਜਰਨੈਲ ਨੇ ਮਨਰੇਗਾ ਮਜ਼ਦੂਰਾਂ ਦੀ ਉਜਰਤ ਵਿਚ ਨਿਗੂਣਾ ਜਿਹਾ ਵਾਧਾ ਕਰਨ ਦੀ ਨਿੰਦਾ ਕਰਦਿਆਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਘੱਟੋ 700 ਰੁਪੈ ਅਤੇ ਕੰਮ ਸਾਰਾ ਸਾਲ ਦਿੱਤਾ ਜਾਵੇ, ਕਹੀਆਂ ਬਾਲ ਕੇ ਆਦਿ ਸਮਾਨ ਦਾ ਸਰਕਾਰ ਪ੍ਰਬੰਧ ਕਰੇ। ਨਰੇਗਾ ਕਾਮਿਆਂ ਦਾ ਪੰਜ ਲੱਖ ਦਾ ਬੀਮਾ ਕੀਤਾ ਜਾਵੇ, ਉਜ਼ਰਤਾਂ ਸਿਧੀਆਂ ਮਜ਼ਦੂਰਾਂ ਦੇ ਬੈਂਕ ਖਾਤਿਆਂ ਵਿਚ ਪਾਈਆਂ ਜਾਣ, ਕਮ ਕਰਨ ਵਾਲੀਆਂ ਥਾਵਾਂ 'ਤੇ ਮੈਡੀਕਲ ਟੀਮਾਂ ਦਾ ਪ੍ਰਬੰਧ ਕੀਤਾ ਜਾਵੇ।

## ਦੀਵਾਨ ਹਾਲ ਦੀ ਲੈਂਟਰ ਪਾਉਣ ਦੀ ਸੇਵਾ 6 ਨੂੰ

ਸੰਨ ਸਾਹਿਬ, ਝਬਾਲ (ਮੱਖਣ ਮਨੋਜ) ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਅਮਰਦਾਸ ਬਾਸਰਕੇ ਵਿਖੇ ਨਵੇਂ ਬਣ ਰਹੇ ਦੀਵਾਨ ਹਾਲ ਦੀ ਲੈਂਟਰ ਪਾਉਣ ਦੀ ਕਾਰ ਸੇਵਾ 6 ਅਪ੍ਰੈਲ ਐਤਵਾਰ ਨੂੰ ਹੋਵੇਗੀ।ਇਸ ਸੰਬੰਧ ਵਿੱਚ ਜਾਣਕਾਰੀ ਦਿੰਦਿਆਂ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਦੇ ਸੇਵਾਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲਿਆਂ ਨੇ ਦੱਸਿਆ ਕਿ ਸੰਪਰਦਾਇ ਬਾਬਾ ਖੜਕ ਸਿੰਘ ਬਾਬਾ ਦਰਸ਼ਨ ਵੱਲੋਂ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਹੇਠ



141 ਲੰਬਾ 81 ਫੁੱਟ ਚੌੜਾਈ ਵਾਲੇ ਦੀਵਾਨ ਹਾਲ ਦੀ ਲੈਂਟਰ ਪਾਉਣ ਦੀ ਕਾਰ, ਸੇਵਾ ਐਤਵਾਰ ਨੂੰ 10 ਵਜੇ ਸ਼ੁਰੂ ਕੀਤਾ ਜਾਵੇਗੀ।

## ਪ੍ਰੋ. ਭੁੱਲਰ ਨੂੰ ਖ਼ਾਲਸਾ ਸਾਜਣਾ ਦਿਵਸ ਤੋਂ ਪਹਿਲਾਂ ਰਿਹਾਅ ਕਰੋ : ਪ੍ਰੋ. ਖਿਆਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਦਿੱਲੀ ਦੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਤੋਂ ਸਿੱਖ ਕੈਦੀ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਖ਼ਾਲਸਾ ਸਿਰਜਣਾ ਦਿਵਸ, ਵਿਸਾਖੀ ਤੋਂ ਪਹਿਲਾਂ ਰਿਹਾਅ ਕਰਨ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਪ੍ਰੋਫੈਸਰ ਭੁੱਲਰ ਪਹਿਲਾਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਰਿਹਾ ਅਤੇ ਹੁਣ ਉਹ ਪਿਛਲੇ 13 ਸਾਲਾਂ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਬੰਦ ਹੈ ਅਤੇ ਸਿਹਤ ਠੀਕ ਨਾ ਹੋਣ ਕਾਰਨ ਜ਼ੇਰੇ ਇਲਾਜ ਹੈ।ਉਹ ਹੁਣ ਤੱਕ 29 ਸਾਲ ਜੇਲ੍ਹ ਵਿੱਚ ਬਿਤਾ ਚੁੱਕਾ ਹੈ। ਪ੍ਰੋ. ਭੁੱਲਰ ਦੇ ਜੇਲ੍ਹ ਰਿਕਾਰਡ ਵਿੱਚ ਕੋਈ ਨਕਾਰਾਤਮਿਕ ਟਿੱਪਣੀ ਨਹੀਂ ਹੈ।ਇਸ ਲਈ, ਪ੍ਰੋਫੈਸਰ ਭੁੱਲਰ, ਹੁਣ ਜਲਦੀ ਰਿਹਾਈ ਦਾ ਹੱਕਦਾਰ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਪਿਛਲੀ ਅਰਵਿੰਦ ਕੇਜਰੀਵਾਲ ਸਰਕਾਰ ਪ੍ਰੋ. ਭੁੱਲਰ ਦੀ ਰਿਹਾਈ ਦਾ ਸਿਹਰਾ ਨਹੀਂ ਲੈ ਸਕੀ।ਉਨ੍ਹਾਂ ਉਮੀਦ ਜਤਾਈ ਹੈ ਕਿ ਮੌਜੂਦਾ ਦਿੱਲੀ ਸਰਕਾਰ, ਰਾਜਨੀਤਿਕ ਇੱਛਾ ਸ਼ਕਤੀ ਅਤੇ ਮਾਨਵੀ ਆਧਾਰ 'ਤੇ ਫ਼ੈਸਲਾ ਲੈਂਦਿਆਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੁਆਰਾ 2019 ਵਿੱਚ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਲਾਗੂ ਕਰੇਗੀ ਅਤੇ ਹਰੇਕ ਪਹਿਲੂ 'ਤੇ ਹਮਦਰਦੀ ਨਾਲ ਵਿਚਾਰ ਕਰੇਗੀ ਅਤੇ ਪ੍ਰੋ. ਭੁੱਲਰ ਦੀ ਤੁਰੰਤ ਰਿਹਾਈ ਲਈ 'ਸਜ਼ਾ ਸਮੀਖਿਆ ਬੋਰਡ' ਮੀਟਿੰਗ ਬੁਲਾਉਣ ਤੋਂ ਇਲਾਵਾ ਹੋਰ ਲੋੜੀਂਦੇ ਕਦਮ ਚੁੱਕੇਗੀ।

## ਸਕੂਲ ਦੇ ਨਵੇਂ ਸੈਸ਼ਨ ਦੀ ਅਰੰਭਤਾ ਅਰਦਾਸ ਨਾਲ ਕੀਤੀ

ਝਬਾਲ (ਹਰਿਜਦਰ ਸੋਨੀ) ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 1 ਅਪ੍ਰੈਲ ਨੂੰ



ਨਵੇਂ ਸ਼ੈਸ਼ਨ ਦੀ ਆਰੰਭਤਾ ਸੁਖਮਨੀ ਸਾਹਿਬ ਦਾ ਪਾਠ ਅਤੇ ਅਰਦਾਸ ਨਾਲ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਵੱਲੋਂ ਮਿਲ ਕੇ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਅਨੁਰੀਤ ਬਾਵਾ ਵੱਲੋਂ ਬੱਚਿਆਂ ਨੂੰ ਨਵੇਂ ਸੈਸ਼ਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਉੱਚੀਆਂ ਪੁਲਾਂਘਾਂ ਪੁੱਟ ਕੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

## ਬੱਚਿਆਂ ਤੇ ਸਕੂਲ ਸਟਾਫ਼ ਦੇ ਚੰਗੇ ਭਵਿੱਖ ਲਈ ਅਰਦਾਸ ਕੀਤੀ

ਝਬਾਲ (ਹਰਜਿੰਦਰ ਸਿੰਘ ਸੋਨੀ) ਪਾਇਨਲੈਂਡ ਇੰਟਰਨੈਸ਼ਨਲ ਕਾਨਵੈਂਟ ਸਕੂਲ ਗੱਗੂਬੂਆ ਦੀ ਪ੍ਰਿੰਸੀਪਲ ਮੈਡਮ ਜਤਿੰਦਰ ਕੌਰ ਤੇ ਡਰੈਕਟਰ ਵਰਿੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਵੱਲੋਂ ਸਕੂਲ ਦੇ ਨਵੇਂ ਸੈਸ਼ਨ ਨੂੰ ਮੁੱਖ ਰੱਖਦਿਆਂ ਸਕੂਲ ਸਟਾਫ ਬੱਚਿਆਂ ਨੂੰ ਗੁਰਦੁਆਰਾ ਧੰਨ-ਧੰਨ ਬਾਬਾ ਬੁੱਢਾ ਸਾਹਿਬ ਧਾਰਮਿਕ



ਅਸਥਾਨ ਮੱਥਾ ਟੇਕਿਆ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਬੱਚਿਆਂ ਅਤੇ ਸਕੂਲ ਸਟਾਫ ਚੰਗੇ ਭਵਿੱਖ ਲਈ ਅਰਦਾਸ ਕੀਤੀ। ਪ੍ਰਮਾਤਮਾ ਹਮੇਸ਼ਾ ਚੜ੍ਹਦੀ ਕਲਾਂ ਰੱਖੇ।ਇਸ ਮੌਕੇ ਹਾਜ਼ਰ ਡੀ, ਪੀ ਬਾਬਾ ਰੇਸ਼ਮ ਸਿੰਘ ਛੀਨਾ, ਮੈਡਮ ਰਮਿੰਦਰ ਕੌਰ, ਮੈਡਮ ਸ਼ੈਲੀ, ਮੈਡਮ ਮਹਿਕਪ੍ਰੀਤ ਕੌਰ, ਮੈਡਮ ਪੂਜਾ, ਮੈਡਮ ਰਮਨਦੀਪ ਕੌਰ ਤੇ ਸਮੂਹ ਸਟਾਫ ਹਾਜ਼ਰ ਸੀ।

## ਅੱਜ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਉੱਪ ਮੰਡਲ ਪੀਐੱਸਪੀਸੀਐੱਲ ਭਿੱਖੀਵਿੰਡ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਅੱਜ ਮਿਤੀ 2 ਅਪ੍ਰੈਲ ਦਿਨ ਬੁੱਧਵਾਰ ਨੂੰ 132 ਕੇਵੀ ਸਬ ਸਟੇਸ਼ਨ ਭਿੱਖੀਵਿੰਡ ਵਿੱਚ ਬਣੇ ਨਵੇਂ ਬਰੇਕਰ ਦੀ ਫਿਟਿੰਗ ਦਾ ਕੰਮ ਮੁਕੰਮਲ ਕਰਨ ਲਈ 11 ਕੇਵੀ ਅੱਡਾ ਭਿੱਖੀਵਿੰਡ,11 ਕੇਵੀ ਪੁਰਾਣਾ (ਬੀਐੱਸਐੱਫ ਫੀਡਰ ਹੈਡਕੁਆਰਟਰ),11 ਕੇਵੀ ਯੂਪੀਐੱਸ ਫੀਡਰ ਬਲੇਹਰ,11 ਕੇਵੀ ਨਿਊ ਅਰਬਨ ਫੀਡਰ ਤੇ 11 ਕੇਵੀ ਅਲਗੋਂ ਫੀਡਰ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ।

## ਏ ਐੱਸ ਆਈ ਗੁਰਮੇਜ ਸਿੰਘ ਨੇ ਬਤੌਰ ਚੌਂਕੀ ਇੰਚਾਰਜ ਅਹੁਦਾ ਸੰਭਾਲਿਆ

ਭਿੱਖੀਵਿੰਡ/ਖਾਲੜਾ(ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਪੁਲਸ ਚੌਂਕੀ ਅਲਗੋਂ ਕੋਠੀ 'ਚ ਏ ਐੱਸ ਆਈ ਗੁਰਮੇਜ ਸਿੰਘ ਨੇ ਬਤੌਰ ਇੰਚਾਰਜ ਅਹੁਦਾ ਸੰਭਾਲ ਲਿਆ ਹੈ। ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏ ਐੱਸ ਆਈ ਗੁਰਮੇਜ ਸਿੰਘ ਨੇ ਕਿਹਾ ਕਿ ਡੀ ਜੀ ਪੀ ਪੰਜਾਬ ਗੌਰਵ ਯਾਦਵ ਤੇ ਮਾਣਯੋਗ ਐੱਸ ਐੱਸ ਪੀ ਸ੍ਰੀ ਅਭੀਮੰਨਿਊ ਰਾਣਾ ਅਤੇ ਡੀ ਐਸ ਪੀ ਪ੍ਰੀਤ ਇੰਦਰ ਸਿੰਘ ਭਿੱਖੀਵਿੰਡ ਪਾਸੋਂ ਜਾਰੀ ਹੋਈਆਂ ਹਦਾਇਤਾਂ ਤਹਿਤ ਇਲਾਕੇ ਵਿੱਚ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖ਼ਿਲਾਫ਼ ਡੱਟ ਕੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੌਂਕੀ ਵਿੱਚ ਆਉਣ ਵਾਲੇ ਮੋਹਤਬਰਾਂ ਦਾ ਬਣਦਾ ਮਾਣ-ਸਨਮਾਨ ਕੀਤਾ ਜਾਵੇਗਾ। ਏ ਐੱਸ ਆਈ ਗੁਰਮੇਜ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਅਮਨ-ਕਾਨੂੰਨ ਬਣਾਈ ਰੱਖਣਾ ਉਨ੍ਹਾਂ ਦਾ ਮੁੱਖ ਉਦੇਸ਼ ਹੈ।ਇਸ ਮੌਕੇ ਏ ਐੱਸ ਆਈ ਦਿਲਬਾਗ ਸਿੰਘ, ਏ ਐੱਸ ਆਈ ਸੁਨੀਲ ਦੱਤ, ਹੈੱਡ ਕਾਂਸਟੇਬਲ ਮਨਜੀਤ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ।



# ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ ਦੀ ਹੋਈ ਬੈਠਕ



ਧਾਰੀਵਾਲ (ਮਨਦੀਪ ਸਿੰਘ ਵਿੱਕੀ)– ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ (ਰਜਿ.) ਦੇ ਦਫਤਰ ਪੁਰਾਣਾ ਧਾਰੀਵਾਲ ਵਿਖੇ ਸੁਸਾਇਟੀ ਦੀ ਮਹੀਨਾਵਾਰ ਬੈਠਕ ਸੰਸਥਾ ਦੇ ਸਰਪਰਸਤ ਜਥੇਦਾਰ ਨਿਰਵੈਰ ਸਿੰਘ ਦੀ ਅਗਵਾਈ ਵਿੱਚ ਮੁੱਖ ਸੇਵਾਦਾਰ ਬਲਦੇਵ ਸਿੰਘ ਨਿਮਾਣਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਰਾਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੰਸਥਾ ਦੇ ਪ੍ਰੈਸ਼ ਸਕੱਤਰ ਇੰਜੀ. ਜਤਿੰਦਰ ਪਾਲ ਸਿੰਘ ਜੇਪੀ ਨੇ ਦੱਸਿਆ ਕਿ ਇੱਕ ਚੇਤ ਨੂੰ ਨਵੇਂ ਸਾਲ ਦੇ ਸੰਬੰਧ ਵਿੱਚ ਕੀਤੇ ਗਏ ਧਾਰਮਿਕ ਸਮਾਗਮ ਦੀ ਸਫਲਤਾ ਲਈ ਮੀਟਿੰਗ ਦੌਰਾਨ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਅੱਗੇ ਅਰਦਾਸ ਕੀਤੀ ਗਈ। ਉਪਰੰਤ ਸੰਸਥਾ ਦੇ ਖਜਾਨਚੀ ਹਰਪ੍ਰੀਤ ਸਿੰਘ ਸੱਭਰਵਾਲ ਨੇ ਨਵੇਂ ਸਾਲ ਦੇ ਪ੍ਰੋਗਰਾਮ ਵਿੱਚ ਹੋਏ ਖਰਚੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸੰਸਥਾ ਦੇ ਸਕੱਤਰ ਇੰਜ. ਲਖਵਿੰਦਰ ਸਿੰਘ ਪੰਨੂ ਵੱਲੋਂ ਸੰਸਥਾ ਦੇ ਸਾਰੇ ਅਹੁਦੇਦਾਰ ਦੀ ਸਹਿਮਤੀ ਨਾਲ ਬਣਾਏ ਗਏ ਵਿਧੀ ਵਿਧਾਨ ਦਾ ਮਤਾ ਪਾਇਆ ਗਿਆ। ਇਸ ਮੌਕੇ ਸੰਸਥਾ ਦੇ ਸਹਾਇਕ ਮੁੱਖ ਸੇਵਾਦਾਰ ਡਾਕਟਰ ਕਮਲਜੀਤ ਸਿੰਘ ਕੇ ਜੇ, ਅਜੈਕਟਿਵ ਮੈਂਬਰ ਬੀਬੀ ਕੁਲਵਿੰਦਰ ਕੌਰ ਕਾਹਲੋਂ ਅਤੇ ਗੁਰਮੇਜ ਸਿੰਘ ਅਤੇ ਸੰਸਥਾ ਦੇ ਹੋਰ ਮੈਂਬਰਾਂ ਵੱਲੋਂ ਸੰਸਥਾ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਵਿਸਥਾਰ ਪੂਰਵ ਚਰਚਾ ਕੀਤੀ ਗਈ। ਆਗੂਆਂ ਨੇ ਦੱਸਿਆ ਸੰਸਥਾ ਵੱਲੋਂ ਆਉਣ ਵਾਲੇ ਸਮੇਂ ਵਿੱਚ ਸਿੱਖੀ ਦੇ ਪ੍ਰਚਾਰ ਲਈ ਵਿਸ਼ੇਸ਼ ਤੌਰ 'ਤੇ ਕਾਰਜ ਕੀਤੇ ਜਾਣਗੇ ਅਤੇ ਸਕੂਲਾਂ ਵਿੱਚ ਸੈਮੀਨਾਰ ਲਗਾਏ ਜਾਣਗੇ।

## ਪ੍ਰੇਮ ਪ੍ਰਕਾਸ਼ ਤੇ ਹਰਜਿੰਦਰ ਅਟਵਾਲ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**–ਪੰਜਾਬੀ ਦੇ ਪ੍ਰਮੁੱਖ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋਫੈਸਰ ਹਰਜਿੰਦਰ ਸਿੰਘ ਅਟਵਾਲ ਦੀ ਬੇਵਕਤੀ ਮੌਤ 'ਤੇ ਪੰਜਾਬੀ ਲੇਖਕਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰਮੁੱਖ ਕਹਾਣੀਕਾਰ ਅਤੇ ਕੇਂਦਰੀ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਸਰਪ੍ਰਸਤ ਮੁਖਤਾਰ ਗਿੱਲ, ਪ੍ਰਧਾਨ ਧਰਵਿੰਦਰ ਸਿੰਘ ਔਲਖ, ਸੀਨੀਅਰ ਮੀਤ ਪ੍ਰਧਾਨ ਸਤਨਾਮ ਔਲਖ, ਜਨਰਲ ਸਕੱਤਰ ਗੁਰਬਾਜ ਸਿੰਘ ਛੀਨਾ, ਮੀਤ ਪ੍ਰਧਾਨ ਯੁਧਬੀਰ ਸਿੰਘ ਔਲਖ, ਸੁਰਿੰਦਰ ਸਿੰਘ ਚੋਹਕਾ, ਸਕੱਤਰ ਪ੍ਰਗਟ ਸਿੰਘ ਔਲਖ, ਸਤਨਾਮ ਜੱਸੜ, ਮੁੱਖ ਸਲਾਹਕਾਰ ਐੱਸ. ਪਰਸ਼ੋਤਮ, ਕੁਲਦੀਪ ਸਿੰਘ ਦਰਾਜਕੇ, ਬਲਦੇਵ ਸਿੰਘ ਕੰਬੋ, ਪ੍ਰਤਾਪ ਸਿੰਘ ਯੂਐਸਏ, ਰਾਜ ਚੋਗਾਵਾਂ, ਲਾਲੀ ਕਰਤਾਰਪੁਰੀ, ਗੁਰਜਿੰਦਰ ਸਿੰਘ ਬਘਿਆੜੀ, ਸੁਖਵੰਤ ਚੇਤਨਪੁਰੀ, ਮਹਾਂਬੀਰ ਸਿੰਘ ਗਿੱਲ, ਓਮ ਪ੍ਰਕਾਸ਼ ਭਗਤ, ਜਗਰੂਪ ਸਿੰਘ ਐਮਾਂ, ਰਮੇਸ਼ ਕੁਮਾਰ ਜਾਨੂੰ, ਰੀਵਾ ਦਰਿਆ, ਕੁਲਵੰਤ ਸਿੰਘ ਕੰਤ, ਡਾ.ਅਮਰਜੀਤ ਸਿੰਘ ਗਿੱਲ, ਕੁਲਵਿੰਦਰ ਸਿੰਘ ਆਨੰਦ, ਅੱਖਰ ਸਹਿਤ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਡਾ. ਕਰਨੈਲ ਸ਼ੇਰਗਿੱਲ, ਸਰਪ੍ਰਸਤ ਡਾ.ਵਿਕਰਮਜੀਤ, ਜਗਤਾਰ ਗਿੱਲ, ਜਨਰਲ ਸਕੱਤਰ ਹਰਮੀਤ ਆਰਟਿਸਟ, ਕਰਨਲ ਕੰਵਲਜੀਤ ਸੰਧਾ, ਬਲਵਿੰਦਰ ਸੰਧਾ ਆਦਿ ਸ਼ਾਮਿਲ ਹਨ। ਇਨਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਸੀਨੀਅਰ ਸਿਟੀਜਨ ਵੈੱਲਫੇਅਰ ਫੋਰਮ ਵੱਲੋਂ ਮਹੀਨਾਵਾਰ ਮੀਟਿੰਗ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)**– ਸੀਨੀਅਰ ਸਿਟੀਜਨ ਵੈੱਲਫੇਅਰ ਫੋਰਮ (ਰਜਿ:) ਬਟਾਲਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਪ੍ਰਿੰਸੀਪਲ ਲਛਮਣ ਸਿੰਘ ਦੀ ਅਗਵਾਈ ਵਿੱਚ ਹੋਈ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਮੈਂਬਰਾਂ ਵੱਲੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਪ੍ਰਧਾਨ ਪ੍ਰਿੰਸੀਪਲ ਲਛਮਣ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਫੋਰਮ ਵੱਲੋਂ ਬੀਤੇ ਸਾਲ ਸਰਕਾਰੀ ਸਕੂਲਾਂ ਵਿੱਚ ਪੌਦੇ ਲਗਾਏ ਸਨ।ਹੁਣ ਉਨ੍ਹਾਂ ਵੱਲੋਂ ਉਨ੍ਹਾਂ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਨ੍ਹਾਂ ਵੱਲੋਂ ਇਨ੍ਹਾਂ ਪੌਦਿਆਂ ਦੀ ਸੰਭਾਲ ਵਿੱਚ ਯੋਗਦਾਨ ਪਾਇਆ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਸਕੂਲਾਂ ਤੋਂ ਉਪਰੋਕਤ ਲਿਸਟਾਂ ਜਲਦ ਇਕੱਤਰ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਵੱਲੋਂ ਸੜਕਾਂ 'ਤੇ ਸਮਾਨ ਰੱਖਿਆ ਜਾਂਦਾ ਹੈ ਜੋ ਕਿ ਕਾਫ਼ੀ ਰੁਕਾਵਟਾਂ ਪੈਦਾ ਕਰਦਾ ਹੈ।ਉਨ੍ਹਾਂ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਕਿ ਇਸ ਸੰਬੰਧੀ ਠੋਸ ਕਦਮ ਚੁੱਕਦੇ ਹੋਏ ਨਾਜਾਇਜ਼ ਕਬਜ਼ੇ ਹਟਵਾਏ ਜਾਣ ਤਾਂ ਜੋ ਲੋਕਾਂ ਨੂੰ ਆਵਾਜਾਈ ਵਿੱਚ ਦਿੱਕਤ ਨਾ ਹੋਵੇ।ਇਸ ਮੌਕੇ ਹਾਜ਼ਰ ਬੁੱਧੀਜੀਵੀਆਂ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ।ਇਸ ਦੌਰਾਨ ਮੀਤ ਪ੍ਰਧਾਨ ਸਰਦੂਲ ਸਿੰਘ ਸੋਢੀ, ਜਨਰਲ ਸੈਕਟਰੀ ਗੁਰਦਰਸ਼ਨ ਸਿੰਘ ਧਾਮੀ, ਸੈਕਟਰੀ ਪ੍ਰਿੰਸੀਪਲ ਨਾਨਕ ਸਿੰਘ, ਇੰਜ: ਅਨੂਪ ਸਿੰਘ ਮਾਂਗਟ, ਇੰਜ: ਨਰਿੰਦਰ ਸਿੰਘ ਸਿੱਧੂ, ਡਾਕਟਰ ਸੱਤਪਾਲ ਸਿੰਘ, ਨਵਤੇਜਪਾਲ ਸਿੰਘ ਪਨੇਸਰ, ਸਵਰਨ ਸਿੰਘ ਸਰੂਪਵਾਲੀ , ਸਵਿੰਦਰ ਸਿੰਘ ਸੰਧੂ ਇੰਸਪੈਕਟਰ, ਦਰਸ਼ਨ ਲਾਲ ਇੰਸਪੈਕਟਰ, ਗੁਰਪ੍ਰੀਤ ਸਿੰਘ ਪਰਮਾਰ, ਸੁਲੱਖਣ ਸਿੰਘ ਜੇ.ਈ, ਜਸਵੰਤ ਸਿੰਘ ਜੇ.ਈ, ਬਲਕਾਰ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਗਿੱਲਬੋਬ ਵਿਖੇ ਜਾਗਰੂਕਤਾ ਸੈਮੀਨਾਰ




ਬਟਾਲਾ (ਡਾਕਟਰ ਮਲਵਿੰਦਰ ਸਿੰਘ) ਸੁਹੇਲ ਕਾਸਿਮ ਮੀਰ ਐਸ ਐਸ ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸ਼ਕਤੀ ਹੈਲਪ ਡੈਸਕ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਗਿੱਲਬੋਬ, ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਜਾਗਰਕੂਤਾ ਸੈਮੀਨਾਰ ਕਰਵਾਇਆ ਗਿਆ।

ਇਸ ਮੌਕੇ ਵਿਦਿਆਰਥੀਆਂ ਨੂੰ ਚੰਗੇ ਛੋਹ, ਮਾੜੇ ਛੋਹ, ਹਰੇ ਵਾਤਾਵਰਣ, ਨਸ਼ਿਆਂ ਦੇ ਦੁਰਪ੍ਰਭਾਵਾਂ ਅਤੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਸ੍ਰੀਮਤੀ ਜਸਵੰਤ ਕੌਰ ਐਸ ਪੀ (ਐੱਚ) ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਵਿਖੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਐਸ ਪੀ (ਐੱਚ) ਬਟਾਲਾ ਨੇ ਅੱਗੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਵਾਤਾਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।ਉਨ੍ਹਾਂ ਕਿਹਾ ਕਿ ਜਿਥੇ ਪੌਦੇ ਲਗਾਉਣ ਜਰੂਰੀ ਹਨ, ਉਸ ਦੇ ਨਾਲ-ਨਾਲ ਪੌਦਿਆਂ ਦੀ ਸਾਂਭ-ਸੰਭਾਲ ਕਰਨੀ ਲਾਜ਼ਮੀ ਹੈ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਬਟਾਲਾ ਵਿਖੇ 3 ਨੂੰ ਨਵੇਂ ਆਧੁਨਿਕ ਸਕੂਲ ਦਾ ਉਦਘਾਟਨ




ਬਟਾਲਾ (ਡਾਕਟਰ ਮਲਵਿੰਦਰ ਸਿੰਘ) ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ 50 ਵਿੱਦਿਅਕ ਅਦਾਰਿਆਂ ਦੀ ਲੜੀ 'ਚ ਵਾਧਾ ਕਰਦਿਆਂ ਬਟਾਲਾ ਦੇ ਅਰਬਨ ਅਸਟੇਟ ਵਿਖੇ 3 ਅਪ੍ਰੈਲ, ਦਿਨ ਬੁੱਧਵਾਰ ਨੂੰ ਇਕ ਨਵੇ ਅਤਿ ਆਧੁਨਿਕ ਸਕੂਲ ਦਾ ਉਦਘਾਟਨ ਕੀਤਾ ਜਾ ਰਿਹਾ ਹੈ, ਜਿਸ ਦਾ ਅਗਾਜ ਅਕਾਲ ਪੁਰਖ ਦਾ ਓਟ ਆਸਰਾ ਲੈਂਦਿਆਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਹੋਵੇਗਾ।ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਦੱਸਿਆ ਕਿ ਗੁਰਮਤਿ ਅਤੇ ਸਿੱਖ ਵਿਰਾਸਤ ਥੀਮ 'ਤੇ ਅਧਾਰਿਤ ਇਸ ਉਦਘਾਟਨੀ ਸਮਾਰੋਹ ਵਿਚ ਸਿੱਖ ਵਿਰਾਸਤ, ਇਤਿਹਾਸ ਅਤੇ ਸੱਭਿਆਚਾਰ ਦਾ ਗੋਰਵਮਈ ਪ੍ਰਦਰਸ਼ਨ ਕੀਤਾ ਜਾਵੇਗਾ। ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਅਤੇ ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਮਾਰੋਹ ਦੌਰਾਨ ਵਿੱਦਿਆਰਥੀਆਂ ਵੱਲੋਂ ਰੂਹਾਨੀ ਵਾਤਾਵਰਣ ਸਿਰਜਿਆ ਜਾਵੇਗਾ।

# ਖਾਲਸਾ ਕਾਲਜ ਦੇ ਪ੍ਰਿੰਸੀਪਲ ਗੁਰੂ ਕੀ ਬੇਰ ਸਾਹਿਬ ਨਤਮਸਤਕ ਹੋਏ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਛੇਵੀ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿਖੇ ਪ੍ਰਿੰਸੀਪਲ ਆਤਮਾ ਸਿੰਘ ਰੰਧਾਵਾ ਭੋਏਵਾਲ ਨੇ ਆਪਣੇ ਪਰਵਾਰ ਸਮੇਤ ਮੱਥਾ ਟੇਕਿਆ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ।ਉਹ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਨਵੇਂ ਪ੍ਰਿੰਸੀਪਲ ਨਿਯੁਕਤ ਕੀਤੇ ਗਏ।ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਾਲਿਆਂ ਨੇ ਆਤਮਾ ਸਿੰਘ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨੂੰ ਸਿਰਪਾਓ ਅਤੇ ਦੋਸਾਲਾ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਅਨਰੀਤ ਕੌਰ ਸਰਕਾਰੀ ਟੀਚਰ ਉਨ੍ਹਾਂ ਦਾ ਬੇਟਾ ਸਹਿਜਪਾਲ ਸਿੰਘ ਬੇਟੀ ਮੰਨਤ ਕੌਰ, ਸੁਖਵਿੰਦਰ ਸਿੰਘ ਭੀਲੋਵਾਲ, ਹੈਡ ਗ੍ਰੰਥੀ ਬਾਬਾ ਸੁਲਖਣ ਸਿੰਘ ਬੋਪਾਰਾਏ, ਬਚਿੱਤਰ ਸਿੰਘ ਮੱਤੇਵਾਲ, ਬਾਬਾ ਸੁੱਖਾ ਸਿੰਘ, ਨਰਿੰਦਰ ਸਿੰਘ ਬਾਠ, ਰਣਜੀਤ ਸਿੰਘ ਬਾਬੋਵਾਲ, ਬਾਬਾ ਰਾਜਾ ਸਿੰਘ, ਜਗਰੂਪ ਸਿੰਘ ਬੋਪਾਰਾਏ, ਜੋਬਨ ਸਿੰਘ ਬੁਲਾਰਾ ਆਦਿ ਸੰਗਤਾਂ ਹਾਜ਼ਰ ਸਨ। ਇਸ ਤੋਂ ਬਾਅਦ ਉਹਨਾਂ ਦੇ ਜੱਦੀ ਪਿੰਡ ਭੋਏਵਾਲ ਵਿਖੇ ਪਹੁੰਚਣ 'ਤੇ ਪਿੰਡ ਵਾਸੀਆਂ ਵੱਲੋਂ ਪ੍ਰਿੰਸੀਪਲ ਆਤਮਾ ਸਿੰਘ ਰੰਧਾਵਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਰਪੰਚ ਸੁਰਜੀਤ ਸਿੰਘ, ਸਹਾਰਾ ਬਿਰਧ ਆਸਰਮ ਭੋਏਵਾਲ ਦੇ ਮੁੱਖੀ ਹਰਪ੍ਰੀਤ ਸਿੰਘ ਪ੍ਰਧਾਨ ਮੇਜਰ ਸਿੰਘ, ਹਰਜੀਤ ਸਿੰਘ ਅਤੇ ਨਗਰ ਪੰਚਾਇਤ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਐੱਲ ਡੀ ਸੀ ਨਿਸ਼ਾਨ ਸਿੰਘ ਦੀ ਸੇਵਾਮੁਕਤੀ 'ਤੇ ਸਟਾਫ ਨੇ ਦਿੱਤੀ ਵਿਦਾਇਗੀ ਪਾਰਟੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਬ ਡਵੀਜ਼ਨ ਡੇਰਾ ਬਾਬਾ ਨਾਨਕ ਦੇ ਪਾਵਰਕਾਮ ਦਫ਼ਤਰ ਵਿਖੇ ਤਾਇਨਾਤ ਐਲ ਡੀ ਸੀ ਨਿਸ਼ਾਨ ਸਿੰਘ ਵੱਲੋਂ ਮਹਿਕਮੇ ਦੀਆਂ ਵੱਖ-ਵੱਖ ਪੋਸਟਾਂ 'ਤੇ ਕਰੀਬ 25 ਸਾਲ ਦੀ ਸੇਵਾ ਨਿਭਾਈ ਗਈ।

ਉਨ੍ਹਾਂ ਦੀ ਸੇਵਾ ਮੁਕਤੀ ਮੌਕੇ ਐਸ ਡੀ ਓ ਜਗਦੀਸ਼ ਸਿੰਘ ਦੀ ਅਗਵਾਈ ਵਿੱਚ ਪਾਵਰਕਾਮ ਡੇਰਾ ਬਾਬਾ ਨਾਨਕ ਦੇ ਸਮੂਹ ਸਟਾਫ਼ ਵੱਲੋਂ ਕੰਪਲੈਕਸ ਵਿਖੇ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ।ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਨਿਸ਼ਾਨ ਸਿੰਘ ਨੇ ਪਾਵਰਕਾਮ ਮਹਿਕਮੇ ਵਿੱਚ ਆਪਣੀ ਡਿਊਟੀ ਪੂਰੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਈ।

ਉਨ੍ਹਾਂ ਕਿਹਾ ਕਿ ਨਿਸ਼ਾਨ ਸਿੰਘ ਵੱਲੋਂ ਪਾਵਰਕਾਮ ਮਹਿਕਮੇ ਨੂੰ ਦਿੱਤੀਆਂ ਸੇਵਾਵਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਨਿਸ਼ਾਨ ਸਿੰਘ ਨੇ ਸੇਵਾ ਮੁਕਤੀ 'ਤੇ ਆਏ ਹੋਏ ਸਮੂਹ ਹਾਜ਼ਰੀਨ ਤੇ ਵਿਸ਼ੇਸ਼ ਤੌਰ 'ਤੇ ਪਾਵਰਕਾਮ ਸਟਾਫ਼ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਨੂੰ ਆਪਣੀ ਡਿਊਟੀ ਦੌਰਾਨ ਸਟਾਫ਼ ਵੱਲੋਂ ਪੂਰਨ ਸਹਿਯੋਗ ਮਿਲਿਆ।ਉਨ੍ਹਾਂ ਕਿਹਾ ਕਿ ਉਹ ਅੱਜ ਭਾਵੇ 58 ਸਾਲ ਦੀ ਸੇਵਾ ਕਰਨ ਤੋਂ ਬਾਅਦ ਰਟਾਇਰਡ ਹੋ ਗਏ ਹਨ, ਪਰ ਉਹ ਆਪਣੀਆਂ ਸੇਵਾਵਾ ਮਹਿਕਮੇ ਦੀ ਭਲਾਈ ਲਈ ਨਿਰੰਤਰ ਜਾਰੀ ਰੱਖਣਗੇ ।ਇਸ ਮੌਕੇ ਸਟਾਫ ਵੱਲੋ ਨਿਸ਼ਾਨ ਸਿੰਘ ਤੇ ਉਨ੍ਹਾਂ ਦੀ ਧਰਮ ਸੁਪਤਨੀ ਪਰਮਜੀਤ ਕੌਰ ਨੂੰ ਤੋਹਫੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਐਸ ਡੀ ਓ ਜਗਦੀਸ਼ ਸਿੰਘ, ਜੇ ਈ 1 ਬਲਵਿੰਦਰ ਸਿੰਘ, ਜੇ ਈ ਚੰਦਰ ਮੋਹਨ ਮਹਾਜਨ, ਜੇ ਈ ਬਲਦੇਵ ਰਾਜ, ਜੇ ਈ ਹੀਰਾ ਲਾਲ, ਜੇ ਈ ਕ੍ਰਿਪਾ ਸਿੰਘ, ਜੇ ਈ ਰਜਿੰਦਰ ਸਿੰਘ, ਜੇ ਈ ਰੁਪਿੰਦਰ ਕੁਮਾਰ, ਲਖਵਿੰਦਰ ਸਿੰਘ ਆਰ ਏ, ਜਰਨੈਲ ਸਿੰਘ ਸੀ ਸੀ, ਸਰਪੰਚ ਹਰਜੀਤ ਸਿੰਘ ਠੇਠਰਕੇ, ਬਾਬਾ ਕੁਲਵਿੰਦਰ ਸਿੰਘ, ਗੁਰਜੀਤ ਸਿੰਘ, ਜਗਜੀਤ ਸਿੰਘ, ਰਾਜੇਸ਼ ਕੁਮਾਰ, ਗੁਰਵਿੰਦਰ ਸਿੰਘ, ਜਸਪਾਲ, ਰੋਹਿਤ ਸਰਨਾ, ਸੁਖਦੇਵ ਸਿੰਘ, ਪਲਕਦੀਪ ਸਿੰਘ, ਨਵਦੀਪ ਕੌਰ, ਪ੍ਰਭਜੀਤ ਕੌਰ ਆਦਿ ਤੋਂ ਇਲਾਵਾ ਉਨ੍ਹਾਂ ਦੇ ਰਿਸ਼ਤੇਦਾਰ, ਸਮੂਹ ਸਟਾਫ ਆਦਿ ਹਾਜ਼ਰ ਸਨ ।

# ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਗ਼ਜ਼ਲ ਵਰਕਸ਼ਾਪ



ਗੁਰਦਾਸਪੁਰ (ਜਨਕ ਮਹਾਜਨ)– ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਦੀ ਅਗਵਾਈ ਅਧੀਨ ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਵਿਖੇ ਗ਼ਜ਼ਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੀ ਇਤਿਹਾਸਿਕ ਮਹੱਤਤਾ ਇਹ ਸੀ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਇਤਿਹਾਸ ਵਿੱਚ ਆਯੋਜਿਤ ਕੀਤੀ ਜਾਣ ਵਾਲੀ ਇਹ ਪਹਿਲੀ ਗ਼ਜ਼ਲ ਵਰਕਸ਼ਾਪ ਸੀ। ਇਸ ਵਰਕਸ਼ਾਪ ਵਿੱਚ ਪ੍ਰਸਿੱਧ ਗ਼ਜ਼ਲਗੋ ਜਨਾਬ ਪਾਲ ਗੁਰਦਾਸਪੁਰੀ ਨੇ ਗ਼ਜ਼ਲ ਦੇ ਤਕਨੀਕੀ ਪੱਖਾਂ ਨੂੰ ਬੜੇ ਸਰਲ ਅਤੇ ਸੰਖੇਪ ਤਰੀਕੇ ਨਾਲ ਸਾਂਝਾ ਕੀਤਾ। ਉਨ੍ਹਾਂ ਸੂਖਮ ਪਹਿਲੂਆਂ 'ਤੇ ਚਰਚਾ ਕਰਦਿਆਂ ਗ਼ਜ਼ਲ ਦੀ ਬਣਤਰ, ਗ਼ਜ਼ਲ ਦਾ ਅਰੂਜ਼, ਗ਼ਜ਼ਲ ਦੀਆਂ ਬਹਿਰਾਂ, ਕਾਫੀਏ, ਸ਼ਿਅਰਾਂ ਵਿਚਲੇ ਗੁਣ, ਐਬ, ਜਿਹਾਫ਼, ਅੱਖਰਾਂ ਦਾ ਵਾਸਿਲ ਹੋਣਾ, ਅੱਖਰ ਗਿਰਾਉਣ ਦਾ ਵਿਧਾਨ, ਸਾਕਿਨ ਮੁਤਹੱਰਿਕ, ਅਲੰਕਾਰ, ਤਕਤੀਹ ਕਰਨ ਦਾ ਢੰਗ ਆਦਿ ਸੰਬੰਧੀ ਬਹੁਤ ਹੀ ਸਰਲ ਤਰੀਕੇ ਨਾਲ ਰੋਸ਼ਨੀ ਪਾਈ। ਕਾਲਜ ਦੇ ਸੰਗੀਤ ਵਿਭਾਗ ਦੇ ਪ੍ਰੋ.ਹਿਤੇਸ਼ ਕੁਮਾਰ ਦੁਆਰਾ ਵਾਹਿਦ ਪ੍ਰੀਤ ਸਿੰਘ ਨੂੰ ਤਿਆਰ ਕਰਵਾਈ। ਡਾ. ਜਗਤਾਰ ਦੀ ਲਿਖੀ ਗ਼ਜ਼ਲ ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ ਅਤੇ ਜਗਦੀਸ਼ ਕੁਮਾਰ ਨੇ ਸੁਰਜੀਤ ਪਾਤਰ ਦੀ ਗ਼ਜ਼ਲ ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ਪੇਸ਼ ਕਰ ਕੇ ਮਾਹੌਲ ਨੂੰ ਸੰਗੀਤਕ ਰੰਗ ਵਿੱਚ ਰੰਗ ਦਿੱਤਾ। ਅਸ਼ੋਕ ਚਿੱਤਰਕਾਰ ਨੇ ਮੈਂ ਹੋਸ਼ ਮੇਂ ਥਾ ਤੋਂ ਅਪਣੇ ਘਰ ਗਿਆ ਕੈਸੇ ' ਪੇਸ਼ ਕਰਕੇ ਸਮੁੱਚੇ ਮਾਹੌਲ ਨੂੰ ਗ਼ਜ਼ਲਨੁਮਾ ਰੰਗ ਵਿੱਚ ਰੰਗ ਦਿੱਤਾ। ਮੰਗਲਦੀਪ ਨੇ 'ਮਾਂ' 'ਤੇ ਲਿਖਿਆ ਆਪਣਾ ਗੀਤ ਗਾ ਕੇ ਵੀ ਖ਼ੂਬ ਵਾਹ ਵਾਹ ਖੱਟੀ।

ਗ਼ਜ਼ਲਾਂ ਦੇ ਮੁਸ਼ਾਇਰੇ ਦੇ ਦੌਰ ਵਿੱਚ ਡਾ. ਗੁਰਚਰਨ ਗਾਂਧੀ, ਡਾ. ਅਸ਼ੋਕ ਹਸਤੀਰ, ਮਮਤਾ ਅੱਤਰੀ, ਪ੍ਰਿੰ. ਸੁਖਵਿੰਦਰ ਸਿੰਘ ਨੂਰ, ਬਲਵਿੰਦਰ ਬਾਲਮ, ਰਾਜ਼ ਗੁਰਦਾਸਪੁਰੀ, ਅਸ਼ੋਕ ਚਿੱਤਰਕਾਰ, ਸ਼ੈਲੀ ਬਲਜੀਤ, ਯਸ਼ ਪਾਲ ਮਿਤਵਾ, ਐਡਵੋਕੇਟ ਰਣਬੀਰ ਆਕਾਸ਼, ਰਮਨੀ ਸੁਜਾਨਪੁਰੀ, ਪ੍ਰੋ.ਰੇਖਾ, ਪ੍ਰੋ. ਰੇਨੂ, ਮਾਸਟਰ ਵਿਜੈ ਕੁਮਾਰ, ਰਵੀ ਕੁਮਾਰ ਮੰਗਲਾ, ਭੁਪਿੰਦਰ ਸਿੰਘ, ਸਨੇਹ ਸਰਿਤਾ, ਪਾਲ ਗੁਰਦਾਸਪੁਰੀ ਨੇ ਆਪਣੇ ਆਪਣੇ ਕਲਾਮ ਕਹਿ ਕੇ ਭਰਪੂਰ ਆਨੰਦਿਤ ਕੀਤਾ। ਸਾਹਿਤਕ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ 'ਚੋਂ ਸੈਲੀ ਬਲਜੀਤ,ਡਾ. ਗੁਰਚਰਨ ਗਾਂਧੀ, ਰਾਜ਼ ਗੁਰਦਾਸਪੁਰੀ, ਸਰਬਜੀਤ ਚਾਹਲ ਨੂੰ ਇੱਕ ਇਕ ਗਮਲਾ ਅਤੇ ਪੁਸਤਕਾਂ ਦਾ ਸੈੱਟ ਦੇ ਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਵਲੋਂ ਸਨਮਾਨਿਤ ਕੀਤਾ ਗਿਆ।

# ਗ੍ਰਾਮ ਪੰਚਾਇਤ ਨੇ ਨੌਜਵਾਨਾਂ ਨੂੰ ਖੇਡਾਂ ਦਾ ਸਮਾਨ ਦਿੱਤਾ



ਝਬਾਲ (ਹਰਜਿੰਦਰ ਸਿੰਘ ਸੋਨੀ) ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮਚੰਦ ਕਲਾ ਨੇ ਕਿਹਾ ਜਿਥੇ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲ-ਦਲ ਵਿੱਚ ਫਸਕੇ ਆਪਣੀ ਜੁਆਨੀ ਨੂੰ ਬਰਬਾਦ ਕਰ ਰਹੀ ਹੈ, ਉਸਨੂੰ ਦੇਖਦਿਆਂ ਹੋਇਆ ਪਿੰਡ ਦੇ ਸਰਪੰਚ ਜਸਬੀਰ ਸਿੰਘ ਅਤੇ ਗ੍ਰਾਮ ਪੰਚਾਇਤ ਅਤੇ ਹੋਰ ਪਿੰਡ ਮੋਹਤਬਰਾਂ ਦੀ ਹਾਜ਼ਰੀ ਵਿੱਚ ਖੇਡਾਂ ਦਾ ਸਮਾਨ ਦੇ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ।

ਉਹਨਾਂ ਕਿਹਾ ਨਸ਼ਿਆਂ ਦਾ ਸੇਵਨ ਕਰਨ ਨਾਲ ਨੌਜਵਾਨ ਪੀੜੀ ਖ਼ਤਮ ਹੁੰਦੀ ਜਾਂ ਰਹੀ ਹੈ।ਇਸ ਨੂੰ ਬਚਾਉਣਾ ਸਮੇਂ ਦੀ ਲੋੜ ਹੈ ਸਮੇਂ ਦੀਆਂ ਸਰਕਾਰਾਂ ਨੇ ਨਸ਼ੇ ਨੂੰ ਖਤਮ ਕਰਨ ਵਿੱਚ ਅਸਫਲ ਹੋਈਆਂ ਹਨ ਤੇ ਕੋਈ ਢੁੱਕਵੀਂ ਕਾਰਵਾਈ ਨਹੀਂ ਕੀਤੀ, ਜਿਸ ਕਾਰਨ ਮਾਵਾਂ ਦੇ ਪੁੱਤਾ ਦੇ ਚਿਰਾਗ ਬੁਝਦੇ ਨਜ਼ਰ ਆ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿੰਡਾਂ ਵਿੱਚ ਨਸ਼ੇ ਆਦੀ ਹੋਏ ਨੌਜਵਾਨਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਜਾਣ ਅਤੇ ਪੰਜਾਬ ਪੁਲਸ ਦੀ ਮਦਦ ਨਾਲ ਉਨ੍ਹਾਂ ਦੇ ਇਲਾਜ ਦਾ ਸਰਕਾਰ ਕੋਈ ਢੁੱਕਵਾਂ ਪ੍ਰਬੰਧ ਕਰੇ ਤਾਂ ਜੋਂ ਕਿ ਨੌਜਵਾਨ ਪੀੜੀ ਇਸ ਭੈੜੀ ਲਾਹਣਤ ਤੋਂ ਬਚ ਸਕੇ।

ਇਸ ਮਾੜੇ ਹਲਾਤਾਂ ਨੂੰ ਦੇਖਦਿਆਂ ਪਿੰਡ ਦੀ ਪੰਚਾਇਤ ਨੇ ਖੇਡਾਂ ਦਾ ਸਾਮਾਨ ਦੇ ਕੇ ਇੱਕ ਚੰਗਾ ਉਪਰਾਲਾ ਕੀਤਾ ਹੈ ਜੋ ਸ਼ਲਾਘਾਯੋਗ ਹੈ।

ਇਸ ਮੌਕੇ ਬਲਵਿੰਦਰ ਸਿੰਘ, ਮੈਂਬਰ ਪੰਚਾਇਤ ਸੁਖਦੇਵ ਸਿੰਘ, ਮੈਂਬਰ ਪੰਚਾਇਤ ਰਟਾਇਰ ਏ ਐਸ ਆਈ ਮੇਜਰ ਸਿੰਘ, ਮੈਂਬਰ ਪੰਚਾਇਤ ਲਾਡੀ, ਮੈਂਬਰ ਪੰਚਾਇਤ ਮਹੰਤ ਸਿੰਘ, ਪਲਵਿੰਦਰ ਸਿੰਘ, ਰਾਜਾ, ਭੁਪਿੰਦਰ ਸਿੰਘ ਭੋਪੀ, ਵਾਲੀਬਾਲ ਦੇ ਕੈਪਟਨ ਬਲਬੀਰ ਸਿੰਘ ਉਰਫ ਬਾਉ, ਪ੍ਰਭਜੀਤ ਸਿੰਘ ਆਦਿ ਹਾਜ਼ਰ ਹਨ।

## ਛੀਨਾ ਬੀ ਸੀ ਵਿੰਗ ਦੇ ਚੇਅਰਮੈਨ ਨਿਯੁਕਤ



ਝਬਾਲ (ਹਰਜਿੰਦਰ ਸਿੰਘ ਸੋਨੀ)– ਭਗਵਾਨ ਵਾਲਮੀਕਿ ਸੇਵਾ ਸੁਧਾਰ ਸੁਸਾਇਟੀ ਸੰਸਥਾ ਵੱਲੋਂ ਸਮਾਜ ਸੇਵਕ ਤੇ ਨੌਜਵਾਨ ਤੇਜਿੰਦਰ ਸਿੰਘ ਰਾਜੂ ਛੀਨਾ ਨੂੰ ਬੀ ਸੀ ਵਿੰਗ ਦਾ ਚੇਅਰਮੈਨ ਪੰਜਾਬ ਨਿਯੁਕਤ ਕੀਤਾ ਗਿਆ।

ਕਸਬਾ ਝਬਾਲ ਵਿਖੇ ਤੇਜਿੰਦਰ ਰਾਜੂ ਛੀਨਾ ਦੇ ਗ੍ਰਹਿ ਵਿਖੇ ਪੁੱਜੇ ਸੰਸਥਾ ਦੇ ਮੁੱਖ ਸੇਵਾਦਾਰ ਬਾਬਾ ਲਾਡੀ ਨਾਥ ਵੱਲੋਂ ਰਾਜੂ ਛੀਨਾ ਨੂੰ ਬਤੌਰ ਚੇਅਰਮੈਨ ਪੰਜਾਬ ਨਿਯੁਕਤ ਕਰਦਿਆਂ ਸੰਸਥਾ ਦੀਆਂ ਲੋਕ ਭਲਾਈ ਨੀਤੀਆ ਮੁਤਾਬਿਕ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਬੀ ਸੀ ਵਿੰਗ ਦੇ ਚੇਅਰਮੈਨ ਪੰਜਾਬ ਤੇਜਿੰਦਰ ਰਾਜੂ ਛੀਨਾ ਨੇ ਸੰਸਥਾ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਤਨਦੇਹੀ ਨਾਲ ਸਮਾਜ ਲਈ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ।ਇਸ ਮੌਕੇ ਰਣਜੀਤ ਸਿੰਘ, ਕਰਮ ਸਿੰਘ, ਸਤਨਾਮ ਸਿੰਘ, ਜੱਸੀ, ਕੈਪਟਨ ਮੱਟੂ, ਹਰਦੇਵ ਸਿੰਘ ਛੀਨਾ, ਹਰਜਿੰਦਰ ਸਿੰਘ ਮੰਨਾ, ਬੱਬੂ ਭੁੱਚਰ, ਪ੍ਰਿੰਸ ਟੈਲੀਕਾਮ, ਕੇਵਲ ਸਿੰਘ ਲਾਡੀ, ਲਾਲੀ, ਰਘੂ, ਸਾਹਿਬ, ਰੂਬਲ, ਏਕਮ, ਜਾਨੂੰ ਆਦਿ ਵੀ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ ਵਿਖੇ ਅਚੀਵਰਸ ਸੈਰੇਮਨੀ



ਪਠਾਨਕੋਟ (ਦਵਿੰਦਰ ਸਿੰਘ) ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿਖੇ ਅਚੀਵਰਸ ਸੈਰਮਨੀ ਦਾ ਆਯੋਜਨ ਕੀਤਾ ਗਿਆ, ਜਿਸ 'ਚ ਕਲਾਸ 4 ਤੋਂ 8 ਤੱਕ ਦੇ ਵਿਦਿਆਰਥੀਆਂ ਦੀਆਂ ਖੇਡ ਅਤੇ ਸਹਿ-ਪਾਠਯਕਰਮ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਕਾਰਜਕ੍ਰਮ ਵਿੱਚ ਸੁਜਾਨਪੁਰ ਦੇ ਵਿਧਾਇਕ ਨਰੇਸ਼ ਪੁਰੀ ਮੁੱਖ ਮਹਿਮਾਨ ਦੇ ਰੂਪ ਵਿੱਚ ਅਤੇ ਸ਼ਿਵ ਪ੍ਰਕਾਸ਼ ਵਿਜੈ, ਉਪ-ਪ੍ਰਧਾਨ, ਮੋਸ਼ਨ ਐਜੂਕੇਸ਼ਨ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋਏ।

300 ਤੋਂ ਵੱਧ ਵਿਦਿਆਰਥੀਆਂ ਨੂੰ 5 ਲੱਖ ਤੋਂ ਵੱਧ ਦੀਆਂ ਛਾਤਰਵ੍ਰੱਤੀਆਂ ਪ੍ਰਦਾਨ ਕੀਤੀਆਂ ਗਈਆਂ। ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਨਰੇਸ਼ਪੁਰੀ ਨੇ ਵਿਦਿਆਰਥੀਆਂ ਦੀ ਮਿਹਨਤ ਦੀ ਸਰਾਹਨਾ ਕੀਤੀ।ਇਸ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਸ਼ੁਭਰਾ ਰਾਣੀ ਨੇ ਸਰਬੰਗੀ ਵਿਕਾਸ ਦੇ ਮਹੱਤਵ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਵਿਦਿਆਰਥੀਆਂ ਨੂੰ ਕੇਵਲ ਸਿੱਖਿਆ ਦੇ ਤੌਰ 'ਤੇ ਹੀ ਨਹੀਂ ਬਲਕਿ ਖੇਡਾਂ ਅਤੇ ਸਹਿ-ਪਾਠਯਕਰਮ ਗਤੀਵਿਧੀਆਂ ਵਿੱਚ ਵੀ ਉੱਤਮਤਾ ਪ੍ਰਾਪਤ ਕਰਨ ਲਈ ਸਸ਼ਕਤ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ। ਡਾਇਰੈਕਟਰ ਸਨੀ ਮਹਾਜਨ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਗਰਵ ਪ੍ਰਗਟ ਕਰਦੇ ਹੋਏ ਵਧਾਈਂ ਦਿੱਤੀ।

1 Apr Page-12.qxd 4/1/2025 9:20 PM Page 1



# ਸੜਕ ਹਾਦਸੇ 'ਚ ਦੋ ਨੌਜਵਾਨ ਜ਼ਖ਼ਮੀ



**ਫਗਵਾੜਾ (ਡਾ. ਰਮਨ)** ਫਗਵਾੜਾ-ਹੁਸ਼ਿਆਰਪੁਰ ਰੋਡ 'ਤੇ ਵਾਹਦ ਫਾਰਮ ਦੇ ਨਜਦੀਕ ਇਕ ਮਹਿੰਦਰਾ ਪਿਕਅੱਪ ਅਤੇ ਐਕਟਿਵਾ ਵਿਚਕਾਰ ਆਹਮੋ-ਸਾਹਮਣੇ ਹੋਈ ਟੱਕਰ ਵਿਚ ਐਕਟਿਵਾ ਸਵਾਰ ਦੋ ਨੌਜਵਾਨਾਂ ਦੇ ਜਖਮੀ ਹੋਣ ਦਾ ਸਮਾਚਾਰ ਹੈ। ਜਿਹਨਾਂ ਵਿਚੋਂ ਇਕ ਨੌਜਵਾਨ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਇਹ ਹਾਦਸਾ ਦੁਪਿਹਰ ਸਮੇਂ ਵਾਪਰਿਆ, ਜਦੋਂ ਫਗਵਾੜਾ ਤੋਂ ਹੁਸ਼ਿਆਰਪੁਰ ਸਾਈਡ ਨੂੰ ਜਾ ਰਹੀ ਮਹਿੰਦਰਾ ਪਿਕਅਪ ਨੰਬਰ ਪੀਬੀ 10 ਐਫ ਵੀ 3242 ਅਚਾਨਕ ਬੇਕਾਬੂ ਹੋ ਕੇ ਸਾਹਮਣੇ ਤੋਂ ਆ ਰਹੀ ਐਕਟਿਵਾ ਨੰਬਰ ਪੀਬੀ 36 ਐਚ ਓ 0752 ਨਾਲ ਟਕਰਾ ਗਈ। ਇਸ ਹਾਦਸੇ ਵਿਚ ਐਕਟਿਵਾ ਸਵਾਰ ਗੁਰਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ ਅਤੇ ਅਮਰਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਬਦਾਨਾ ਵਾਸੀ ਜਗਜੀਤਪੁਰ ਬੁਰੀ ਤਰ੍ਹਾਂ ਜਖਮੀ ਹੋ ਗਏ। ਜਿਹਨਾਂ ਵਿਚੋਂ ਗੁਰਪ੍ਰੀਤ ਸਿੰਘ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਲੁਧਿਆਣਾ ਰੈਫਰ ਕੀਤਾ ਗਿਆ ਹੈ। ਦੱਸਿਆ ਜਾਂਦਾ ਹੈ ਕਿ ਮਹਿੰਦਰਾ ਪਿਕਅੱਪ ਦਾ ਡਰਾਇਵਰ ਨਸ਼ੇ ਦੀ ਹਾਲਤ ਵਿਚ ਸੀ। ਜਿਸਨੇ ਪਹਿਲਾਂ ਕਿਸੇ ਹੋਰ ਗੱਡੀ ਨੂੰ ਵੀ ਟੱਕਰ ਮਾਰੀ ਅਤੇ ਫਿਰ ਬੇਕਾਬੂ ਹੋ ਕੇ ਸਾਹਮਣੇ ਤੋਂ ਆ ਰਹੀ ਐਕਟਿਵਾ ਨੂੰ ਟੱਕਰ ਮਾਰ ਦਿੱਤੀ ਅਤੇ ਮਹਿੰਦਰਾ ਪਿਕਅਪ ਵੀ ਪਲਟ ਗਈ। ਡਰਾਇਵਰ ਦੀ ਪਛਾਣ ਹਰਦੀਪ ਸਿੰਘ ਵਾਸੀ ਮਾਛੀਵਾੜਾ ਦੇ ਰੂਪ ਵਿਚ ਹੋਈ ਹੈ। ਜਿਸ ਨੂੰ ਰਾਹਗੀਰਾਂ ਵਲੋਂ ਪਲਟੀ ਹੋਈ ਗੱਡੀ ਵਿੱਚੋਂ ਕਾਬੂ ਕਰਕੇ ਪੁਲਸ ਦੇ ਹਵਾਲੇ ਕੀਤਾ ਗਿਆ।

# ਨਸ਼ੀਲੇ ਪਦਾਰਥ ਦੀ ਖ਼੍ਰੀਦੋ-ਫਰੋਖਤ ਕਰਨ ਵਾਲੇ ਗ੍ਰਿਫ਼ਤਾਰ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਇੰਸਪੈਕਰ ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਮੇਹਟੀਆਣਾ, ਏ ਐਸ ਆਈ ਗੁਲਸ਼ਨ ਕੁਮਾਰ ਸਮੇਤ ਸਾਥੀ



ਕਰਮਚਾਰੀਆਂ ਦੇ ਫੁਗਲਾਨਾ ਤੋਂ ਰਾਜਪੁਰ ਭਾਈਆਂ,ਬਡਲਾ,ਹਾਰਟਾ ਤੋਂ ਮੁਖਲੀਆਨਾ ਜਾ ਰਹੇ ਸੀ ਤਾਂ ਮੁਖਲੀਆਨਾ ਸਾਇਡ ਸਾਹਮਣੇ ਤੋਂ ਇੱਕ ਨੌਜਵਾਨ ਆ ਰਿਹਾ ਸੀ ਜੋ ਪੁਲਸ ਪਾਰਟੀ ਨੂੰ ਆਉਂਦਾ ਦੇਖ ਕੇ ਘਬਰਾ ਕੇ ਇੱਕ ਮੋਮੀ ਲਿਫਾਫਾ ਸੁੱਟ ਕੇ ਪਿਛੇ ਨੂੰ ਜਾਣ ਲੱਗਾ ਤਾਂ ਏ.ਐਸ.ਆਈ ਗੁਲਸ਼ਨ ਕੁਮਾਰ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਸ ਨੂੰ ਕਾਬੂ ਕਰ ਲਿਆ। ਉਸ ਨੇ ਆਪਣਾ ਨਾਂਅ ਕੁਲਦੀਪ ਸਿੰਘ ਉਰਫ ਗਿਆਨੀ ਪੁੱਤਰ ਅਵਤਾਰ ਸਿੰਘ ਵਾਸੀ ਮੁਖਲੀਆਨਾ ਦੱਸਿਆ। ਮੋਮੀ ਲਿਫਾਫਾ ਦੀ ਚੈਕਿੰਗ ਕਰਨ ਉਪਰੰਤ ਉਸ ਵਿੱਚੋ 35 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਣ 'ਤੇ ਮੁੱਕਦਮਾ ਦਰਜ ਕੀਤਾ ਗਿਆ।ਉਕਤ ਮੁਲਜ਼ਮ ਪਾਸੋਂ ਬਰਾਮਦ ਹੋਏ ਨਸ਼ੀਲੇ ਪਦਾਰਥ ਸਬੰਧੀ ਬਰੀਕੀ ਨਾਲ ਪੁੱਛਗਿੱਛ ਕਰਨ 'ਤੇ ਪਤਾ ਲੱਗਾ ਸੀ ਕਿ ਉਹ ਇਹ ਨਸ਼ੀਲਾ ਪਦਾਰਥ ਨੀਲਮ ਕੌਰ ਉਰਫ ਸੋਮਾ ਪਤਨੀ ਮੰਗਾ ਰਾਮ ਉਰਫ ਗੱਬਰ ਵਾਸੀ ਹਾਰਟਾ ਪਾਸੋਂ ਖਰੀਦ ਕਰਕੇ ਲੈ ਕੇ ਆਇਆ ਸੀ, ਜਿਸ 'ਤੇ ਮੁਕੱਦਮਾ ਹਜਾ ਵਿੱਚ ਅਧੀਨ ਧਾਰਾ 29 NDPS ACT ਦਾ ਵਾਧਾ ਜੁਰਮ ਕੀਤਾ ਗਿਆ ਹੈ। ਜੋ ਅੱਜ ਮਿਤੀ 31.03.2025 ਨੂੰ ਦੌਰਾਨੇ ਤਫਤੀਸ਼ ASI ਗੁਲਸ਼ਨ ਕੁਮਾਰ : ਸਮੇਤ ਸਾਥੀ ਕਰਮਚਾਰੀਆਂ ਅਤੇ ਲੇਡੀ ਸਿਪਾਹੀ ਸਮੇਤ ਨੀਲਮ ਕੌਰ ਉਰਫ ਸੋਮਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਸੰਸਦ ਮੈਂਬਰ ਤੇ ਵਿਧਾਇਕ ਨੇ ਮਕਾਨਾਂ ਦੀ ਮੁਰੰਮਤ ਲਈ 2 ਹਜ਼ਾਰ ਲਾਭਪਾਤਰੀਆਂ ਨੂੰ 2 ਕਰੋੜ ਰੁਪਏ ਦੇ ਚੈੱਕ ਸੌਂਪੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਅਤੇ ਮਾਹਿਲਪੁਰ ਬਲਾਕ ਦੇ 2000 ਲਾਭਪਾਤਰੀਆਂ ਨੂੰ ਮਕਾਨਾਂ ਦੀ ਮੁਰੰਮਤ ਲਈ 2 ਕਰੋੜ ਰੁਪਏ ਦੇ ਚੈੱਕ ਸੌਂਪੇ। ਈਦ-ਉਲ-ਫਿਤਰ ਅਤੇ ਨਵਰਾਤਰਿਆਂ ਦੇ ਪਵਿੱਤਰ ਦਿਹਾੜੇ 'ਤੇ ਵਧਾਈ ਦਿੰਦਿਆਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਆਉਣ ਵਾਲੇ ਸਮੇਂ 'ਚ ਇਹ ਕੰਮ ਹੋਰ ਤੇਜ਼ੀ ਨਾਲ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 2 ਕਰੋੜ ਦੀ ਗ੍ਰਾਂਟ ਸਮੇਤ ਹੁਣ ਤੱਕ ਮਕਾਨਾਂ ਦੀ ਮੁਰੰਮਤ ਲਈ 10,000 ਲਾਭਪਾਤਰੀਆਂ ਨੂੰ 10 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਵਿਧਾਇਕਾਂ ਨੂੰ ਸਾਲਾਨਾ 5 ਕਰੋੜ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਗਿਆ ਹੈ, ਜਿਸ ਨਾਲ ਪਿੰਡਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਵੇਗੀ। ਇਸ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੇ ਹਲਕੇ ਦੇ ਸਾਰੇ ਕੱਚੇ ਮਕਾਨਾਂ ਨੂੰ ਪੱਕੇ ਮਕਾਨਾਂ ਵਿੱਚ ਤਬਦੀਲ ਕਰਨ ਦਾ ਟੀਚਾ ਮਿੱਥਿਆ ਹੈ ਅਤੇ ਉਹ ਯਕੀਨੀ ਤੌਰ 'ਤੇ ਇਸ ਟੀਚੇ ਨੂੰ ਜਲਦ ਹੀ ਸਰ ਕਰ ਲੈਣਗੇ। ਉਨ੍ਹਾਂ ਕਿਹਾ ਕਿ ਪੱਕੇ ਮਕਾਨਾਂ ਲਈ ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਅਪ੍ਰੈਲ ਤੱਕ ਵਧਾ ਦਿੱਤੀ ਗਈ ਹੈ, ਜਿਸ ਕਾਰਨ ਜਿਹੜੇ ਲੋਕ ਅੱਜ ਤੱਕ ਅਰਜ਼ੀਆਂ ਨਹੀਂ ਦੇ ਸਕੇ, ਉਹ ਹੁਣ ਅਰਜ਼ੀਆਂ ਦੇ ਸਕਦੇ ਹਨ।

# ਕਾਰ ਸਵਾਰ ਕੁੱਟਮਾਰ ਕਰਕੇ 1.08 ਲੱਖ ਰੁਪਏ ਲੁੱਟ ਕੇ ਫਰਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ-ਚੰਡੀਗੜ੍ਹ ਰੋਡ 'ਤੇ ਰਿਆਤ ਬਾਹਰਾ ਕਾਲਜ ਨਜ਼ਦੀਕ ਇੱਕ ਕੰਪਨੀ ਲਈ ਕੰਮ ਕਰਦੇ ਕੁਲੈਕਸ਼ਨ ਏਜੰਟ ਨੂੰ ਘੇਰ ਕੇ ਕਾਰ ਵਿੱਚ ਆਏ ਪੰਜ



ਵਿਅਕਤੀਆਂ ਨੇ ਕੁੱਟਮਾਰ ਕਰਕੇ 1.08 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ । ਕੁੱਟਮਾਰ ਦਾ ਸ਼ਿਕਾਰ ਹੋਏ ਵਿਕਾਸ ਸ਼ਰਮਾ ਨੇ ਦੱਸਿਆ ਕਿ ਉਹ ਗੜ੍ਹਸ਼ੰਕਰ ਤੋਂ ਕੰਪਨੀ ਲਈ ਉਗਰਾਹੀ ਕਰਕੇ ਆਪਣੀ ਐਕਟਿਵਾ 'ਤੇ ਵਾਪਸ ਪਰਤ ਰਿਹਾ ਸੀ, ਉਸ ਕੋਲ ਬੈਗ ਵਿੱਚ 1.08 ਲੱਖ ਦੀ ਨਗਦੀ ਸੀ । ਜਦੋਂ ਉਹ ਰਿਆਤ ਬਾਹੜਾ ਕਾਲਜ ਨਜ਼ਦੀਕ ਪਿਸ਼ਾਬ ਕਰਨ ਲਈ ਰੁਕਿਆ ਤਾਂ ਇੱਕ ਕਾਰ ਵਿੱਚ ਆਏ ਪੰਜ ਵਿਅਕਤੀਆਂ ਨੇ ਉਸ ਨੂੰ ਘੇਰ ਲਿਆ ਅਤੇ ਉਸ ਕੋਲੋਂ ਨਗਦੀ ਦੀ ਮੰਗ ਕਰਨ ਲੱਗੇ। ਇਨਕਾਰ ਕਰਨ 'ਤੇ ਉਹਨਾਂ ਨੇ ਉਸ ਨਾਲ ਕੁੱਟਮਾਰ ਕੀਤੀ ਅਤੇ ਨਗਦੀ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ।ਇਸ ਵਾਰਦਾਤ ਦੀ ਸੂਚਨਾ ਉਸ ਨੇ ਤੁਰੰਤ ਆਪਣੇ ਮਾਲਕਾਂ ਨੂੰ ਦਿੱਤੀ ਜਿਨ੍ਹਾਂ ਨੇ ਥਾਣਾ ਚੱਬੇਵਾਲ ਵਿਖੇ ਮਾਮਲੇ ਦੀ ਜਾਣਕਾਰੀ ਦਿੱਤੀ। ਐਸਐਚਓ ਇੰਸਪੈਕਟਰ ਪ੍ਰਭਜੋਤ ਕੌਰ ਪੁਲਸ ਪਾਰਟੀ ਦੇ ਨਾਲ ਮੌਕਾ ਵਾਰਦਾਤ 'ਤੇ ਪਹੁੰਚੀ ਅਤੇ ਇਲਾਕੇ ਵਿੱਚ ਪੈਂਦੇ ਸੀਸੀਟੀਵੀ ਕੈਮਰਿਆਂ ਦੀ ਸਹਾਇਤਾ ਨਾਲ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ । ਕੰਪਨੀ ਦੇ ਮਾਲਕ ਅਨਿਲ ਜੈਨ ਨੇ ਦੱਸਿਆ ਕਿ ਉਹਨਾਂ ਦਾ ਮੁਲਾਜ਼ਮ ਜੋ ਕਿ ਕੁਲੈਕਸ਼ਨ ਏਜੰਟ ਵੱਲੋਂ ਕੰਮ ਕਰਦਾ ਹੈ, ਗੜ੍ਹਸ਼ੰਕਰ ਏਰੀਏ ਤੋਂ ਉਗਰਾਹੀ ਕਰਕੇ ਵਾਪਸ ਆ ਰਿਹਾ ਸੀ ਜਿਸ ਨਾਲ ਉਕਤ ਘਟਨਾ ਵਾਪਰ ਗਈ। ਉਹਨਾਂ ਨੇ ਮੁਲਾਜ਼ਮ ਵੱਲੋਂ ਨੋਟ ਕੀਤਾ ਹੋਇਆ ਕਾਰ ਦਾ ਨੰਬਰ ਵੀ ਪੁਲਸ ਨੂੰ ਸੌਂਪ ਦਿੱਤਾ।

## ਗੁਰੂ ਨਾਨਕ ਖਾਲਸਾ ਕਾਲਜ ਦੇ ਕਾਮਰਸ ਵਿਭਾਗ ਦਾ ਨਤੀਜਾ 100 ਫ਼ੀਸਦੀ

**ਸੁਲਤਾਨਪੁਰ ਲੋਧੀ (ਹਨੀ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਬੀ ਕਾਮ ਸਮੈਸਟਰ ਪੰਜਵਾਂ ਦੇ ਨਤੀਜੇ 'ਚ ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਦਾ



ਨਤੀਜਾ ਸ਼ਾਨਦਾਰ ਰਿਹਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਮਰਸ ਵਿਭਾਗ ਦੇ ਮੁਖੀ ਡਾ. ਮਨੀ ਛਾਬੜਾ ਨੇ ਦੱਸਿਆ ਕਿ ਬੀ ਕਾਮ ਸਮੈਸਟਰ ਪੰਜਵਾਂ ਦਾ ਨਤੀਜਾ 100 ਫੀਸਦੀ ਰਿਹਾ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਅਰਸ਼ਦੀਪ ਕੌਰ ਕਾਲਜ 'ਚੋਂ ਪਹਿਲੇ, ਅਮਨਜੋਤ ਕੌਰ ਦੂਜੇ ਅਤੇ ਗੁਰਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ । ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਕਾਲਜ ਦੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ, ਇੰਜੀਨੀਅਰ ਨਿਮਰਤਾ ਕੌਰ ਅਤੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।

# ਕਰਜ਼ੇ ਹੇਠ ਦੱਬੇ ਨੌਜਵਾਨ ਦੀ ਜ਼ਹਿਰ ਖਾਣ ਨਾਲ ਮੌਤ

**ਅੱਪਰਾ (ਨਿਰਮਲ ਗੁੜਾ)**- ਪਿੰਡ ਚੱਕ ਸਾਹਬੂ ਵਿਖੇ ਕਰਜ਼ੇ ਹੇਠ ਦੱਬੇ ਇਕ ਨੌਜਵਾਨ ਦੀ ਜਹਿਰੀਲੀ ਵਸਤੂ ਖਾਣ ਨਾਲ ਮੌਤ ਹੋ ਗਈ ਹੈ। ਮ੍ਰਿਤਕ ਗੁਰਦੀਪ ਸਿੰਘ ਪੁੱਤਰ ਬਲਿਹਾਰ ਸਿੰਘ ਦੀ ਮਾਤਾ ਪ੍ਰਮਜੀਤ ਕੌਰ ਵਾਸੀ ਚੱਕ ਸਾਹਬੂ ਨੇ ਦੱਸਿਆ ਕਿ ਉਸ ਦੇ ਪਤੀ ਦੀ ਕਰੀਬ 22 ਸਾਲ ਪਹਿਲਾਂ ਕਰਜ਼ੇ ਦਾ ਬੋਝ ਨਾ ਸਹਾਰਦੇ



ਹੋਏ ਮੌਤ ਹੋ ਗਈ ਸੀ, ਸੁੱਖ ਦੇ ਸਾਹਾਂ ਦੀ ਆਸ ਨਾਲ ਬੜੀਆਂ ਮੁਸ਼ਕਲਾਂ ਸਹਿ ਕੇ ਬੱਚਿਆਂ ਨੂੰ ਪਾਲ਼ਿਆ ਸੀ, ਪਰ ਹੁਣ ਤਾਂ ਸਿਰ 'ਤੇ ਹੋਰ ਵੀ ਮੁਸੀਬਤਾਂ ਦਾ ਪਹਾੜ ਆਣ ਡਿੱਗਿਆ ਜਦੋਂ 31 ਸਾਲ ਦੇ ਗੱਭਰੂ ਪੁੱਤਰ ਗੁਰਦੀਪ ਸਿੰਘ ਨੇ ਕਰਜ਼ੇ ਦਾ ਬੋਝ ਨਾ ਸਹਿੰਦੇ ਹੋਏ ਸਲਫਾਸ ਦੀਆਂ ਗੋਲ਼ੀਆਂ ਨਿਗਲ਼ ਕੇ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕ ਦੀ ਮਾਤਾ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਉਹਨਾਂ ਦੇ ਬਾਪ ਤੇ ਦਾਦਾ ਵਲੋ ਚੁੱਕਿਆ ਕਰਜਾ ਹੁਣ ਕਰੀਬ 35-40 ਲੱਖ ਰੁਪਏ ਹੋ ਚੁੱਕਿਆ ਹੈ। ਇਸ ਮੌਕੇ ਮੈਂਬਰ ਪੰਚਾਇਤ ਬਲਵਿੰਦਰ ਸਿੰਘ, ਸਾਬਕਾ ਮੈਂਬਰ ਪੰਚਾਇਤ ਕਮਲ ਕੁਮਾਰ, ਹਰਪਾਲ ਸਿੰਘ ਬੜਾ ਪਿੰਡ, ਉਂਕਾਰ ਸਿੰਘ, ਨਰਿੰਦਰ ਸਿੰਘ, ਇੰਦਰਜੀਤ ਸਿੰਘ, ਜਸਵੰਤ ਸਿੰਘ, ਦਵਿੰਦਰ ਸਿੰਘ, ਗੁਰਦੇਵ ਕੌਰ, ਹਰਵੰਸ ਕੌਰ, ਕਮਲਜੀਤ ਕੌਰ, ਭਜਨ ਕੌਰ ਅਤੇ ਹੋਰ ਵੀ ਮੌਜੂਦ ਸਨ।

# ਪ੍ਰਿੰਸੀਪਲ ਜਨਕ ਰਾਜ ਨੇ ਕਾਹਮਾ ਸਕੂਲ ਦੇ ਬੱਚਿਆਂ ਨਾਲ ਮਨਾਇਆ ਜਨਮ ਦਿਨ



**ਬੰਗਾ (ਅਵਤਾਰ ਕਲੇਰ)**— ਇੱਕੋ ਸਮੇਂ ਬਹੁਤ ਸਾਰੇ ਸਕੂਲਾਂ ਦੇ ਪ੍ਰਿੰਸੀਪਲ ਰਹੇ ਜਨਕ ਰਾਜ ਸੇਵਾ ਮੁਕਤ ਪ੍ਰਿੰਸੀਪਲ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਮਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਾਹਮਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਆਪਣਾ 66ਵਾਂ ਜਨਮ ਦਿਨ ਕੇਕ ਕੱਟ ਕੇ ਮਨਾਇਆ। ਉਹਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਬਿਨਾਂ ਪੜ੍ਹਾਈ ਮਨੁੱਖ ਪਸ਼ੂ ਸਮਾਨ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਮਾ ਦੇ ਮੁਖੀ ਸ਼ੰਕਰ ਦਾਸ ਨੇ ਦੱਸਿਆ ਕਿ ਪ੍ਰਿੰਸੀਪਲ ਜਨਕ ਰਾਜ ਦਾ ਮੁੱਢਲਾ ਜੀਵਨ ਅੱਤ ਦੀ ਗਰੀਬੀ ,ਨਿਰਾਸ਼ਾਜਨਕ ਅਤੇ ਦੁੱਖਾਂ ਭਰਿਆ ਬੀਤਿਆ। ਇਹਨਾਂ ਨੇ ਵੱਖ ਵੱਖ ਵਿਭਾਗਾਂ ਵਿੱਚ ਆਪਣੀ ਨੌਕਰੀ ਕੀਤੀ। ਬਤੌਰ ਬੱਸ ਕੰਡਕਟਰ ਨੌਕਰੀ ਕਰਦਿਆਂ ਇਹਨਾਂ ਨੇ ਆਪਣੀ ਪੜ੍ਹਾਈ ਨੂੰ ਪ੍ਰਾਈਵੇਟ ਤੌਰ 'ਤੇ ਜਾਰੀ ਰੱਖਿਆ ਅਤੇ ਉਚੇਰੀ ਸਿੱਖਿਆ ਦੀਆਂ ਕਈ ਡਿਗਰੀਆਂ ਪ੍ਰਾਪਤ ਕੀਤੀਆਂ। ਇਹਨਾਂ ਨੇ 23 ਦਸੰਬਰ 2009 ਤੋਂ ਬਤੌਰ ਪ੍ਰਿੰਸੀਪਲ ਸੂੰਢ ਮਕਸੂਦਪੁਰ ਵਿਖੇ ਸੇਵਾ ਨਿਭਾਈ। ਇਸੇ ਸਮੇਂ ਦੌਰਾਨ ਇਹਨਾਂ ਨੇ ਔੜ, ਕਾਹਮਾ ,ਕਰਨਾਣਾ ,ਲਧਾਣਾ ਝਿੱਕਾ, ਓੜਾਪੜ ਅਤੇ ਮੱਲੂਪੋਤਾ ਦਾ ਵਾਧੂ ਚਾਰਜ ਵੀ ਸੰਭਾਲਿਆ ਜੋ ਕਿ ਬਹੁਤ ਵੱਡਾ ਕਾਰਜ ਸੀ। ਇਸ ਮੌਕੇ ਸ਼ੰਕਰ ਦਾਸ,ਮੈਡਮ ਪਿੰਕੀ,ਮੈਡਮ ਸੀਮਾ, ਹੈਡਮਾਸਟਰ ਪ੍ਰਿਤਪਾਲ ਸਿੰਘ, ਨਿਤਿਨ, ਮਾਲਵਿੰਦਰ ਕੌਰ, ਅਰਨੀਤ ਕੌਰ, ਅਨੂਪ ਰਾਣੀ,ਮਾਧਵੀ ,ਪਿੰਕੀ,ਰਿਤੂ ਭੱਟੀ ,ਸੁਰਿੰਦਰ ਕੌਰ, ਕੁਲਵਿੰਦਰ ਲਾਲ, ਅਮਰਜੀਤ ਸਿੰਘ, ਮਿੰਟੂ ਅਤੇ ਕੈਂਪਸ ਮੈਨੇਜਰ ਜਸਪਾਲ ਸਿੰਘ ਹਾਜ਼ਰ ਸਨ।

# ਇਨੋਸੈਂਟ ਹਾਰਟਸ ਸਕੂਲ ਦੇ ਤੁਲੀ ਤੇ ਜੈਨ ਦਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)** ਇੰਨੋਸੈਂਟ ਹਾਰਟਸ ਸਕੂਲ ਦੇ ਸ਼ਤਰੰਜ ਖਿਡਾਰੀ ਉਤਕ੍ਰਿਸ਼ਟ ਤੁਲੀ ਅਤੇ ਸ਼੍ਰੇਯਾਂਸ਼ ਜੈਨ ਨੇ ਇੱਕ ਵਾਰ ਫਿਰ ਰਾਸ਼ਟਰੀ ਅਤੇ ਰਾਜ ਪੱਧਰੀ ਯੁਵਾ ਚੈਂਪਿਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਸੰਸਥਾਨ ਦਾ ਨਾਂਅ ਰੋਸ਼ਨ ਕੀਤਾ ਹੈ। । ਇੰਨੋਸੈਂਟ ਹਾਰਟਸ ਸਕੂਲ ਦੀ ਗ੍ਰੀਨ ਮਾਡਲ ਟਾਊਨ ਸੰਸਥਾ ਦੀ ਪ੍ਰਤੀਨਿਧਤਾ ਕਰਨ ਵਾਲਾ ਉਤਕ੍ਰਿਸ਼ਟ ਤੁਲੀ 25 ਤੋਂ 29 ਮਾਰਚ, 2025 ਤੱਕ ਬਿਹਾਰ ਦੇ ਬੋਧਗਯਾ ਵਿੱਚ ਆਯੋਜਿਤ 12ਵੀਂ ਐਮੇਚਿਓਰ ਰਾਸ਼ਟਰੀ ਸ਼ਤਰੰਜ ਚੈਂਪਿਅਨਸ਼ਿਪ (2300 ਤੋਂ ਘੱਟ ਓਪਨ ਸ਼੍ਰੇਣੀ) ਚੈਂਪੀਅਨ ਬਣਿਆ । ਅਖਿਲ ਬਿਹਾਰ ਸ਼ਤਰੰਜ ਮਹਾਸੰਘ ਵੱਲੋਂ ਅਖਿਲ ਬਿਹਾਰ ਸ਼ਤਰਜ ਮਹਾਸੰਘ ਵੱਲੋਂ ਇਹ ਪ੍ਰਤੀਨਿਧ ਟੂਰਨਾਮੈਂਟ ਦਾ ਪ੍ਰਕਾਸ਼ਨ ਕੀਤਾ ਗਿਆ ਸੀ। ਆਪਣੇ ਅਭਿਆਸ ਦੇ ਨਾਲ, ਉਤਕ੍ਰਿਸ਼ਟ ਨੇ 20,000 ਰੁਪਏ ਦਾ ਇਨਾਮ ਜਿੱਤਿਆ । ਇਕ ਹੋਰ ਨੌਜਵਾਨ ਸ਼ਤਰੰਜ ਪ੍ਰਤਿਭਾ, ਇੰਨੋਸੈਂਟ ਹਾਰਟ ਸਕੂਲ, ਕੈਂਟ-ਜੰਡਿਆਲਾ ਰੋਡ ਦੇ ਵਿਦਿਆਰਥੀ ਸ਼੍ਰੇਯਾਂਸ਼ ਜੈਨ (12) ਨੇ 30 ਮਾਰਚ, ਨੂੰ ਜਲੰਧਰ ਵਿਚ ਆਯੋਜਿਤ ਦੂਜੇ ਵਨ ਡੇ ਓਪਨਰ-14 ਸ਼ਤਰੰਜ ਵਿੱਚ ਟੂਰਨਾਮੈਂਟ 2025 (ਰਾਜ) ਵਿੱਚ ਆਪਣਾ ਅਸਾਧਾਰਨ ਹੁਨਰ ਪ੍ਰਦਰਸ਼ਨ ਕੀਤਾ। ਸ਼੍ਰੇਯਾਂਸ਼ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਸ ਨੂੰ ਟ੍ਰਾਫੀ ਅਤੇ 1,000 ਰੁਪਏ ਇਨਾਮ ਵਜੋਂ ਦਿੱਤੇ ਗਏ। ਉਤਕ੍ਰਿਸ਼ਟ ਅਤੇ ਸ਼੍ਰੇਯਾਂਸ਼ ਨੇ ਲਗਾਤਾਰ ਜ਼ਿਲ੍ਹਾ, ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸ਼ਤਰੰਜ ਟੂਰਨਾਮੈਂਟ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ।




ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਦੱਸਿਆ ਕਿ ਅਸੀਂ ਸਿਰਫ਼ ਸ਼ਤਰੰਜ ਦੇ ਖੇਤਰ ਵਿੱਚ ਹੀ ਨਹੀਂ ਸਗੋਂ ਭਿੰਨ ਭਿੰਨ ਖੇਡਾਂ ਵਿੱਚ ਵੀ ਪ੍ਰਤਿਭਾ ਦਾ ਪਾਲਣ ਪੋਸ਼ਣ ਅਤੇ ਨਿਰਮਾਣ ਕਰਨਾ ਜਾਰੀ ਰੱਖਦੇ ਹਾਂ, ਨਾਲ ਹੀ ਯੁਵਾ ਦਿਮਾਗ਼ਾਂ ਨੂੰ ਹੋਰ ਉਚਾਈਆਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕਰਦੇ ਹਾਂ। ਗਰੀਨ ਮਾਡਲ ਟਾਊਨ ਕੇ ਪ੍ਰਿੰਸੀਪਲ ਰਾਜੀਵ ਪਾਲੀਵਾਲ ਅਤੇ ਕੈਂਟ ਜੰਡਿਆਲਾ ਰੋਡ ਦੀ ਪ੍ਰਿੰਸੀਪਲ ਮਤੀ ਸੋਨਾਲੀ ਮਨੋਚਾ ਨੇ ਜੇਤੂ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਓਲਡ ਸਟੂਡੈਂਟਸ ਵੈੱਲਫੇਅਰ ਸੁਸਾਇਟੀ ਵੱਲੋਂ 11ਵੀਂ ਸਲਾਨਾ ਮਿਲਣੀ 5 ਨੂੰ

**ਡੇਰਾਬਸੀ (ਵਿਨੈ ਕੁਮਾਰ ਜੈਨ)**— ਓਲਡ ਸਟੂਡੈਂਟਸ ਵੈੱਲਫੇਅਰ ਸੁਸਾਇਟੀ (ਰਜਿ:) ਵੱਲੋਂ ਡਾ. ਬੀ.ਆਰ. ਅੰਬੇਡਕਰ ਟ੍ਰੇਨਿੰਗ ਅਤੇ ਕਰੀਅਰ ਕੋਰਸਿਜ਼ ਇੰਸਟੀਚਿਊਟ, 3 ਬੀ-2, ਮੋਹਾਲੀ



ਵਿਖੇ 5 ਅਪ੍ਰੈਲ ਨੂੰ ਸਵੇਰੇ 11.00 ਵਜੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ 11ਵੀਂ ਸਲਾਨਾ ਮਿਲਣੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸੁਸਾਇਟੀ ਦੇ ਪ੍ਰਧਾਨ ਤੇਜਿੰਦਰ ਸਿੰਘ ਨੇ ਦੱਸਿਆ ਕਿ ਸੰਦੀਪ ਹਾਂਸ, ਆਈ.ਏ.ਐਸ., ਡਾਇਰੈਕਟਰ, ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਵਿਭਾਗ, ਇਸ ਮੌਕੇ ਪੇ ਬੈਕ ਟੂ ਸੁਸਾਇਟੀ ਵਿਸ਼ੇ 'ਤੇ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ ਜਦ ਕਿ ਸੰਜੀਵ ਕੁਮਾਰ ਮੰਨਣ, ਪ੍ਰਿੰਸੀਪਲ, ਅੰਬੇਡਕਰ ਸੰਸਥਾ, ਮੋਹਾਲੀ ਬਤੌਰ ਵਿਸ਼ੇਸ਼ ਮਹਿਮਾਨ ਪਹੁੰਚਣਗੇ। ਉਹਨਾਂ ਕਿਹਾ ਕਿ 11ਵੀਂ ਸਲਾਨਾ ਮਿਲਣੀ ਮੌਕੇ ਅੰਬੇਡਕਰ ਸੰਸਥਾ ਤੋਂ ਪੜ੍ਹੇ ਪੁਰਾਣੇ ਵਿਦਿਆਰਥੀ ਜਿਹੜੇ ਕਿ ਹੁਣ ਸੇਵਾ ਮੁਕਤ ਹੋ ਗਏ ਹਨ, ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

## ਗਲਤ ਤਰੀਕੇ ਨਾਲ ਧਾਰਾ 145 ਲਗਾਈ : ਬਾਬਾ ਬਲਬੀਰ ਸਿੰਘ

**ਸੁਲਤਾਨਪੁਰ ਲੋਧੀ ( ਬਲਵਿੰਦਰ ਸਿੰਘ ਧਾਲੀਵਾਲ )**— ਇਥੇ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਨਿਹੰਗ ਸਿੰਘਾਂ ਦੀ ਛਾਉਣੀ ਗੁ: ਸ੍ਰੀ ਅਕਾਲ ਬੁੰਗਾ ਸਾਹਿਬ ਘਟਨਾਕ੍ਰਮ 'ਤੇ ਵੱਡਾ ਬਿਆਨ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਸ਼੍ਰੀ ਅਕਾਲ ਬੁੰਗਾ ਸਾਹਿਬ ਤੇ ਗਲਤ ਤਰੀਕੇ ਨਾਲ ਧਾਰਾ 145 ਲਗਾਈ ਗਈ। ਉਹਨਾਂ ਦੋਸ਼ ਲਗਾਉਂਦਿਆਂ ਹੋਇਆਂ ਕਿਹਾ ਕਿ ਐਸ ਜੀ ਪੀ ਸੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਸਿਆਸੀ ਕਿੜ ਕੱਢਣ ਲਈ ਰੌਲਾ ਰੱਪਾ ਪਾ ਕੇ ਇਹ ਧਾਰਾ ਲਗਵਾ ਦਿੱਤੀ, ਜਿਸ ਕਾਰਨ ਦਲ ਪੰਥ ਬੁੱਢਾ ਦਲ ਦਾ ਕੀਤਾ ਵੱਡਾ ਨੁਕਸਾਨ ਹੋਇਆ।ਸਰਕਾਰ ਅਤੇ ਪੁਲਸ-ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਦਲ ਪੰਥ ਦੇ ਮਹਾਨ ਪਾਵਨ ਅਸਥਾਨ ਦੀ ਹੋ ਰਹੀ ਬੇਅਦਬੀ ਹੈ। ਉਹਨਾਂ ਸਪੱਸ਼ਟ ਕੀਤਾ ਜਿਸ ਧਿਰ ਦੇ ਵੀ ਕਾਗਜ਼ਾਤ ਠੀਕ ਹਨ ਉਸ ਨੂੰ ਬਿਨਾਂ ਦੇਰੀ ਅਸਥਾਨ ਸਪੁਰਦ ਕੀਤਾ ਜਾਵੇ ਤੇ ਗੁਰੂ ਘਰ ਦੀ ਸੇਵਾ ਸੌਂਪੀ ਜਾਵੇ। ਉਨ੍ਹਾਂ ਨੇ ਮਾਨ ਸਿੰਘ 'ਤੇ ਕੀਤਾ ਤਿੱਖਾ ਸ਼ਬਦੀ ਹਮਲਾ ਕੀਤਾ ਤੇ ਕਿਹਾ ਕਿ ਪੁਲਸ ਮਾਨ ਸਿੰਘ ਨੂੰ ਗ੍ਰਿਫਤਾਰ ਕਿਉਂ ਨਹੀਂ ਕਰ ਰਹੀ। ਜੇਕਰ ਆਪਣੀ ਹੱਕੀ ਮੰਗਾਂ ਲੈ ਕੇ ਬੈਠੇ ਕਿਸਾਨਾਂ ਨੂੰ ਖਦੇੜਿਆ ਜਾ ਸਕਦਾ ਹੈ ਤਾਂ ਉਸ ਵੱਡੇ ਆਰੋਪੀ ਨੂੰ ਸਲਾਖਾਂ ਪਿੱਛੇ ਕਿਉਂ ਨਹੀਂ ਭੇਜਿਆ ਜਾ ਰਿਹਾ। ਦੱਸਿਆ ਜਾਂਦਾ ਹੈ ਕਿ ਨਵੰਬਰ 2023 ਦੌਰਾਨ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਅਕਾਲ ਬੁੰਗਾ ( ਨਿਹੰਗ ਸਿੰਘਾਂ ਦੀ ਛਾਉਣੀ) ਵਿਖੇ ਗੋਲੀ ਚੱਲਣ ਕਾਰਨ ਇੱਕ ਪੁਲਸ ਮੁਲਾਜ਼ਮ ਦੀ ਮੌਤ ਹੋ ਗਈ ਜਦ ਕਿ 5 ਪੁਲਸ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ। ਬੁੱਢਾ ਦਲ ਦੇ ਦੋ ਧੜ੍ਹੇ ਬਣੇ ਹੋਏ ਹਨ। ਇਨ੍ਹਾਂ ਵਿੱਚ ਗੁਰਦੁਆਰਾ ਅਕਾਲ ਬੁੰਗਾ 'ਤੇ ਕਬਜ਼ਾ ਲੈਣ ਨੂੰ ਕੇ ਪਿਛਲੇ ਕਈ ਸਾਲਾਂ ਤੋਂ ਖਿੱਚੋਤਾਣ ਚੱਲਦੀ ਆ ਰਹੀ ਸੀ।

# .ਫ੍ਰੀ ਮੈਡੀਕਲ ਚੈੱਕਅੱਪ ਤੇ ਦਵਾਈਆਂ ਦਾ ਲੰਗਰ ਲਗਾਇਆ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਮਾਇਓ ਪੱਟੀ ਦੇ ਜੰਮਪਲ ਉਘੇ ਕਾਰੋਬਾਰੀ ਅਤੇ ਸਮਾਜ ਸੇਵੀ ਦਲਵਿੰਦਰ ਸਿੰਘ ਪਰਮਾਰ ਯੂ ਕੇ ਵਾਲਿਆਂ ਵੱਲੋਂ ਆਪਣੇ ਨਾਨਕਾ ਨਗਰ ਪਿੰਡ ਡਰੋਲੀ ਖੁਰਦ ਵਿਖੇ ਸ਼ਹੀਦ ਬਾਬਾ ਖੇਮ ਸਿੰਘ ਜੀ ਚੈਰੀਟੇਬਲ ਡਿਸਪੈਂਸਰੀ ਦੇ ਸਹਿਯੋਗ ਨਾਲ ਫ੍ਰੀ ਮੈਡੀਕਲ ਚੈੱਕਅਪ ਅਤੇ ਦਵਾਈਆਂ ਦਾ ਲੰਗਰ ਲਗਾਇਆ ਗਿਆ ਜਿਸ ਦਾ ਲਾਭ ਤਕਰੀਬਨ 213 ਪ੍ਰਾਣੀਆਂ ਨੇ ਲਿਆ। ਸੇਵਾਦਾਰ ਭਾਈ ਸੁਖਜੀਤ ਸਿੰਘ ਨੇ ਦਸਿਆ ਕਿ ਦਲਵਿੰਦਰ ਸਿੰਘ ਪਰਮਾਰ ਵੱਲੋਂ ਸਵਰਗਵਾਸੀ ਪੁੱਤਰੀ ਮੀਨਾ ਪਰਮਾਰ ਦੀ ਯਾਦ ਵਿੱਚ ਜਿੱਥੇ ਪਿੰਡ ਮਾਇਓ ਪੱਟੀ ਵਿੱਖੇ ਸ਼ਹੀਦ ਬਾਬਾ ਖੇਮ ਸਿੰਘ ਜੀ ਦੀ ਯਾਦ ਵਿੱਚ ਫ੍ਰੀ ਡਿਸਪੈਂਸਰੀ ਚਲਾਈ ਜਾ ਰਹੀ ਹੈ ਉੱਥੇ ਹੀ ਪਰਮਾਰ ਵੱਲੋਂ ਵਿਦੇਸ਼ ਵਿੱਚ ਰਹਿੰਦਿਆਂ ਹੋਇਆਂ ਵੀ ਵਿੱਦਿਅਕ, ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਵੀ ਲੋੜਵੰਦਾਂ ਦੀ ਮਦਦ ਕੀਤੀ ਜਾਂਦੀ ਹੈ। ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ, ਜਰਨੈਲ ਸਿੰਘ ਖਾਲਸਾ ਨਡਾਲੋਂ, ਗੁਰਦੇਵ ਸਿੰਘ ਪਧਿਆਣਾ, ਸ਼ਿੰਗਾਰਾ ਸਿੰਘ ਉਚੇਚੇ ਤੌਰ 'ਤੇ ਪਹੁੰਚੇ।

# ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦੈ : ਸਰਹਾਲ



**ਬੰਗਾ (ਅਵਤਾਰ ਕਲੇਰ)** ਧਰਮ ਗ੍ਰੰਥ ਸਾਨੂੰ ਆਪਸ ਵਿੱਚ ਜੋੜਦੇ ਹਨ ਅਤੇ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਉਪ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਨੇ ਸਰਬੱਤ ਦੇ ਭਲੇ ਲਈ ਪਹਿਲੇ ਨਵਰਾਤੇ 'ਤੇ ਬੰਗਾ ਵਿਖੇ ਕਰਵਾਏ ਮਾਤਾ ਰਾਣੀ ਦੇ ਜਾਗਰਣ ਦੌਰਾਨ ਕੀਤਾ। ਇਸ ਜਗਰਾਤੇ ਵਿੱਚ ਬਾਬਾ ਦਵਿੰਦਰ ਕੌੜਾ ਦੀ ਅਗਵਾਈ 'ਚ ਸ਼ੀਤਲਾ ਮਾਤਾ ਮੰਦਿਰ ਦੇ ਭਗਤਾਂ ਵੱਲੋਂ ਲਗਾਤਾਰ ਮਾਤਾ ਰਾਣੀ ਦਾ ਗੁਣਗਾਨ ਕੀਤਾ ਗਿਆ। ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ, ਹਲਕਾ ਬਲਾਚੌਰ ਤੋਂ ਐਮ ਐਲ ਏ ਮੈਡਮ ਸੰਤੋਸ਼ ਕਟਾਰੀਆਂ, ਹਲਕਾ ਨਵਾਂਸ਼ਹਿਰ ਦੇ ਇੰਚਾਰਜ ਲਲਿਤ ਮੋਹਨ ਪਾਠਕ, ਸਤਨਾਮ ਸਿੰਘ ਜਲਵਾਹਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਹਰਜੋਤ ਕੌਰ ਲੋਹਟੀਆ ਵਿਸ਼ੇਸ਼ ਤੌਰ 'ਤੇ ਪਹੁੰਚੇ । ਇਸ ਮੌਕੇ ਹੈਪੀ ਭਨੋਟ ਮੁਕੰਦਪੁਰ, ਜਸਵੀਰ ਸਿੰਘ ਨੂਰਪੁਰ,ਬਲਵੀਰ ਕਰਨਾਣਾ, ਚਰਨਜੀਤ ਸਿੰਘ ਝੱਜ, ਸਰਬਜੀਤ ਸਿੰਘ ਨੂਰਪੁਰ, ਬਾਬਾ ਦਵਿੰਦਰ ਕੌੜਾ, ਸੁਰਿੰਦਰ ਸਿੰਘ ਕਰਮ ਲਧਾਣਾ, ਕੁਲਵੀਰ ਪਾਬਲਾ, ਸ਼ਮਿੰਦਰ ਸਿੰਘ ਗਰਚਾ, ਸਤਨਾਮ ਸਿੰਘ ਹੇੜੀਆਂ, ਬਲਵੀਰ ਸਿੰਘ ਪਾਬਲਾ, ਪ੍ਰੇਮ ਕੁਮਾਰ, ਪਰਮਜੀਤ ਰਾਮ, ਚਰਨਜੀਤ ਸਰਪੰਚ, ਸੁਖਵਿੰਦਰ ਸਿੰਘ ਬਿੱਲਾ, ਜਗਨਨਾਥ, ਜਸਪਾਲ ਸਿੰਘ, ਜਗਜੀਤ ਸਿੰਘ ਬਲਾਕੀਪੁਰ, ਹਰਜਿੰਦਰ ਸਿੰਘ, ਹਰਪ੍ਰੀਤ ਸਿੰਘ ਭੱਟੀ, ਕੁਲਜੀਤ ਸਿੰਘ ਸ਼ੇਰ ਗਿੱਲ, ਦਵਿੰਦਰ ਕੁਮਾਰ ਸਰਪੰਚ, ਪਵਨਜੀਤ ਸਿੰਘ ਸਿੱਧੂ, ਗੁਰਚੇਤਨ ਸਿੰਘ, ਲਛਮਣ ਸਿੰਘ, ਸੁਰਿੰਦਰ ਸਿੰਘ ਦੁਸਾਂਝ, ਸਤਨਾਮ ਸਿੰਘ ਅਰੋੜਾ, ਸਾਗਰ ਬੰਗਾ, ਨਰਿੰਦਰਜੀਤ ਸਿੰਘ ਰੱਤੂ ਐਮ ਸੀ, ਗੁਰਤੇਜ ਸਿੰਘ, ਅਵਤਾਰ ਸਿੰਘ, ਸਤਨਾਮ ਸਿੰਘ ਝਿੱਕਾ ਅਤੇ ਹੋਰ ਮੈਂਬਰ ਆਦਿ ਹਾਜ਼ਰ ਸਨ।

# ਕੈਂਪ ਦੌਰਾਨ 28 ਯੂਨਿਟ ਖ਼ੂਨ ਇਕੱਤਰ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ )** ਪਿੰਡ ਅੱਟੋਵਾਲ ਦੇ ਨੌਜਵਾਨਾਂ ਵੱਲੋਂ ਧਰਮੇਸ਼ ਸਿੰਘ ਤੇ ਗੁਰਵੀਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੇ ਇੱਕ ਵਿਸ਼ੇਸ਼ ਉਪਰਾਲੇ ਤਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਖੂਨ ਦਾਨ ਕੈਂਪ ਡਾਕਟਰ ਅੰਬੇਡਕਰ ਹਾਲ ਅੱਟੋਵਲ ਵਿਖੇ ਲਗਾਇਆ ਗਿਆ।ਕੈਂਪ ਦੀ ਆਰੰਭਤਾ ਭਾਈ ਗੁਰਦਿੱਤ ਸਿੰਘ ਮੁੱਖ ਗ੍ਰੰਥੀ ਵੱਲੋਂ ਅਰਦਾਸ ਬੇਨਤੀ ਕਰਨ ਉਪਰੰਤ ਕੀਤੀ ਗਈ। ਜਸਪਾਲ ਸਿੰਘ ਸਰਪੰਚ ਤਾਜੋਵਾਲ, ਵਿਪਨ ਠਾਕੁਰ ਸਰਪੰਚ ਫੁਗਲਾਣਾ, ਮਨਦੀਪ ਕੁਮਾਰ ਸਾਬਕਾ ਸਰਪੰਚ ਢੱਕੋਵਾਲ, ਸੋਡੀ ਰਾਮ ਸਾਬਕਾ ਸਰਪੰਚ ਬਡਿਆਲ, ਐਡਵੋਕੇਟ ਪਲਵਿੰਦਰ ਕੁਮਾਰ ਲਾਡੀ ਮਾਨਾ ਅਤੇ ਥਾਣਾ ਮੇਹਟੀਆਣਾ ਤੋਂ ਏ.ਐਸ.ਆਈ ਓਕਾਰ ਸਿੰਘ ਅਤੇ ਏ.ਐਸ.ਆਈ ਕਰਨੈਲ ਸਿੰਘ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਖੂਨ ਦਾਨ ਕਰਨ ਵਾਲੇ ਨੌਜਵਾਨਾਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਅਜਿਹੇ ਲੋਕ ਭਲਾਈ ਦੇ ਕਾਰਜ ਕਰਦੇ ਰਹਿਣ ਲਈ ਵੀ ਪ੍ਰੇਰਿਤ ਕੀਤਾ। ਭਾਈ ਘਨ੍ਹਈਆ ਜੀ ਚੈਰੀਟੇਬਲ



ਬਲੱਡ ਬੈਂਕ ਹੁਸ਼ਿਆਰਪੁਰ ਵੱਲੋਂ ਆਈ ਟੀਮ ਨੇ ਖੂਨ ਦੇ 28 ਯੂਨਿਟ ਇਕੱਠੇ ਕੀਤੇ। ਖੂਨ ਦੇਣ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਰਨ ਸਿੰਘ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ, ਰਾਮ ਲੁਭਾਇਆ, ਨਰਿੰਦਰ ਬਸੀ, ਸੁਖਵਿੰਦਰਜੀਤ ਸਿੰਘ ਜਿੰਦਾ, ਦੁਆਰਕਾ ਦਾਸ, ਸੁਰਜੀਤ ਰਾਮ, ਸੰਜੀਵ ਕੁਮਾਰ, ਹਰਜਿੰਦਰ ਪਾਲ ਹੈਪੀ, ਸੁਖਵਿੰਦਰ ਸਿੰਘ ਸੁੱਖਾ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਸਾਹਨੀ ਦੀ ਵਿਦਿਆਰਥਣ ਨੇ ਹਾਸਲ ਕੀਤੇ 90% ਅੰਕ

**ਫਗਵਾੜਾ (ਡਾ. ਰਮਨ)** ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਸਾਹਨੀ ਦੀ ਪੰਜਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਅਮਰੀਕ ਰਾਣੀ ਪੁੱਤਰੀ ਬਿੰਦਰ ਪਾਲ ਵਾਸੀ ਸਾਹਨੀ ਨੇ



ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਸਲਾਨਾ ਨਤੀਜਿਆਂ ਵਿਚ ਬਿਹਤਰੀਨ ਪ੍ਰਦਰਸ਼ਨ ਕਰਦੇ ਹੋਏ 90% ਅੰਕ ਪ੍ਰਾਪਤ ਕੀਤੇ ਹਨ। ਵਿਦਿਆਰਥਣ ਨੂੰ ਇਸ ਪ੍ਰਾਪਤੀ ਲਈ ਸਕੂਲ ਇੰਚਾਰਜ ਕੁਲਵਿੰਦਰ ਕੌਰ ਅਤੇ ਸਰਪੰਚ ਬਸ਼ਿੰਦਰ ਬਾਂਸਲ ਦੇ ਪਤੀ ਸੁਖਦੇਵ ਸਿੰਘ ਬਾਂਸਲ ਵਲੋਂ ਸਨਮਾਨਤ ਕਰਦਿਆਂ ਭਵਿੱਖ ਵਿਚ ਇਸੇ ਤਰ੍ਹਾਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਗਿਆ। ਸੁਖਦੇਵ ਸਿੰਘ ਬਾਂਸਲ ਨੇ ਪਿੰਡ ਵਾਸੀਆਂ ਨੂੰ ਪੁਰਜੋਰ ਅਪੀਲ ਕੀਤੀ ਕਿ ਇਸ ਬੱਚੀ ਦੀ ਪ੍ਰਾਪਤੀ ਨੂੰ ਦੇਖਦੇ ਹੋਏ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਤਾਂ ਜੋ ਉਹਨਾਂ ਉੱਪਰ ਪੈਣ ਵਾਲਾ ਬੱਚਿਆਂ ਦੀ ਪੜ੍ਹਾਈ ਦਾ ਵਾਧੂ ਆਰਥਕ ਬੋਝ ਖਤਮ ਹੋ ਸਕੇ। ਕਿਉਂਕਿ ਸਰਕਾਰੀ ਸਕੂਲਾਂ ਵਿਚ ਜਿੱਥੇ ਸਸਤੀ ਸਿੱਖਿਆ ਮਿਲਦੀ ਹੈ, ਉੱਥੇ ਹੀ ਸਰਕਾਰ ਵਲੋਂ ਬਹੁਤ ਸਾਰੀਆਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਸਮੂਹ ਸਕੂਲ ਸਟਾਫ ਅਤੇ ਪਿੰਡ ਦੇ ਪਤਵੰਤੇ ਹਾਜਰ ਸਨ।

## ਵਿਦਿਆਰਥੀਆਂ ਨੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਰਿਆਤ ਬਾਹਰਾ ਫਾਰਮੇਸੀ ਅਤੇ ਮੈਨੇਜਮੈਂਟ ਕਾਲਜ ਦੇ ਵਿਦਿਆਰਥੀਆਂ ਵੱਲੋਂ ਸਾਂਝੇ ਯਤਨਾਂ ਨਾਲ ਵਿਸ਼ਵ ਰੁੱਖ ਲਗਾਉਣ ਦਿਵਸ ਦੇ ਮੌਕੇ 'ਤੇ ਇੱਕ ਵਿਸ਼ੇਸ਼ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿੰਮ ਤਹਿਤ, ਪ੍ਰਬੰਧਨ ਵਿਭਾਗ ਨੇ ਪਿੰਡ ਬੋਹਨ ਅਤੇ ਰਿਆਤ ਬਾਹਰਾ ਇੰਸਟੀਚਿਊਟ ਆਫ਼ ਫਾਰਮੇਸੀ, ਹੁਸ਼ਿਆਰਪੁਰ ਕੈਂਪਸ ਵਿੱਚ ਰੁੱਖ ਲਗਾਏ।ਇਹ ਮੁਹਿੰਮ ਡਾਇਰੈਕਟਰ ਪ੍ਰਿੰਸੀਪਲ ਡਾ. ਹਰਿੰਦਰ ਗਿੱਲ ਅਤੇ ਪ੍ਰਿੰਸੀਪਲ ਡਾ. ਮਨਿੰਦਰ ਗਰੋਵਰ ਦੀ ਅਗਵਾਈ ਹੇਠ ਸਫਲਤਾਪੂਰਵਕ ਸਮਾਪਤ ਹੋਈ। ਹਰਬਲ ਗਾਰਡਨ ਟੀਮ ਦੇ ਕੋਆਰਡੀਨੇਟਰ ਸ਼ਿਵ ਕੁਮਾਰ ਅਤੇ ਹਰਨੇਕ ਸਿੰਘ ਦੀ ਮਦਦ ਨਾਲ, ਔਸ਼ਧੀ ਪੌਦੇ ਲਗਾਏ ਗਏ ਜੋ ਵਾਤਾਵਰਣ ਸੰਭਾਲ, ਔਸ਼ਧੀ ਵਰਤੋਂ ਅਤੇ ਫਾਰਮਾਕੋਗਨੋਸਟਿਕਲ ਅਧਿਐਨ ਲਈ ਲਾਭਦਾਇਕ ਹੋਣਗੇ। ਇਸ ਸਬੰਧੀ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਕਿਹਾ ਕਿ ਰਿਆਤ ਬਾਹਰਾ ਗਰੁੱਪ ਵਿਦਿਆਰਥੀਆਂ ਦੀ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਅਜਿਹੇ ਪ੍ਰੋਗਰਾਮ ਆਯੋਜਿਤ ਕਰਦਾ ਹੈ। ਇਸ ਮੌਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨ ਦਾ ਪ੍ਰਣ ਲਿਆ।

# ਕੰਪਿਊਟਰ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਵੰਡੇ ਸਰਟੀਫਿਕੇਟ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਅੰਤਰਜੋਤ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਸਿੰਗਲਾ ਮਾਰਕੀਟ ਫਗਵਾੜਾ ਵੱਲੋਂ ਗਰੁੱਪ ਦੇ ਮੈਨੇਜਿੰਗ



ਡਾਇਰੈਕਟਰ ਗੁਰਜੀਤ ਪਾਲ ਵਾਲੀਆ ਦੀ ਅਗਵਾਈ ਹੇਠ ਕੰਪਿਊਟਰ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਲਈ ਸਰਟੀਫਿਕੇਟ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਸਥਾਨਕ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਸਿਟੀ ਕੇਬਲ ਦੇ ਡਾਇਰੈਕਟਰ ਐਸ.ਐਸ. ਬਸਰਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਿਧਾਇਕ ਧਾਲੀਵਾਲ ਨੇ ਕੋਰਸ ਪੂਰਾ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਧਾਲੀਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਦਾ ਯੁੱਗ ਤਕਨਾਲੋਜੀ ਅਤੇ ਵਿਗਿਆਨ ਦਾ ਯੁੱਗ ਹੈ। ਜ਼ਿੰਦਗੀ ਵਿੱਚ ਸਫਲਤਾ ਲਈ ਕੰਪਿਊਟਰ ਦਾ ਗਿਆਨ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਆਪਣੇ ਟੀਚਿਆਂ ਨੂੰ ਮਿੱਥ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਬਲਾਕ ਸੰਮਤੀ ਫਗਵਾੜਾ ਦੇ ਸਾਬਕਾ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਬਲਾਕ ਪ੍ਰਧਾਨ ਤਰਨਜੀਤ ਸਿੰਘ ਬੰਟੀ ਵਾਲੀਆ, ਕੌਂਸਲਰ ਸੰਜੀਵ ਬੁੱਗਾ, ਗੁਰਦੀਪ ਗਰੇਵਾਲ, ਹੈਪੀ ਹੈਲਨ, ਕਰਮਜੀਤ ਬਿੱਟੂ, ਸੰਦੀਪ ਕੁਮਾਰ, ਨਵਨੀਤ ਪਾਲ ਵਾਲੀਆ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸ਼ਮਸ਼ਾਨਘਾਟ ਵਾਸਤੇ ਗ੍ਰਾਂਟ ਦੇਣ ਦੀ ਕੀਤੀ ਮੰਗ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਗ੍ਰਾਮ ਪੰਚਾਇਤ ਪਿੰਡ ਆਧੀ ਵਿਖੇ ਗ੍ਰਾਮ ਸਭਾ ਦਾ ਆਯੋਜਨ ਸਰਪੰਚ ਮਨਜੀਤ ਰਾਣੀ ਪਤੀ ਬਲਦੇਵ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਪੰਚਾਇਤ ਸਕੱਤਰ ਮੇਜਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਦਿੱਤੀਆਂ ਜਾ ਰਹੀਆਂ ਗ੍ਰਾਂਟਾਂ ਬਾਰੇ ਵਿਸਥਾਰ ਨਾਲ ਦੱਸਿਆ, ਜਿਵੇਂ ਕਿ ਛੱਪੜ ਦੀ ਸਫਾਈ ਕਰਨਾ, ਹਰ ਬੇਘਰ ਲਾਈ ਪੱਕਾ ਘਰ, ਨੌਜਵਾਨਾਂ ਲਈ ਖੇਡ ਮੈਦਾਨ,ਗਰਾਊਂਡ ਵਿੱਚ ਟ੍ਰੈਕ ਬਣਾਉਣ, ਲਾਇਬ੍ਰੇਰੀ ਬਣਾਉਣ,ਜਿਮ ਵਾਸਤੇ , ਆਂਗਣਵਾੜੀ ਇਮਾਰਤ ਦੀ ਰੀਪੇਅਰ ਵਾਸਤੇ, ਬੱਚਿਆਂ ਦੇ ਖੇਡਣ ਲਈ ਪਾਰਕ, ਸੀਵਰੇਜ ਟਰੀਟਮੈਂਟ ਬਣਾਉਣ, ਸਰਕਾਰੀ ਜ਼ਮੀਨ ਵਿੱਚ ਬੂਟੇ (ਜੰਗਲ਼) ਲਗਾਉਣ ਵਾਸਤੇ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ। ਇਸ ਮੌਕੇ 'ਤੇ ਐਸ ਸੀ ਭਾਈਚਾਰੇ ਵੱਲੋਂ ਸ਼ਮਸ਼ਾਨਘਾਟ ਬਾਰੇ ਚਰਚਾ ਕੀਤੀ ਗਈ। ਕਿਉਂਕਿ ਪਿਛਲੀਆਂ ਪੰਚਾਇਤਾਂ ਦੀ ਨਲਾਇਕੀ ਕਾਰਨ ਐਸ ਸੀ ਭਾਈਚਾਰੇ ਦੇ ਸ਼ਮਸ਼ਾਨਘਾਟ 'ਤੇ ਗੁੱਜਰਾਂ ਨੇ ਸਮੇਤ ਸ਼ੈੱਡ ਚਾਰਦੀਵਾਰੀ ਕਰਕੇ ਗੇਟ ਲਾ ਕੇ ਕਬਜ਼ਾ ਕਰ ਲਿਆ । ਜਦੋਂ ਕੋਈ ਮੌਤ ਹੋ ਜਾਵੇ ਤਾਂ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼ਮਸ਼ਾਨਘਾਟ ਨੂੰ ਜਾਣ ਵਾਲੇ ਰਸਤੇ ਨੂੰ ਪੱਕਾ ਕੀਤਾ ਜਾਵੇ ਤੇ ਸ਼ਮਸ਼ਾਨਘਾਟ ਵਾਸਤੇ ਗ੍ਰਾਂਟ ਦਿੱਤੀ ਜਾਵੇ ਤਾਂ ਜ਼ੋ ਚਾਰਦੀਵਾਰੀ ਕਰਕੇ ਵਿਚ ਸੈੱਡ ਬਣਾਈਂ ਜਾਵੇ। ਤਕਰੀਬਨ ਦੋ ਸਾਲ ਬੀਤ ਚੁੱਕੇ ਹਨ ਮੁਰਦਾ ਫੂਕਣ ਲਈ ਸ਼ੈੱਡ ਨਹੀਂ ਹੈ ਇਸ ਮੌਕੇ 'ਤੇ ਹਰਨੇਕ ਸਿੰਘ, ਰਣਬੀਰ ਸਿੰਘ ਨੂਰਾ, ਗੁਰਮੇਜ ਸਿੰਘ ਰੰਧਾਵਾ ਕਨੇਡਾ,ਗੁਰਦੇਵ ਸਿੰਘ, ਰਜਿੰਦਰ ਸਿੰਘ ਪੰਚ, ਰਸ਼ਪਾਲ ਸਿੰਘ ਪੰਚ, ਸਰਬਜੀਤ ਕੌਰ ਪੰਚ ਅਮਰਜੀਤ ਕੌਰ ਪੰਚ, ਬਲਵੀਰ ਸਿੰਘ, ਨਰਿੰਦਰ ਸਿੰਘ, ਸੁਨੀਲ ਕੁਮਾਰ, ਅਮਰਜੀਤ ਸਿੰਘ, ਰਾਜ ਕੁਮਾਰ, ਬਲਜੀਤ ਕੌਰ, ਜਸਵੀਰ ਸਿੰਘ, ਜਸਵਿੰਦਰ ਕੌਰ, ਗੁਰਵਿੰਦਰ ਕੌਰ ਪੰਚ, ਆਂਗਣਵਾੜੀ ਟੀਚਰ ਚੰਦਰ ਕਾਨਤਾ, ਮੇਜ਼ਰ ਸਿੰਘ, , ਸੰਤੋਖ ਸਿੰਘ,ਲਖਵੀਰ ਸਿੰਘ ਲੱਖੀ,ਮੋਹਣ ਸਿੰਘ ਫੋਜੀ,ਡਾਕਟਰ ਨਰਿੰਦਰ ਕੁਮਾਰ, ਸੁਨੀਲ ਨਾਹਰ ,ਅਮਰਜੀਤ ਕੌਰ, ਜਸਵਿੰਦਰ ਕੌਰ, ਜੋਗਿੰਦਰ ਕੌਰ,ਪਰਮਜੀਤ ਕੌਰ, ਜਸਵੀਰ ਸਿੰਘ, ਸੁਖਦੇਵ ਸਿੰਘ, ਭਗਤ ਸਿੰਘ, ਹੈਪੀ, ਪੱਪੂ ,ਸਰਬਜੀਤ ਸਿੰਘ ਆਦਿ ਹੋਰ ਲੋਕ ਹਾਜ਼ਰ ਸਨ।



## ਡਾ. ਅੰਬੇਡਕਰ ਬਾਰੇ ਗੁਰਪਤਵੰਤ ਪਨੂੰ ਵੱਲੋ ਬੋਲੇ ਸ਼ਬਦ ਨਿੰਦਣਯੋਗ

**ਮਹਿਤਪੁਰ (ਰਾਜਾ)** ਡਾਕਟਰ ਭੀਮ ਰਾਓ ਅੰਬੇਡਕਰ ਦੇ ਪੈਰੋਕਾਰਾਂ ਵੱਲੋ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ ਅਤੇ ਜੋ ਤਹਿਸੀਲ ਫਿਲੌਰ ਦੇ ਪਿੰਡ ਨੰਗਲ ਵਿਖੇ ਘਟਨਾ ਵਾਪਰੀ ਹੈ



ਉਸ ਦੀ ਨਿਖੇਧੀ ਕੀਤੀ ਗਈ ।ਸਾਬੀ ਧਾਰੀਵਾਲ, ਸਰਪੰਚ ਹਨੀ ਰਾਮੂਵਾਲੀਆ, ਨੰਬਰਦਾਰ ਕਸ਼ਮੀਰੀ ਲਾਲ, ਅਸ਼ੋਕ ਚੌਹਾਨ, ਪ੍ਰੋਸ਼ਤਮ ਲਾਲ ਅਤੇ ਦੀਪਾ ਪ੍ਰਧਾਨ ਨੇ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਦੇ ਸਟੈਚੂ ਨਾਲ ਲੱਗੇ ਸ਼ੀਸ਼ੇ ਉਪਰ ਗੁਰਪਤਵੰਤ ਸਿੰਘ ਪਨੂੰ ਵੱਲੋਂ ਅੰਬੇਡਕਰ ਬਾਰੇ ਗਲਤ ਸ਼ਬਦਾਵਲੀ ਲਿਖਵਾਈ ਗਈ ਜੋ ਬਹੁਤ ਹੀ ਨਿੰਦਣਯੋਗ ਹੈ ਅਤੇ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਿਖਵਾਏ ਗਏ । ਉਨਾਂ ਕਿਹਾ ਗੁਰਪਤਵੰਤ ਪਨੂੰ ਆਪ ਤਾਂ ਭਾਰਤ ਵਿੱਚੋਂ ਭਗੌੜਾ ਹੋਇਆ ਹੈ ਅਤੇ ਪੰਜਾਬ ਵਿੱਚ ਭਾਈਚਾਰਕ ਸਾਂਝ ਖਰਾਬ ਕਰ ਰਿਹਾ ਹੈ । ਅਗਰ ਗੁਰਪਤਵੰਤ ਪਨੂੰ ਨੇ 14 ਅਪ੍ਰੈਲ ਨੂੰ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਉਪਰ ਪੰਜਾਬ ਵਿੱਚ ਹੁਲੜਬਾਜੀ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਇਸ ਦਾ ਵਿਰੋਧ ਕਰਾਂਗੇ ਅਤੇ ਹੁਲੜਬਾਜਾਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਵਾਂਗੇ । ਇਸ ਮੌਕੇ ਜੌਨੀ ਮਹੇ, ਕਮਲ ਚੌਹਾਨ, ਬਨਾਰਸੀ ਦਾਸ, ਰਵੀ ਹਰੀਪੁਰ, ਸੋਨੂੰ ਚੌਹਾਨ, ਕਮਲ ਚੌਹਾਨ ਆਦਿ ਹਾਜਰ ਸਨ ।

# ਹਰਿਆਣਾ ਸਰਕਾਰ ਹਰ ਜ਼ਿਲ੍ਹੇ 'ਚ ਇੱਕ ਮੈਡੀਕਲ ਕਾਲਜ ਕਰ ਰਹੀ ਸਥਾਪਤ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਆਉਣ ਦੇ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸਮਾਜਵਾਦ, ਕੌਮੀ ਏਕਤਾ, ਅਹਿੰਸਾ ਅਤੇ ਮਨੁੱਖ ਸੇਵਾ ਦੀ ਪ੍ਰਤੀਮੂਰਤੀ ਮਹਾਰਾਜ ਅਗਰਸੇਨ ਦੀ ਪ੍ਰਤਿਮਾ ਦਾ ਉਦਘਾਟਨ ਹੋਇਆ ਹੈ। ਨਾਲ ਹੀ ਮੈਡੀਕਲ ਕਾਲਜ ਵਿੱਚ ਨਵੇਂ ਨਿਰਮਾਣਤ ਆਈਸੀਯੂ ਦਾ ਉਦਘਾਟਨ ਅਤੇ ਪੀਜੀ ਹੋਸਟਲ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਮੈਡੀਕਲ ਹੱਬ ਬਨਾਉਣ ਦਾ ਵਿਜਨ ਰੱਖਿਆ ਹੈ। ਇਸ ਨੂੰ ਸਾਕਾਰ ਕਰਨ ਲਈ ਕਾਫੀ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦਾ ਉਪਲਬਧ ਹੋਣਾ ਜਰੂਰੀ ਹੈ। ਇਸ ਲਈ ਹਰਿਆਣਾ ਸਰਕਾਰ ਹਰ ਜ਼ਿਲ੍ਹੇ ਵਿੱਚ ਇੱਕ ਮੈਡੀਕਲ ਕਾਲਜ ਸਥਾਪਿਤ ਕਰ ਰਹੀ ਹੈ। ਇਸ ਸਮੇਂ ਸੂਬੇ ਵਿੱਚ ਮੈਡੀਕਲ ਕਾਲਜਾਂ ਦੀ ਗਿਣਤੀ 15 ਹੋ ਗਈ ਹੈ। ਇੰਨ੍ਹਾਂ ਵਿੱਚੋ 9 ਮੈਡੀਕਲ ਕਾਲਜ ਸਾਡੇ ਕਾਰਜਕਾਲ 'ਚ ਖੁੱਲ੍ਹੇ ਹਨ ਅਤੇ 9 ਨਿਰਮਾਣਧੀਨ ਹਨ। ਇੰਨ੍ਹਾਂ ਤੋਂ ਇਲਾਵਾ, ਬਾਡਸਾ, ਜ਼ਿਲ੍ਹਾ ਝੱਜਰ ਵਿੱਚ ਕੌਮੀ ਕੈਂਸਰ ਸੰਸਥਾਨ ਖੋਲਿਆ ਗਿਆ ਹੈ। ਮਾਜਰਾ, ਜ਼ਿਲ੍ਹਾ ਰਿਵਾੜੀ ਵਿੱਚ ਏਮਸ ਵੀ ਸਥਾਪਿਤ ਕੀਤਾ ਜਾ ਰਿਹਾ ਹੈ।ਮਹਾਰਾਜਾ ਅਗਰਸੇਨ ਮੈਡੀਕਲ ਕਾਲਜ ਪਿਛਲੇ 36 ਸਾਲਾਂ ਤੋਂ ਰੋਗੀਆਂ ਦੀ ਸੇਵਾ ਕਰ ਰਿਹਾ ਹੈ। ਇਸ ਸਮੇਂ ਇੱਥੇ ਐਮਬੀਬੀਐਸ ਦੀ 100 ਸੀਟਾਂ ਅਤੇ ਪੀਜੀ ਦੀ 85 ਸੀਟਾਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਮਹਾਰਾਜਾ ਅਗਰਸੇਨ ਜੀ ਦੀ ਸਿਖਿਆਵਾਂ ਅਤੇ ਸਿਦਾਂਤਾਂ ਦੀ ਯਾਦ ਬਣਾਏ ਰੱਖਣ ਲਈ ਹਿਸਾਰ ਹਵਾਈ ਅੱਡੇ ਦਾ ਨਾਂਅ ਮਹਾਰਾਜਾ ਅਗਰਸੇਨ ਦੇ ਨਾਂਅ 'ਤੇ ਰੱਖਿਆ ਹੈ। ਇਸ ਮੌਕੇ 'ਤੇ ਜਨਸਹਿਤ ਅਤੇ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ, ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ, ਵਿਧਾਇਕ ਸ੍ਰੀਮਤੀ ਸਾਵਿਤਰੀ ਜਿੰਦਲ, ਵਿਧਾਇਕ ਰਣਧੀਰ ਪਨਿਹਾਰ, ਵਿਨੋਦ ਭਿਆਨਾ, ਮਹਾਰਾਜਾ ਅਗਰਸੇਨ ਮੈਡੀਕਲ ਕਾਲਜ ਦੇ ਡਾਇਰੈਕਟਰ ਡਾ. ਆਸ਼ੂਤੋਸ਼ ਸ਼ਰਮਾ ਮੌਜੂਦ ਰਹੇ।

# ਅਜੇ ਮੰਗੂਪੁਰ ਦੀ ਅਗਵਾਈ ਹੇਠ ਕਾਂਗਰਸੀਆਂ ਨੇ ਫੂਕਿਆ ਭਗਵੰਤ ਮਾਨ ਦਾ ਪੁਤਲਾ



**ਬਲਾਚੌਰ (ਜਸਵਿੰਦਰ ਬੈਂਸ)**— ਰਾਹੁਲ ਗਾਂਧੀ ਲਈ ਵਰਤੀ ਭੱਦੀ ਸ਼ਬਦਾਵਲੀ ਲਈ ਭਗਵੰਤ ਮਾਨ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਇਹ ਪ੍ਰਗਟਾਵਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਰੋਸ ਪ੍ਰਦਰਸ਼ਨ ਦੌਰਾਨ ਕੀਤਾ ਗਿਆ।ਬੀਤੇ ਦਿਨੀ ਭਗਵੰਤ ਮਾਨ ਵੱਲੋਂ ਕਿਹਾ ਗਿਆ ਕਿ ਰਾਹੁਲ ਗਾਂਧੀ ਲੀਡਰ ਬਣਨ ਦੇ ਕਾਬਲ ਨਹੀਂ ਹੈ, ਰੱਬ ਨੇ ਉਸ ਨੂੰ ਨੇਤਾ ਵਾਲੇ ਗੁਣ ਨਹੀਂ ਦਿੱਤੇ ਅਤੇ ਕਿਹਾ ਕਿ ਚੰਦਰਯਾਨ ਵੀ ਜਲਦੀ ਲਾਂਚ ਹੋ ਗਿਆ ਸੀ ਪਰ ਹਾਲੇ ਤੱਕ ਰਾਹੁਲ ਗਾਂਧੀ ਲਾਂਚ ਨਹੀਂ ਹੋਇਆ।ਇਹ ਸਭ ਬੀ.ਜੇ.ਪੀ. ਦੇ ਹੁਕਮਾਂ ਅਨੁਸਾਰ ਭਗਵੰਤ ਮਾਨ ਤੋਂ ਕਰਵਾਇਆ ਜਾ ਰਿਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਧੱਕੇ ਨਾਲ ਖਦੇੜਨਾ, ਜੇਲ੍ਹਾਂ ਵਿੱਚ ਸੁੱਟਣਾ ਇਸ ਗੱਲ ਦਾ ਪੁਖ਼ਤਾ ਸਬੂਤ ਹੈ ਕਿ ਆਮ ਆਦਮੀ ਪਾਰਟੀ, ਭਾਜਪਾ ਦਾ ਹੀ ਦੂਜਾ ਰੂਪ ਹੈ।ਅਜੇ ਮੰਗੂਪੁਰ ਵੱਲੋਂ ਸਾਥੀਆਂ ਸਮੇਤ ਇਸ ਦੇ ਖਿਲਾਫ ਬਲਾਚੌਰ ਦੇ ਕੰਗਣਾ ਪੁਲ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਤਰਸੇਮ ਚੌਧਰੀ ਸਾਬਕਾ ਚੇਅਰਮੈਨ, ਹਰਜੀਤ ਸਿੰਘ ਜਾਡਲੀ ਮੈਂਬਰ ਡੀ.ਸੀ.ਸੀ., ਮੋਹਨ ਲਾਲ ਸੰਧੂ ਬਲਾਕ ਪ੍ਰਧਾਨ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਰਾਜਿੰਦਰ ਸਿੰਘ ਸ਼ਿੰਦੀ ਦਫਤਰ ਸੱਕਤਰ ਡੀ.ਸੀ.ਸੀ., ਮੋਹਿੰਦਰ ਪਾਲ ਮੀਤ ਪ੍ਰਧਾਨ ਡੀ.ਸੀ.ਸੀ., ਮਹਿੰਦਰ ਪਾਲ ਮੀਤ ਪ੍ਰਧਾਨ ਡੀ.ਸੀ.ਸੀ., ਅਵਤਾਰ ਸਿੰਘ ਓ.ਬੀ.ਸੈੱਲ ਚੇਅਰਮੈਨ ਬਲਾਚੌਰ, ਬਲਵਿੰਦਰ ਸਿੰਘ ਡੁਗਰੀ ਮੈਂਬਰ ਡੀ.ਸੀ.ਸੀ., ਗੁਰਵਿੰਦਰ ਸਿੰਘ ਮੀਤ ਪ੍ਰਧਾਨ ਯੂਥ, ਜਿੰਦਰ ਸਿੰਘ ਪ੍ਰਧਾਨ ਐਸ.ਸੀ. ਵਿੰਗ, ਗੁਰਿੰਦਰ ਸਿੰਘ ਸੋਸ਼ਲ ਮੀਡੀਆ ਇੰਚਾਰਜ ਬਲਾਚੌਰ, ਗੁਰਪ੍ਰੀਤ ਸਿੰਘ ਫਤਿਹਪੁਰ ਯੂਥ ਆਗੂ, ਮੇਜਰ ਸਿੰਘ ਬਲਾਕ ਸੰਮਤੀ ਮੈਂਬਰ, ਨਰਿੰਦਰ ਜੱਸੀ ਬਿਛੋੜੀ, ਰਛਵਿੰਦਰ ਸਿੰਘ ਬੱਲ ਮੀਤ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਸੁਰਿੰਦਰ ਸ਼ਿੰਦਾ ਪ੍ਰਧਾਨ, ਨਰਿੰਦਰ ਘਈ ਟਿੰਕੂ ਪ੍ਰਧਾਨ, ਬਿੱਟਾ ਰਾਣਾ, ਨਰੇਸ਼ ਚੇਚੀ ਕੌਂਸਲਰ, ਲਾਲ ਬਹਾਦਰ ਗਾਂਧੀ ਸਾਬਕਾ ਕੌਂਸਲਰ, ਪਾਨੀ ਕੁਮਾਰ ਕੌਂਸਲਰ, ਸੋਮਨਾਥ ਤਕਲਾ ਮੀਤ ਪ੍ਰਧਾਨ ਸ਼ਹਿਰੀ, ਬੋਬੀ ਰਾਣਾ, ਕਰਨ ਕੁਮਾਰ, ਬਬਲੂ ਬੈਂਸ, ਨਿਤਿਨ ਕੁਮਾਰ, ਮੋਹਨ ਸਿੰਘ ਸਰਪੰਚ ਮੁੱਤੋਂ ਮੰਡ, ਦਿਨੇਸ਼ ਕੁਮਾਰ, ਪਵਨ ਕੁਮਾਰ ਪੱਪੂ, ਲਾਲ ਚੇਚੀ ਯੂਥ ਆਗੂ, ਸੋਨੂੰ ਕੁਮਾਰ ਸਿਆਣਾ, ਮੰਗਾ ਰਾਣਾ, ਪਰਮਿੰਦਰ ਪੰਮਾ ਮੈਂਬਰ ਬੀ.ਸੀ.ਸੀ., ਤਰਲੋਚਨ ਸਿੰਘ ਰੱਕੜ, ਜੋਗਾ ਸਿੰਘ ਮਹਿਤਪੁਰ ਆਦਿ ਹਾਜ਼ਰ ਸਨ।

# ਮੈਗਾ ਕੈਂਸਰ ਕੇਅਰ ਤੇ ਮੈਡੀਕਲ ਕੈਂਪ ਲਗਾਇਆ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)** ਵਿਸ਼ਵ ਕੈਂਸਰ ਕੇਅਰ ਅਤੇ ਵਰਧਮਾਨ ਯਾਰਨ ਵਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੱਸੀ ਕਲਾਂ ਪਿੰਡ ਸੈਦੋ ਪੱਟੀ ਵਿਖੇ ਇੱਕ ਵਿਸ਼ਾਲ ਕੈਂਸਰ ਕੇਅਰ ਅਤੇ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਮਾਹਿਰ ਡਾਕਟਰਾਂ ਵਲੋਂ ਮਰੀਜ਼ਾ ਦੀ ਮੁਫਤ ਸਿਹਤ ਜਾਂਚ ਕੀਤੀ ਗਈ ਅਤੇ ਦਵਾਈਆਂ ਦਿੱਤੀਆਂ ਗਈਆਂ।ਇਸ ਮੌਕੇ ਸੰਸਦ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਇਸ ਤੋਂ ਇਲਾਵਾ ਉਨਾਂ ਨਾਲ ਸਿਵਲ ਸਰਜਨ ਡਾ. ਪਵਨ ਕੁਮਾਰ, ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਹਾਰਟਾ ਬੱਡਲਾ ਡਾ. ਮਨਪ੍ਰੀਤ ਸਿੰਘ ਬੈਂਸ, ਵੱਖ-ਵੱਖ ਪਿੰਡਾਂ ਦੇ ਸਰਪੰਚ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।ਕੈਂਪ ਦੀ ਰਸਮੀ ਸ਼ੁਰੂਆਤ ਕਰਦਿਆਂ ਡਾ.ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਿਹਤ ਵਿਭਾਗ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ ਤੇ ਸਰਕਾਰ ਦੀ ਇਹ ਕੋਸ਼ਿਸ਼ ਰਹਿੰਦੀ ਹੈ ਵਧੀਆ ਸਿਹਤ ਸਹੂਲਤਾਂ ਆਮ ਲੋਕਾਂ ਦੇ ਦਰਾਂ ਤੱਕ ਮੁਹੱਈਆ ਕਰਵਾਈਆਂ ਜਾਣ।

# ਅਧਿਆਤਮਿਕ ਜੋਸ਼ ਨਾਲ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਸਨੌਰਾ, ਨੇ ਆਪਣੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਭਾਵਪੂਰਤ ਪਾਠ ਨਾਲ ਕੀਤੀ। ਸ਼ਰਧਾ ਵਿੱਚ ਡੁੱਬੇ ਵਿਦਿਆਰਥੀਆਂ ਨੇ ਸੁਰੀਲੇ ਢੰਗ ਨਾਲ ਸ਼ਬਦਾਂ ਦਾ ਜਾਪ ਕੀਤਾ, ਜਿਸ ਨਾਲ ਅਧਿਆਤਮਿਕ ਸ਼ਾਂਤੀ ਦਾ ਮਾਹੌਲ ਪੈਦਾ ਹੋਇਆ।ਅਧਿਆਪਕਾਂ ਅਤੇ ਸਟਾਫ਼ ਮੈਂਬਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਨਮੁੱਖ ਅਰਦਾਸ ਕਰਕੇ ਆਪਣਾ ਸਤਿਕਾਰ ਭੇਟ ਕੀਤਾ ਤੇ ਆਉਣ ਵਾਲੇ ਅਕਾਦਮਿਕ ਸਾਲ ਲਈ ਅਸ਼ੀਰਵਾਦ ਮੰਗਿਆ।ਚੇਅਰਮੈਨ ਸੁਖਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਪਣਾ ਦਿਲੋਂ ਆਸ਼ੀਰਵਾਦ ਦਿੱਤਾ।ਪ੍ਰਿੰਸੀਪਲ ਨਵਦੀਪ ਕੌਰ ਨੇ ਇਕੱਠ ਨੂੰ ਸੰਬੋਧਨ ਕੀਤਾ ਤੇ ਵਿਦਿਆਰਥੀਆਂ ਨੂੰ ਸਫਲਤਾ ਵੱਲ ਆਪਣੀ ਯਾਤਰਾ ਵਿੱਚ ਸਖ਼ਤ ਮਿਹਨਤ, ਲਚਕੀਲੇਪਨ ਅਤੇ ਦ੍ਰਿੜਤਾ ਨੂੰ ਮਾਰਗਦਰਸ਼ਕ ਸਿਧਾਂਤਾਂ ਵਜੋਂ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਦ੍ਰਿੜਤਾ ਅਤੇ ਸਵੈ-ਵਿਸ਼ਵਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਹ ਸਮਾਗਮ ਸ਼ਰਧਾ ਭਾਵਨਾ ਨਾਲ ਸਮਾਪਤ ਹੋਇਆ, ਨਵੇਂ ਸੈਸ਼ਨ ਲਈ ਇੱਕ ਸਕਾਰਾਤਮਕ ਅਤੇ ਅਧਿਆਤਮਿਕ ਤੌਰ 'ਤੇ ਭਰਪੂਰ ਸੁਰ ਸਥਾਪਤ ਕੀਤੀ।